# ਦਰਸ਼ਨ ਬੁੱਟਰ ਦੇ ਕਾਵਿ–ਜਗਤ ਦੇ ਪ੍ਰਮੁੱਖ ਸਰੋਕਾਰ

**ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਦੇ ਵਿਸ਼ੇਸ਼ ਸੰਦਰਭ 'ਚ**

# Darshan Buttar de Kaav-Jagat de Parmukh Sarokaar

**'Dard Majithi', 'Kharaavan' ate 'MahaaKambani' de Vishesh Sandarbh vich**

**Jagpreet Kaur**

**M. Phil. Student**

**Regd. No. 11412572**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ ਦੇ**

**ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼ ਅਧੀਨ**

**ਐਮ.ਫਿਲ. (ਪੰਜਾਬੀ) ਦੀ ਡਿਗਰੀ ਦੇ ਇੱਕ**

**ਹਿੱਸੇ ਦੀ ਪੂਰਤੀ ਹਿਤ ਪ੍ਰਸਤੁਤ**

**ਖੋਜ–ਪ੍ਰਬੰਧ**

**ਫ਼ੈਕਲਟੀ ਆਫ਼ ਬਿਜ਼ਨਸ ਐਂਡ ਆਰਟਸ**

**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ**

**2015**

# ਘੋਸ਼ਣਾ ਪੱਤਰ

ਮੈਂ ਜਗਪ੍ਰੀਤ ਕੌਰ ਇਹ ਬਿਆਨ ਕਰਦੀ ਹਾਂ ਕਿ "**ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ (ਦਰਦ ਮਜੀਠੀ, ਖੜਾਵਾਂ, ਮਹਾਂ ਕੰਬਣੀ ਦੇ ਵਿਸ਼ੇਸ਼ ਸੰਦਰਭ 'ਚ)**" ਵਿਸ਼ੇ ਉਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ ਅਤੇ ਇਸ ਵਿਚ ਕੋਈ ਹੋਰ ਹਿੱਸੇਦਾਰ ਨਹੀਂ ਹੈ। ਇਸ ਖੋਜ-ਪ੍ਰਬੰਧ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਜਾ ਚੁੱਕਾ ਹੋਵੇ।

**ਖੋਜਾਰਥੀ**

ਜਗਪ੍ਰੀਤ ਕੌਰ

ਰਜਿ. ਨੰਬਰ-11412572

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਜਗਪ੍ਰੀਤ ਕੌਰ ਨੇ "**ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ (ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਦੇ ਵਿਸ਼ੇਸ਼ ਸੰਦਰਭ 'ਚ)**" ਵਿਸ਼ੇ ਉੱਤੇ ਐਮ.ਫਿਲ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ-ਕਾਰਜ ਕੀਤਾ ਹੈ। ਇਹ ਖੋਜਾਰਥੀ ਦਾ ਮੌਲਿਕ ਕਾਰਜ ਹੈ ਅਤੇ ਉਸਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਐਮ.ਫਿਲ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਮਿਤੀ:** **ਨਿਗਰਾਨ**

**ਡਾ. ਬਲਵਿੰਦਰ ਸਿੰਘ ਥਿੰਦ,**
ਸਹਾਇਕ ਪ੍ਰੋਫ਼ੈਸਰ,
ਸਕੂਲ ਆਫ਼ ਆਰਟਸ ਐਂਡ ਲੈਂਗੁਏਜਿਜ਼,
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

# ਤਤਕਰਾ

| | |
|---|---|
| ਭੂਮਿਕਾ | iv-ix |
| ਅਧਿਆਇ ਪਹਿਲਾ | |
| ਅਜੋਕੀ ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ | 1-33 |
| ਅਧਿਆਇ ਦੂਜਾ | |
| ਦਰਸ਼ਨ ਬੁੱਟਰ ਦਾ ਜੀਵਨ ਅਤੇ ਰਚਨਾਤਮਕ ਸਫ਼ਰ | 34-56 |
| ਅਧਿਆਇ ਤੀਜਾ | |
| ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਦੇ ਇਤਿਹਾਸਕ, ਸਮਾਜਿਕ, ਮਾਨਵੀ, ਨਾਰੀਵਾਦੀ, ਪ੍ਰਕਿਰਤੀਵਾਦੀ, ਵਿਸ਼ਵੀ ਸਰੋਕਾਰ | 57-98 |
| ਅਧਿਆਇ ਚੌਥਾ | |
| ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ | 99-121 |
| ਦਰਸ਼ਨ ਬੁੱਟਰ ਨਾਲ ਨਿੱਜੀ ਮੁਲਾਕਾਤ | 122-124 |
| ਸਾਰ ਅਤੇ ਸਥਾਪਨਾਵਾਂ | 125-130 |
| ਸਹਾਇਕ ਪੁਸਤਕ ਸੂਚੀ | 131-134 |

# ਭੂਮਿਕਾ

ਸਾਹਿਤ ਨੂੰ 'ਸਤਿਅਮ, ਸ਼ਿਵਮ ਅਤੇ ਸੁੰਦਰਮ' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਸਾਹਿਤ ਨੂੰ 'ਸੂਖਮ ਕਲਾ' ਕਿਹਾ ਗਿਆ ਹੈ। ਕਲਾ ਦੀ ਪਰਿਭਾਸ਼ਾ ਵਿਚ ਕਾਵਿ-ਕਲਾ ਤੇ ਸਾਹਿਤ ਦਾ ਇਕੋ ਅਰਥ ਹੈ। ਇਸ ਦੀ ਉਪਮਾ ਨਹੀਂ ਕੀਤੀ ਜਾ ਸਕਦੀ ਸਗੋਂ ਇਹ ਤਾਂ ਕੇਵਲ ਅਨੁਭਵ ਨਾਲ ਹੀ ਮਹਿਸੂਸ ਕੀਤੀ ਜਾ ਸਕਦੀ ਹੈ ਪਰ ਫਿਰ ਵੀ ਕੁਝ ਵਿਦਵਾਨਾਂ ਨੇ ਸਾਹਿਤ ਦੀ ਉਪਮਾ ਕਰਨ ਦਾ ਯਤਨ ਕੀਤਾ ਹੈ। ਇਕ ਵਿਚਾਰ ਅਨੁਸਾਰ ਅੱਖਰਾਂ ਵਿਚ ਲਿਖੀ ਹਰ ਚੀਜ਼ ਸਾਹਿਤ ਹੈ। ਇਹ ਉਪਮਾ ਊਣੀ ਲਗਦੀ ਹੈ ਕਿਉਂਕਿ ਬਹੁਤ ਸਾਰੀਆਂ ਅਣ-ਲਿਖੀਆਂ ਰਚਨਾਵਾਂ ਸਾਹਿਤ ਦੇ ਖੇਤਰ ਤੋਂ ਬਾਹਰ ਰਹਿ ਜਾਂਦੀਆਂ ਹਨ। ਕਲਾ ਦਾ ਮੁੱਖ ਕੰਮ ਮਨੁੱਖ ਦੇ ਸੁਹਜ-ਸਵਾਦ ਦੀ ਤ੍ਰਿਪਤੀ ਹੀ ਨਹੀਂ ਹੁੰਦੀ ਬਲਕਿ ਨਰੋਏ ਸਾਹਿਤ ਵਿਚ ਵਾਧਾ ਕਰਨਾ ਵੀ ਹੁੰਦਾ ਹੈ। ਕੋਈ ਲਿਖਤ ਜਿੰਨੀ ਦੇਰ ਇਹ ਸ਼ਰਤ ਪੂਰੀ ਨਹੀਂ ਕਰਦੀ ਉਹ ਸਾਹਿਤ ਨਹੀਂ ਅਖਵਾ ਸਕਦੀ। ਮਨੁੱਖ ਨੂੰ ਇਸ ਸੰਸਾਰ ਵਿਚ ਵਿਚਰਦਿਆਂ ਕਈ ਤਰ੍ਹਾਂ ਦੇ ਅਨੁਭਵ ਹੁੰਦੇ ਹਨ ਅਤੇ ਕਈ ਘਟਨਾਵਾਂ ਵਾਪਰਦੀਆਂ ਹਨ। ਇਨ੍ਹਾਂ ਸਾਰੇ ਅਹਿਸਾਸਾਂ ਨੂੰ ਇਕ ਲਿਖਤ ਵਿਚ ਬੰਨਣਾ ਹੀ ਸਾਹਿਤ ਦੀ ਉਪਜ ਹੈ। ਸਾਹਿਤ ਦੀ ਉਪਜ ਪਿਛੇ ਕੇਵਲ ਸਵੈ ਪ੍ਰਗਟਾਵੇ ਦੀ ਇੱਛਾ ਹੀ ਨਹੀਂ ਹੁੰਦੀ ਸਗੋਂ ਇਕ ਦੂਜੇ ਨੂੰ ਜਾਣਨ ਅਤੇ ਸਮਝਣ ਦੀ ਭੁੱਖ ਹੁੰਦੀ ਹੈ। ਸੁਹਜ-ਸੁਆਦ ਦੀ ਤ੍ਰਿਪਤੀ ਸਾਹਿਤ ਦਾ ਬਹੁਤ ਜ਼ਰੂਰੀ ਲੱਛਣ ਹੈ।

ਸਾਡਾ ਹਥਲਾ ਖੋਜ ਵਿਸ਼ਾ ''ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ: 'ਖੜਾਵਾਂ', 'ਦਰਦ ਮਜੀਠੀ', 'ਮਹਾਂਕੰਬਣੀ' ਦੇ ਵਿਸ਼ੇਸ਼ ਸੰਦਰਭ ਵਿਚ'' ਹੈ। ਅਸੀਂ ਹੁਣ 'ਸਰੋਕਾਰ' ਸ਼ਬਦ ਨੂੰ ਵੀ ਸਮਝਾਂਗੇ। 'ਸਰੋਕਾਰ' ਫ਼ਾਰਸੀ ਦਾ ਸ਼ਬਦ ਹੈ ਜੋ ਫ਼ਾਰਸੀ ਤੋਂ ਪੰਜਾਬੀ ਵਿਚ ਪ੍ਰਚਲਿਤ ਹੋਇਆ। 'ਸਰਕਾਮ' ਤੋਂ ਪ੍ਰਚਲਿਤ ਹੋ ਕੇ ਸਰੋਕਾਰ ਸ਼ਬਦ ਬਣਿਆ। ਸਰਕਾਮ-ਸਰੋਕਾਰ-ਸੰਬੰਧ, ਰਿਸ਼ਤਾ ਜਾਂ ਤਾਓਲਕ ਹੈ। ਰਿਸ਼ਤਾ ਮੂਲ ਰੂਪ ਵਿਚ ਫ਼ਾਰਸੀ ਦਾ ਸ਼ਬਦ ਹੈ। ਜਿਸਦਾ ਅਰਥ ਧਾਗਾ ਜਾਂ ਤੰਦ ਹੈ। ਰਿਸ਼ਤੇਦਾਰ ਉਹ ਵਿਅਕਤੀ ਹੁੰਦਾ ਹੈ ਜੋ ਧਾਗੇ ਜਾਂ ਤੰਦ ਨਾਲ ਜੁੜਿਆ ਹੁੰਦਾ ਹੈ। ਦਰਸ਼ਨ ਬੁੱਟਰ ਸਮੁੱਚੇ ਤੌਰ 'ਤੇ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਤੀਬਧ ਸ਼ਾਇਰ ਹੈ। ਉਸ ਦੀ ਦ੍ਰਿਸ਼ਟੀਜ਼ਿੰਦਗੀ ਦੇ ਬਹੁਪੱਖਾਂ, ਮੁਸ਼ਕਲਾਂ ਅਤੇ ਅਜੋਕੇ ਦੌਰ ਵਿਚ ਜ਼ਿੰਦਗੀ ਦੇ ਸਨਮੁਖ ਖ਼ਤਰਿਆਂ ਦੀ ਵਿਆਖਿਆ ਵਿਸ਼ਲੇਸ਼ਣ ਅਤੇ ਮੁਲਾਂਕਣ ਕਰਦੇ ਹੋਏ ਪਾਠਕਾਂ ਅੱਗੇ ਸਵਾਲ ਖੜ੍ਹੇ ਕਰਦੀ ਹੈ ਜਿਨ੍ਹਾਂ ਦੇ ਉਹ ਉੱਤਰ ਦੇਣ ਦੀ ਕੋਸ਼ਿਸ਼ ਕਰਦਾ ਹੈ। ਪੂੰਜੀਵਾਦ ਅਤੇ ਨਵ-ਪੂੰਜੀਵਾਦ ਦੇ ਉਭਾਰ ਨਾਲ ਸਭਿਆਚਾਰ ਪ੍ਰਤੀ ਉਸ ਦੀ ਅਸਵਿਕ੍ਰਤੀ ਉਸ ਦੀਆਂ ਕਵਿਤਾਵਾਂ ਵਿਚ ਪ੍ਰਤੱਖ ਨਜ਼ਰ ਆਉਂਦੀ ਹੈ। ਉਹ ਅਤੀਤ ਅਤੇ ਵਰਤਮਾਨ ਦੇ ਪਾੜੇ ਨੂੰ ਭਰਨ ਦਾ ਯਤਨ ਕਰਦਾ ਹੈ। ਉਸ ਨੇ ਖੰਡਿਤ ਸੰਵੇਦਨਾ ਵਾਲੇ ਮਨੁੱਖ ਦਾ ਚਿਤਰਨ ਉਲੀਕਦਿਆਂ ਬੌਧਿਕ ਚਿੰਤਨ ਅਤੇ ਮਾਨਵੀ ਅਸਤਿਤਵ ਨੂੰ ਘਰ ਦੀ ਤਲਾਸ਼, ਸੱਚੇ-ਸੁੱਚੇ ਰਿਸ਼ਤਿਆਂ, ਪਿਆਰ ਸਦਭਾਵਨਾ ਅਤੇ ਪਵਿੱਤਰ ਰਿਸ਼ਤਿਆਂ ਨੂੰ ਕਵਿਤਾ ਦਾ ਮੁੱਖ ਵਿਸ਼ਾ ਬਣਾਇਆ ਹੈ। ਉਹ ਸੰਵੇਦਨਸ਼ੀਲ ਅਨੁਭਵਾਂ ਅਤੇ ਜੀਵਨ ਦੀਆਂ ਘਟਨਾਵਾਂ ਨੂੰ ਆਪਣੀਆਂ ਕਵਿਤਾਵਾਂ ਦਾ ਵਿਸ਼ਾ ਬਣਾਉਂਦੇ ਹੋਏ ਉਸ ਦੀਆਂ ਡੂੰਘੀਆਂ ਪਰਤਾਂ ਨੂੰ ਫਰੋਲਦਾ ਹੈ। ਕਈ ਕਵੀ ਕਿਤਾਬਾਂ ਲਈ ਕਵਿਤਾਵਾਂ ਲਿਖਦੇ ਹਨ ਤੇ ਕਈ ਕਵਿਤਾ ਲਈ ਕਿਤਾਬ। ਦਰਸ਼ਨ ਬੁੱਟਰ

ਉਹਨਾਂ ਵਿਚੋਂ ਮੂਹਰੀ ਹੈ ਜੋ ਕਵਿਤਾ ਲਈ ਕਿਤਾਬ ਲਿਖਦੇ ਹਨ। ਉਸ ਨੂੰ ਕਿਤਾਬਾਂ ਨਾਲ ਅੰਤਾਂ ਦਾ ਮੋਹ ਹੈ। ਕਿਤਾਬਾਂ ਉਸ ਲਈ ਅਰਥਾਂ ਦੀ ਇਬਾਦਤ, ਗਿਆਨ ਦੇ ਸੂਰਜ, ਸਮੇਂ ਦਾ ਦਰਪਣ ਤੇ ਹੋਰ ਬਹੁਤ ਕੁਝ ਹਨ। ਇਸ ਲਈ ਹੀ ਉਸ ਨੇ ਚੌਥੇ ਕਾਵਿ ਸੰਗ੍ਰਹਿ ਵਾਲੀ ਕਿਤਾਬ ਦਾ ਨਾਮਕਰਨ 'ਖੜਾਵਾਂ' ਕੀਤਾ ਹੈ ਕਿਉਂ ਕਿ 'ਖੜਾਵਾਂ' ਜਿੱਥੇ ਵਿਸ਼ਵਾਸ, ਆਸਥਾ, ਉਸਾਰੂ ਪਰੰਪਰਿਕ ਮੁੱਲਾਂ ਦਾ ਪ੍ਰਤੀਕ ਹਨ ਉੱਥੇ ਸੁਤੰਤਰਤਾ ਗੁਲਾਮੀ ਤੋਂ ਨਿਜ਼ਾਤ ਆਧੁਨਿਕ ਚਿੰਤਨ ਦੇ ਅਹਿਮ ਪੜਾਵਾਂ ਵੱਲ ਵੀ ਇਸ਼ਾਰਾ ਕਰਦੀਆਂ ਹਨ।

ਆਪਣੇ ਖੋਜ ਕਾਰਜ ਨੂੰ ਆਸਾਨ ਬਣਾਉਣ ਲਈ ਅਸੀਂ ਇਸ ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਹੈ। ਖੋਜ-ਪ੍ਰਬੰਧ ਦਾ ਪਹਿਲਾ ਅਧਿਆਇ '**ਅਜੋਕੀ ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ**' ਹੈ। ਇਸ ਵਿਚ ਅਸੀਂ ਕਵਿਤਾ ਦਾ ਅਰਥ, ਪਰਿਭਾਸ਼ਾ ਅਤੇ ਸਿਧਾਂਤ (ਕਲਪਨਾ, ਬਿੰਬ, ਪ੍ਰਤੀਕ, ਰਸ, ਅਲੰਕਾਰ, ਭਾਸ਼ਾ, ਸ਼ੈਲੀ) ਬਾਰੇ ਚਰਚਾ ਕੀਤੀ ਹੈ। ਸਾਹਿਤ ਦਾ ਕੰਮ ਕੇਵਲ ਸੁਹਜ ਸਵਾਦ ਦੀ ਤ੍ਰਿਪਤੀ ਕਰਵਾਉਣਾ ਹੀ ਨਹੀਂ ਹੈ ਬਲਕਿ ਸਾਹਿਤ ਰਾਹੀਂ ਉਸ ਵਿਰਸੇ ਦੀ ਸੰਸਕ੍ਰਿਤੀ ਦੇ ਦਰਸ਼ਨ ਕਰਵਾਉਣੇ ਹਨ ਜਿੱਥੇ ਅਸੀਂ ਵਿਚਰ ਰਹੇ ਹਾਂ। ਇਹ ਗੱਲ ਬਿਲਕੁਲ ਠੀਕ ਹੈ ਕਿ ਜੇਕਰ ਕਿਸੇ ਦੇਸ਼ ਦੀ ਸੰਸਕ੍ਰਿਤੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉੱਥੋਂ ਦੇ ਸਾਹਿਤ ਦਾ ਨਿੱਠ ਕੇ ਅਧਿਐਨ ਕਰ ਲਿਆ ਜਾਵੇ ਤਾਂ ਅਸੀਂ ਉੱਥੋਂ ਦੇ ਸਭਿਆਚਾਰ, ਸੰਸਕ੍ਰਿਤੀ ਤੋਂ ਭਲੀ-ਭਾਂਤੀ ਜਾਣੂ ਹੋ ਸਕਦੇ ਹਾਂ। ਸਾਹਿਤ ਵਿਚ ਕਵਿਤਾ, ਨਾਵਲ, ਨਾਟਕ, ਕਹਾਣੀਆਂ ਆਦਿ ਸਭ ਕੁੱਝ ਹੀ ਆ ਜਾਂਦੇ ਹਨ। ਕਲਪਨਾ ਦੇ ਖੰਭਾਂ 'ਤੇ ਸਵਾਰ ਹੋ ਕੇ ਕਵਿਤਾ ਦੂਰ ਦੇਸ਼ ਦੀਆਂ ਉਡਾਰੀਆਂ ਲਾ ਆਉਂਦੀ ਹੈ ਤੇ ਪਾਠਕ ਨੂੰ ਅਨੰਦਿਤ ਕਰ ਦਿੰਦੀ ਹੈ। ਇਸ ਉਪਰੰਤ ਕਵਿਤਾ ਦੇ ਇਤਿਹਾਸ ਨੂੰ ਚਰਚਾ ਦਾ ਵਿਸ਼ਾ ਬਣਾਇਆ ਹੈ।

ਖੋਜ-ਪ੍ਰਬੰਧ ਦਾ ਦੂਜਾ ਅਧਿਆਇ '**ਦਰਸ਼ਨ ਬੁੱਟਰ ਦਾ ਜੀਵਨ ਅਤੇ ਰਚਨਾਤਮਕ ਸਫ਼ਰ**' ਹੈ। ਇਸ ਅਧਿਆਇ ਵਿਚ ਉਸ ਦੇ ਸਮੁੱਚੇ ਜੀਵਨ ਦਾ, ਕਵੀ ਬਣਨ ਪਿੱਛੇ ਕਾਰਨਾਂ, ਰਚਨਾਵਾਂ, ਮਾਨ-ਸਨਮਾਨ, ਵਿਦੇਸ਼ ਫੇਰੀਆਂ ਅਤੇ ਮੌਜੂਦਾ ਰੁਝੇਵਿਆਂ ਦਾ ਨਿੱਠ ਕੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ।

ਖੋਜ-ਪ੍ਰਬੰਧ ਦਾ ਤੀਜਾ ਅਧਿਆਇ '**ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਦੇ ਇਤਿਹਾਸਕ, ਸਮਾਜਕ, ਮਾਨਵੀ, ਨਾਰੀਵਾਦੀ, ਪ੍ਰਕਿਰਤੀ, ਵਿਸ਼ਵੀ ਸਰੋਕਾਰ**' ਹਨ। ਇਸ ਵਿਚ ਉਸ ਦੀਆਂ ਤਿੰਨਾਂ ਕਾਵਿ ਪੁਸਤਕਾਂ ਵਿਚਲੇ ਇਤਿਹਾਸਕ, ਸਮਾਜਕ ਤੇ ਮਾਨਵਵਾਦੀ ਸਰੋਕਾਰਾਂ ਨੂੰ ਉਘਾੜਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਉਪਰ ਪੂਰੀ ਚਰਚਾ ਕੀਤੀ ਹੈ। ਇਨ੍ਹਾਂ ਸਰੋਕਾਰਾਂ ਰਾਹੀਂ ਬੁੱਟਰ ਨੇ ਇਤਿਹਾਸ ਨੂੰ, ਸਮਾਜ ਦੀਆਂ ਸਮੱਸਿਆਵਾਂ ਨੂੰ, ਮਾਨਵੀ ਰਿਸ਼ਤਿਆਂ ਨੂੰ ਭਲੀ ਭਾਂਤੀ ਉਜਾਗਰ ਕੀਤਾ ਹੈ। ਉਹ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਨਾਲ ਅਧਿਆਤਮਕ ਰੰਗ ਦੇ ਕੇ ਕਿਸੇ ਵੀ ਤਰੀਕੇ ਨਾਲ ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਆਸ ਦਾ ਪੱਲਾ ਨਹੀਂ ਛੱਡਦਾ। ਇਸ ਵਿਚ ਕਵੀ ਬੁੱਟਰ ਦੇ ਤਿੰਨ ਕਾਵਿ-ਸੰਗ੍ਰਹਿ ਵਿਚ ਮੌਜੂਦ ਨਾਰੀ ਨਾਲ ਸੰਬੰਧਤ, ਪ੍ਰਕਿਰਤੀ ਨਾਲ ਤੇ ਅੱਜ ਦੇ ਮੌਜੂਦਾ ਭਖਵੇਂ ਮੁੱਦੇ ਵਿਸ਼ਵੀਕਰਨ ਨਾਲ ਸਬੰਧਤ ਕਵਿਤਾਵਾਂ ਬਾਰੇ ਨਿੱਠ ਕੇ ਚਰਚਾ ਕੀਤੀ ਹੈ। ਦਰਸ਼ਨ ਬੁੱਟਰ ਰਿਸ਼ਤਿਆਂ ਵਿਚ ਨਿਘਾਰ, ਘਰ ਤੋਂ ਅਲਗਾਵ, ਮਨੁੱਖ ਦੀ

ਤ੍ਰਾਸਦੀ, ਵਿਸ਼ਵੀਕਰਨ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਲੋਕ ਮਨਾਂ ਵਿਚ ਮੱਚੀ ਤਰਥਲੀ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੈ।

ਖੋਜ-ਪ੍ਰਬੰਧ ਦਾ ਚੌਥਾ ਅਧਿਆਇ '**ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ**' ਹਨ। ਇਸ ਵਿਚ ਅਸੀਂ ਬੁੱਟਰ ਦੁਆਰਾ ਆਪਣੀਆਂ ਕਵਿਤਾਵਾਂ ਵਿਚ ਵਰਤੀਆਂ ਕਾਵਿਕ ਜੁਗਤਾਂ ਦਾ ਅਧਿਐਨ ਕੀਤਾ ਹੈ ਕਿ ਉਸ ਨੇ ਆਪਣੇ ਕਾਵਿ ਨੂੰ ਸ੍ਰੇਸ਼ਠ ਬਣਾਉਣ ਲਈ ਕਿਹੜੀਆਂ ਵਿਧੀਆਂ ਅਪਣਾਈਆਂ ਹਨ। ਅਸੀਂ ਇਸ ਅਧਿਆਇ ਦੇ ਅਧਿਐਨ ਦੌਰਾਨ ਇਹ ਜਾਣਿਆ ਹੈ ਕਿ ਬੁੱਟਰ ਨੇ ਸ਼ਬਦਾਂ ਦਾ ਜਾਲ ਹੀ ਨਹੀਂ ਬੁਣਿਆ ਸਗੋਂ ਉਸ ਨੇ ਬਹੁਤ ਹੀ ਘੱਟ ਸ਼ਬਦਾਂ ਵਿਚ ਜੀਵਨ ਅਨੁਭਵ ਨੂੰ ਕਲਪਨਾ, ਢੁੱਕਵੇਂ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ, ਸੂਝ ਭਰੀ ਸ਼ਬਦਾਵਲੀ ਅਤੇ ਭਾਸ਼ਾ ਨਾਲ ਕਵਿਤਾਵਾਂ ਨੂੰ ਸ਼ਿੰਗਾਰਿਆ ਹੈ। ਪੰਜ ਅਧਿਆਇਆਂ ਦੇ ਅਖ਼ੀਰ ਵਿਚ ਹਵਾਲੇ ਟਿੱਪਣੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਅਧਿਆਇਆਂ ਬਾਰੇ ਪੂਰੀ ਚਰਚਾ ਕਰਨ ਤੋਂ ਉਪਰੰਤ ਦਰਸ਼ਨ ਬੁੱਟਰ ਨਾਲ ਕੀਤੀ ਨਿੱਜੀ ਮੁਲਾਕਾਤ ਦੇ ਪਲਾਂ ਨੂੰ ਲਿਖ਼ਤੀ ਰੂਪ ਦਿੱਤਾ ਗਿਆ ਹੈ। ਇਨ੍ਹਾਂ ਅਧਿਆਇਆਂ ਦੇ ਸਿੱਟੇ ਕੱਢੇ ਹਨ। ਅੰਤ ਵਿਚ ਉਹ ਪੁਸਤਕ ਸੂਚੀ ਤਿਆਰ ਕੀਤੀ ਗਈ ਹੈ, ਜਿਨ੍ਹਾਂ ਨੂੰ ਆਧਾਰ ਬਣਾ ਕੇ ਅਸੀਂ ਆਪਣੇ ਖੋਜ ਦੇ ਵਿਸ਼ੇ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਖੋਜ ਕਾਰਜ ਦੀਆਂ ਸੀਮਾਵਾਂ

ਮੇਰਾ ਹਥਲਾ ਖੋਜ ਵਿਸ਼ਾ 'ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ: 'ਖੜਾਵਾਂ', 'ਦਰਦ ਮਜੀਠੀ', 'ਮਹਾਂਕੰਬਣੀ' ਦੇ ਵਿਸ਼ੇਸ਼ ਸੰਦਰਭ ਵਿਚ' ਹੈ। ਅਸੀਂ ਆਪਣੇ ਇਸ ਖੋਜ ਪ੍ਰਬੰਧ ਵਿਚ ਦਰਸ਼ਨ ਬੁੱਟਰ ਦੀਆਂ ਤਿੰਨ ਕਾਵਿ ਪੁਸਤਕਾਂ ਨੂੰ ਆਧਾਰ ਬਣਾ ਕੇ ਆਪਣੇ ਖੋਜ ਕਾਰਜ ਦਾ ਨਿੱਠ ਕੇ ਅਧਿਐਨ ਕੀਤਾ ਹੈ। ਵੈਸੇ ਤਾਂ ਬੁੱਟਰ ਦੀਆਂ ਛੇ ਕਾਵਿ ਪੁਸਤਕਾਂ ਹਨ ਪਰ ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਤਿੰਨ ਕਾਵਿ ਸੰਗ੍ਰਹਿ ਹੀ ਲਏ ਹਨ ਕਿਉਂ ਕਿ ਜੇਕਰ ਅਸੀਂ ਛੇ ਕਾਵਿ ਸੰਗ੍ਰਹਿਆਂ ਦਾ ਅਧਿਐਨ ਕਰਦੇ ਤਾਂ ਇਹ ਖੋਜ ਕਾਰਜ ਵਿਸਥਾਰ ਵਿਚ ਚਲੇ ਜਾਣਾ ਸੀ ਜੋ ਕਿ ਨਿੱਠ ਕੇ ਅਧਿਐਨ ਕਰਨ ਲਈ ਜਿਆਦਾ ਸਮੇਂ ਦੀ ਮੰਗ ਕਰਦਾ ਹੈ। ਇਸ ਕਰ ਕੇ ਅਸੀਂ ਖੋਜ ਕਾਰਜ ਦੀਆਂ ਸੀਮਾਵਾਂ ਦੀ ਉਲੰਘਣਾ ਨਾ ਕਰਦੇ ਹੋਇਆਂ ਆਪਣੇ ਖੋਜ ਕਾਰਜ ਨੂੰ ਤਿੰਨ ਕਾਵਿ ਸੰਗ੍ਰਹਿ ਤੱਕ ਹੀ ਸੀਮਤ ਰੱਖਿਆ ਹੈ ਅਤੇ ਮੌਲਿਕ ਰੂਪ ਵਿਚ ਨਿੱਠ ਕੇ ਖੋਜ ਕਾਰਜ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਉਦੇਸ਼:

ਹਰ ਕੰਮ ਪਿੱਛੇ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ। ਉਦੇਸ਼ ਤੋਂ ਬਿਨਾਂ ਕੋਈ ਵੀ ਕੰਮ ਸੁਚਾਰੂ ਰੂਪ ਵਿੱਚ ਨੇਪਰੇ ਨਹੀਂ ਚੜ੍ਹ ਸਕਦਾ। ਇਸੇ ਲਈ ਹਥਲੇ ਖੋਜ ਕਾਰਜ ਪਿੱਛੇ ਵੀ ਕੁਝ ਉਦੇਸ਼ ਕਾਰਜਸ਼ੀਲ ਹਨ, ਜਿੰਨ੍ਹਾਂ ਦਾ ਸੰਖੇਪ ਵਿੱਚ ਵੇਰਵਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ।

ਪ੍ਰਸਤਾਵਤ ਵਿਸ਼ੇ ਦੇ ਸੰਦਰਭ ਵਿੱਚ ਇਹ ਉਦੇਸ਼ ਪ੍ਰਾਪਤ ਹੋਵੇਗਾ ਕਿ ਦਰਸ਼ਨ ਬੁੱਟਰ ਦੀ ਕਾਵਿ-ਰਚਨਾ ਦੇ ਵਿਭਿੰਨ ਸਰੋਕਾਰ ਪੰਜਾਬੀ ਸਾਹਿਤ ਤੇ ਸਮਾਜ ਦੇ ਰਿਸ਼ਤਿਆਂ ਨੂੰ ਭਲੀ-ਭਾਂਤੀ ਰੂਪਮਾਨ ਕਰਨਗੇ। ਦਰਸ਼ਨ ਬੁੱਟਰ ਦੀ ਕਾਵਿ ਕਲਾ

ਵਿਚ ਕੀਤੀ ਖੋਜ ਪ੍ਰੰਪਰਕ ਬੰਧਨਾਂ ਤੋਂ ਮੁਕਤ ਰਹਿ ਕੇ ਆਪਣੇ ਅਨੁਭਵਾਂ ਅਤੇ ਗਹਿਰਾਈ ਰਾਹੀਂ ਇਕ ਨਵੀਂ ਦਿਸ਼ਾ ਪ੍ਰਦਾਨ ਕਰੇਗੀ ਅਤੇ ਆਪਣੇ ਅਨੁਭਵਾਂ ਨੂੰ ਕਲਾਤਮਕ ਅਭਿਵਿਅਕਤੀ ਪ੍ਰਦਾਨ ਕਰਨ ਵਿਚ ਪੂਰਨ ਸਫਲ ਰਹਿਣ ਦੀ ਕੋਸ਼ਿਸ਼ ਕਰੇਗੀ। ਇਸ ਰਾਹੀਂ ਮਾਨਵੀ ਰਿਸ਼ਤਿਆਂ ਵਿਚ ਸਮੇਂ ਦੇ ਅਭਾਵ ਨੂੰ ਲੈ ਕੇ ਫਰਕ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸੇ ਸੰਦਰਭ ਵਿੱਚ ਦਰਸ਼ਨ ਬੁੱਟਰ ਦੀ 'ਖੜਾਵਾਂ' ਵਿਚੋਂ ਕੁਝ ਤੁਕਾਂ ਲਈਆਂ ਹਨ:

> 'ਖੈਰ ਸੁੱਖ ਸਾਂਦ ਪੁੱਛਣ ਨਾਲ ਜ਼ਖਮ ਰਾਜ਼ੀ ਤਾਂ ਨਹੀਂ ਹੁੰਦੇ
>
> ਥੋੜੀ ਬਹੁਤੀ ਹਮਦਰਦੀ ਅੱਖਾਂ 'ਚ ਭਰ ਕੇ
>
> ਤੇਰੀ ਮੁਲਾਕਾਤ ਲਈ ਜ਼ਰੂਰ ਆਵਾਂਗੇ'।

1. ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਅਧਿਐਨ ਕਰਨਾ।
2. ਦਰਸ਼ਨ ਬੁੱਟਰ ਰਚਿਤ ਕਾਵਿ-ਸੰਸਾਰ ਦੇ ਵਿਸ਼ਿਆਂ ਦਾ ਅਧਿਐਨ ਕਰਨਾ।
3. ਦਰਸ਼ਨ ਬੁੱਟਰ ਦੇ ਕਾਵਿ-ਜਗਤ ਵਿਚ ਪ੍ਰਮੱਖ ਸਰੋਕਾਰਾਂ ਦੀ ਤਲਾਸ਼ ਕਰਨਾ।
4. ਦਰਸ਼ਨ ਬੁੱਟਰ ਦੀ ਕਵਿਤਾ ਦੇ ਕਲਾਤਮਕ ਪੱਖਾਂ ਦੀ ਪਰਖ ਕਰਨਾ।
5. ਦਰਸ਼ਨ ਬੁੱਟਰ ਦਾ ਪੰਜਾਬੀ ਕਵਿਤਾ ਦੇ ਮਿਆਰ ਨੂੰ ਉਪਰ ਚੁੱਕਣ ਵਾਲੇ ਪਹਿਲੂ ਦਾ ਅਧਿਐਨ ਕਰਨਾ।

## ਖੋਜ ਕਾਰਜ ਦੀ ਵਿਧੀ (Proposed Methodology):

ਖੋਜ ਦਾ ਮੁੱਖ ਪ੍ਰਕਾਰਜ ਮਨੁੱਖੀ ਗਿਆਨ ਵਿਚ ਵਾਧਾ ਕਰਨਾ ਹੁੰਦਾ ਹੈ। ਇਹ ਵਾਧਾ ਉਨ੍ਹਾਂ ਹੀ ਵਿਧੀਆਂ ਰਾਹੀਂ ਸੰਭਵ ਹੈ ਜਿਨ੍ਹਾਂ ਰਾਹੀਂ ਮਨੁੱਖ ਹੁਣ ਤਕ ਗਿਆਨ-ਚੀਨਣ ਦਾ ਕਾਰਜ ਕਰਦਾ ਆਇਆ ਹੈ। ਇਨ੍ਹਾਂ ਬਾਰੇ ਇਕ ਵਿਦਵਾਨ 'ਡਬਲਿਊ ਮੌਂਟੈਗਨਿਊ' ਨੇ ਆਪਣੇ ਇਕ ਲੇਖ 'ਗਿਆਨ-ਚੀਨਣ ਦੀਆਂ ਵਿਧੀਆਂ' ਵਿੱਚ ਦਰਸਾਇਆ ਹੈ: ਪ੍ਰਾਧਿਕਾਰਵਾਦੀ ਵਿਧੀ, ਰਹੱਸਵਾਦੀ/ਫੁਰਨਾਵਾਦੀ ਵਿਧੀ, ਤਰਕਵਾਦੀ ਵਿਧੀ, ਸੰਦੇਹਵਾਦੀ ਵਿਧੀ, ਪਰਿਣਾਮਵਾਦੀ ਵਿਧੀ ਅਥਵਾ ਉਪਯੋਗਿਤਾਵਾਦੀ ਵਿਧੀ।

ਖੋਜ-ਪ੍ਰਬੰਧ ਵਿਚ ਤਰਕਵਾਦੀ ਵਿਧੀ ਰਾਹੀਂ ਅਧਿਐਨ ਕੀਤਾ ਗਿਆ ਹੈ। ਵਿਹਾਰਕ ਸਮੀਖਿਆ ਪਹੁੰਚ ਦ੍ਰਿਸ਼ਟੀ ਰਾਹੀਂ ਖੋਜ-ਪ੍ਰਬੰਧ ਦਾ ਨਿੱਠ ਕੇ ਅਧਿਐਨ ਕੀਤਾ ਹੈ। ਪ੍ਰਸਤਾਵਤ ਵਿਸ਼ੇ ਦੇ ਸੰਦਰਭ ਵਿਚ ਮਨੋਵਿਸ਼ਲੇਸ਼ਣ ਕਾਵਿ-ਦ੍ਰਿਸ਼ਟੀ ਰਾਹੀਂ ਖੋਜ ਕਾਰਜ ਕੀਤਾ ਹੈ। ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ ਦਾ ਅਧਿਐਨ ਕਰਨ ਲਈ ਸਰੰਚਨਾਵਾਦੀ ਪਹੁੰਚ ਦ੍ਰਿਸ਼ਟੀ ਅਪਣਾਈ ਗਈ ਹੈ। ਇਸ ਵਿਚ ਵਿਸ਼ੇ ਦੀ ਖੋਜ ਲਈ ਵਿਸ਼ੇ ਨਾਲ ਸੰਬੰਧਤ ਵਿਅਕਤੀਆਂ ਨਾਲ ਮੇਲ-ਮੁਲਾਕਾਤਾਂ

ਕੀਤੀਆਂ ਗਈਆਂ। ਪ੍ਰਸਤਾਵਤ ਵਿਸ਼ੇ ਦੇ ਸੰਦਰਭ ਵਿਚ ਪੁਸਤਕਾਲਿਆਂ ਵਿਚ ਜਾ ਕੇ ਖੋਜ ਦੇ ਕਾਰਜ ਨੂੰ ਸੰਪੂਰਨ ਕੀਤਾ ਗਿਆ।

## ਪੂਰਵ ਖੋਜ-ਕਾਰਜ:

ਦਰਸ਼ਨ ਬੁੱਟਰ ਦੀ ਕਵਿਤਾ ਦਾ ਆਲੋਚਨਾਤਮਕ ਅਧਿਐਨ-(1999)
ਖੋਜਾਰਥੀ: ਸੁਰਜੀਤ ਸਿੰਘ, ਨਿਗਰਾਨ: ਡਾ. ਆਤਮ ਹਮਰਾਹੀ
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਦਰਸ਼ਨ ਬੁੱਟਰ ਦਾ ਕਾਵਿ-ਜਗਤ (2002-03)
ਖੋਜਾਰਥੀ: ਸਿਮਰਜੀਤ ਕੌਰ, ਨਿਗਰਾਨ: ਡਾ. ਸਤੀਸ਼ ਕੁਮਾਰ ਵਰਮਾ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਰਸ਼ਨ ਬੁੱਟਰ ਦੀ ਕਾਵਿ ਕਲਾ ਇਕ ਅਧਿਐਨ (2009)
(ਕਾਵਿ-ਸੰਗ੍ਰਹਿ 'ਮਹਾਂਕੰਬਣੀ' ਦੇ ਵਿਸ਼ੇਸ਼ ਪ੍ਰਸੰਗ ਵਿਚ)
ਖੋਜਾਰਥੀ: ਕੁਲਵਿੰਦਰ ਸਿੰਘ, ਨਿਗਰਾਨ: ਡਾ. ਗੁਰਦੇਵ ਸਿੰਘ ਚੰਦੀ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਰਸ਼ਨ ਬੁੱਟਰ ਰਚਿਤ 'ਮਹਾਂਕੰਬਣੀ ਜੁਗਤ ਵਿਧਾਨ (2010-11)
(ਕਾਵਿ-ਸੰਗ੍ਰਹਿ 'ਮਹਾਂਕੰਬਣੀ' ਦੇ ਵਿਸ਼ੇਸ਼ ਪ੍ਰਸੰਗ ਵਿਚ)
ਖੋਜਾਰਥੀ: ਗੁਰਪ੍ਰੀਤ ਕੌਰ, ਨਿਗਰਾਨ: ਡਾ. ਮਨਜੀਤ ਸਿੰਘ ਦਿੱਲੀ
ਦਿੱਲੀ ਯੂਨੀਵਰਸਿਟੀ, ਦਿੱਲੀ

## ਧੰਨਵਾਦ:

ਮੈਂ ਸ਼ੁਕਰਗੁਜ਼ਾਰ ਹਾਂ ਉਸ ਅਕਾਲ ਪੁਰਖ ਦੀ ਜਿਸ ਨੇ ਮੇਰੇ ਵਰਗੀ ਨਿਗੁਣੀ ਜਿਹੀ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਿਆ ਅਤੇ ਮੇਰੇ ਇਸ ਖੋਜ ਕਾਰਜ ਨੂੰ ਨੇਪਰੇ ਚਾੜਿਆ। ਮੈਂ ਆਪਣੇ ਰੱਬ ਵਰਗੇ ਮੰਮੀ-ਪਾਪਾ ਦੀ, ਆਪਣੇ ਜੀਵਨ ਸਾਥੀਦੀ, ਆਪਣੀ ਭੈਣ ਦੀ ਬਹੁਤ ਹੀ ਜ਼ਿਆਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਮੈਨੂੰ ਹਰ ਪੱਖੋਂ ਸਹਿਯੋਗ ਦਿੱਤਾ। ਮੈਂ ਆਪਣੇ ਨਿਗਰਾਨ ਡਾ. ਬਲਵਿੰਦਰ ਸਿੰਘ ਥਿੰਦ, ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ, ਖੋਜ ਤੇ ਰੈਫਰੈਂਸ ਲਾਈਬ੍ਰੇਰੀ

ਪੰਜਾਬੀ ਭਵਨ ਲੁਧਿਆਣਾ ਦੇ ਮੁਖੀ ਅਤੇ ਕਵੀ ਦਰਸ਼ਨ ਬੁੱਟਰ ਦੀ ਧੰਨਵਾਦੀ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਮੇਰਾ ਮਾਰਗ ਦਰਸ਼ਨ ਕੀਤਾ ਹੈ। ਅੰਤ ਵਿਚ ਮੈਂ ਉਨ੍ਹਾਂ ਵਿਦਵਾਨਾਂ ਦੀ ਧੰਨਵਾਦੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਮੇਰੇ ਖੋਜ ਕਾਰਜ ਦਾ ਆਧਾਰ ਬਣੀਆਂ ਹਨ।

**ਜਗਪ੍ਰੀਤ ਕੌਰ**

# ਅਧਿਆਇ ਪਹਿਲਾ

# ਅਜੋਕੀ ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ

**1.1 ਕਵਿਤਾ ਦਾ ਅਰਥ**

**1.2 ਕਵਿਤਾ ਦੀ ਪਰਿਭਾਸ਼ਾ**

**1.3 ਕਵਿਤਾ ਦੇ ਤੱਤ**

1.3.1 ਕਲਪਨਾ

1.3.2 ਬਿੰਬ

1.3.3 ਪ੍ਰਤੀਕ

1.3.4 ਰਸ

1.3.5 ਅਲੰਕਾਰ

1.3.6 ਛੰਦ

1.3.7 ਕਾਵਿ-ਰੂਪ

1.3.8 ਸ਼ਬਦਾਵਲੀ

1.3.9 ਸ਼ੈਲੀ

1.3.10 ਭਾਸ਼ਾ

**1.4 ਪੰਜਾਬੀ ਕਵਿਤਾ ਦਾ ਇਤਿਹਾਸਕ ਪਰਿਪੇਖ**

# ਅਧਿਆਇ ਪਹਿਲਾ

# ਅਜੋਕੀ ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਪਰਿਪੇਖ

ਸਾਹਿਤ ਦਾ ਪ੍ਰਮੁੱਖ ਸਰੋਕਾਰ ਮਨੁੱਖ ਨਾਲ ਹੈ। ਉਸ ਦੀਆਂ ਭਾਵਨਾਵਾਂ, ਦੁੱਖ-ਸੁੱਖ, ਮਨ ਦੀਆਂ ਤਰੰਗਾਂ-ਉਮੰਗਾਂ ਨਾਲ ਹੈ। ਦਰਅਸਲ ਸਾਹਿਤ ਹੀ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕਤਾ ਦੇ ਪੱਧਰ ਨੂੰ ਦਰਸਾਉਣ ਵਾਲਾ ਪੈਮਾਨਾ ਹੈ ਕਿਉਂਕਿ ਸਾਹਿਤ ਦਾ ਰਿਸ਼ਤਾ ਬੁੱਧੀ, ਵਿਵੇਕ ਅਤੇ ਚਿੰਤਨ ਨਾਲ ਹੈ। ਇਸ ਲਈ ਅਸੀਂ ਸਾਹਿਤ ਰਾਹੀਂ ਗਿਆਨ ਦੇ ਹਰ ਖੇਤਰ ਵਿਚ ਪ੍ਰਵੇਸ਼ ਕਰ ਸਕਦੇ ਹਾਂ। ਸਾਹਿਤ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕਤਾ ਤੋਂ ਪ੍ਰਭਾਵਿਤ ਹੁੰਦਾ ਹੈ। ਇਸ ਲਈ ਅਸੀਂ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕ ਸ਼ਕਤੀ ਨੂੰ ਪ੍ਰਭਾਵਿਤ ਕਰਨ ਵਾਲੀ ਹਰ ਇਕ ਗੱਲ ਦਾ ਅਸਰ ਸਾਹਿਤ ਵਿਚ ਦੇਖ ਸਕਦੇ ਹਾਂ।

ਮਨੁੱਖ ਨੇ ਮੁੱਢ ਤੋਂ ਹੀ ਆਪਣੀ ਕਲਾ ਪ੍ਰਵਿਰਤੀ ਸਹਾਰੇ ਸਵੈ ਦੀ ਸਿਰਜਣਾ ਕੀਤੀ ਹੈ। ਜਿਸ ਨੂੰ ਪੂਰਾ ਕਰਨ ਲਈ ਉਸ ਨੇ ਕਈ ਤਰ੍ਹਾਂ ਦੇ ਮਾਧਿਅਮ ਚੁਣੇ ਹਨ। ਜਿਨ੍ਹਾਂ ਵਿਚੋਂ ਸਾਹਿਤ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਆਪਣੇ ਸੁਹਜ ਦੀ ਸਿਰਜਣਾ ਕਰਦਾ ਹੈ। ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਵੀ ਕਿਹਾ ਜਾਂਦਾ ਹੈ ਕਿਉਂਕਿ ਸਾਹਿਤ ਦੀ ਸਿਰਜਣਾ ਕਰਦਿਆਂ ਲੇਖਕ ਜਿੱਥੇ ਸਵੈ ਦੀ ਸਿਰਜਣਾ ਕਰਦਾ ਹੈ ਉੱਥੇ ਨਾਲ ਹੀ ਆਪਣੇ ਜੀਵਨ ਅਨੁਭਵਾਂ ਨੂੰ ਵੀ ਅੰਕਿਤ ਕਰਦਾ ਹੈ। ਸਾਹਿਤ ਨੂੰ ਸੂਖ਼ਮ ਕਲਾ ਕਿਹਾ ਗਿਆ ਹੈ। ਸੂਖ਼ਮ ਕਲਾ ਦੀ ਮਹੱਤਤਾ ਨੂੰ ਸਮਝਣਾ ਜ਼ਰੂਰੀ ਹੈ। ਕਲਾ ਆਪਣੇ ਵਿਸ਼ਾਲ ਅਰਥਾਂ ਵਿਚ ਪ੍ਰਕਿਰਤੀ ਦਾ ਵਿਰੋਧ ਹੈ। ਉਹ ਹਰ ਚੀਜ਼ ਜੋ ਮਨੁੱਖ ਦੀ ਕਲੋਪਿਤ ਕੀਤੀ ਤੇ ਬਣਾਈ ਹੋਈ ਹੈ ਉਹ ਕਲਾ ਹੈ।

ਸਾਹਿਤ ਜ਼ਿੰਦਗੀ ਦੀ ਵਿਆਖਿਆ ਕਰਦਾ ਹੈ। ਸਾਹਿਤ ਅਤੇ ਜ਼ਿੰਦਗੀ ਦੇ ਇਸ ਸਬੰਧ ਤੋਂ ਕਦੀ ਕਿਸੇ ਕਵੀ, ਆਲੋਚਕ, ਪਾਠਕ ਜਾਂ ਸਰੋਤੇ ਨੇ ਇਨਕਾਰ ਨਹੀਂ ਕੀਤਾ ਹੈ। ਸਾਹਿਤ ਰਾਹੀਂ ਮਨੁੱਖੀ ਤੇ ਪ੍ਰਕਿਰਤਕ ਜੀਵਨ ਦੀ ਵਿਆਖਿਆ ਵਿਚ ਸਾਡੀਆਂ ਕਲਪਨਾਵਾਂ 'ਤੇ ਜਜ਼ਬਿਆਂ ਨੂੰ ਟੁੰਬ ਸਕਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਸਾਡੀਆਂ ਭਾਵਨਾਵਾਂ ਨੂੰ ਉਤੇਜਿਤ ਕਰ ਸਕਣ ਦਾ ਗੁਣ ਹੋਣਾ ਚਾਹੀਦਾ ਹੈ। ਸਾਹਿਤ ਵਿਚ ਜ਼ਿੰਦਗੀ ਦੀ ਵਿਆਖਿਆ ਨੂੰ ਅਸੀਂ ਦੋ ਪੱਖਾਂ ਤੋਂ ਵੇਖਣਾ ਹੁੰਦਾ ਹੈ। ਪਹਿਲਾ ਪੱਖ ਇਹ ਹੈ ਕਿ ਸਾਹਿਤ ਵਿਚ ਜ਼ਿੰਦਗੀ ਦੀਆਂ ਚੀਜ਼ਾਂ ਵਿਚਲੀ ਇੰਦਰਿਆਈ ਰਸ, ਉਪਜਾਊ ਸੁੰਦਰਤਾ ਤੇ ਉਹਨਾਂ ਦੇ ਭਾਵਾਤਮਕ ਅਰਥਾਂ ਨੂੰ ਵੇਖਣ ਤੇ ਮਹਿਸੂਸ ਕਰਨ ਦੀ ਸਦੀਵਤਾ ਕਿੰਨੀ ਕੁ ਹੈ? ਦੂਜਾ ਪੱਖ ਇਹ ਹੈ ਕਿ ਜੋ ਕੁੱਝ ਸਾਹਿਤਕਾਰ ਨੇ ਵੇਖਿਆ, ਮਹਿਸੂਸਿਆ ਹੈ ਉਸ ਨਾਲ ਉਹ ਆਪਣੇ ਪ੍ਰਗਟਾਓ ਰਾਹੀਂ ਪਾਠਕਾਂ ਦੇ ਭਾਵਾਂ ਤੇ ਕਲਪਨਾ ਨੂੰ ਕਿਨਾਂ ਕੁ ਟੁੰਬ ਸਕਿਆ ਹੈ?

'ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ' ਪੁਸਤਕ ਦੀ ਭੂਮਿਕਾ ਵਿਚ ਸਾਹਿਤ ਦੇ ਸੰਦਰਭ ਵਿਚ ਡਾ. ਸਰਬਜੀਤ ਸਿੰਘ ਦਾ ਕਹਿਣਾ ਹੈ, "ਸਾਹਿਤ ਜੀਵਨ ਦਾ ਪ੍ਰਤੀਬਿੰਬ ਹੀ ਨਹੀਂ ਹੁੰਦਾ ਸਗੋਂ ਸਮਾਜੀ ਕਾਇਆ ਕਲਪ ਵਿਚ ਵੀ ਇਕ ਅਹਿਮ ਰੋਲ ਅਦਾ ਕਰਦਾ ਹੈ। ਇਸ ਰੋਲ ਦੀ ਪਛਾਣ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਜੇਕਰ ਰੋਲ ਦੀ ਪਛਾਣ ਨਾ

ਕੀਤੀ ਜਾਵੇ ਤਾਂ ਚੰਗਾ ਸਾਹਿਤ ਬਿਹਤਰ ਹੋ ਕੇ ਵੀ ਅਣਗੌਲਿਆ ਰਹਿ ਜਾਂਦਾ ਹੈ। ਇਸ ਦੀ ਪਛਾਣ ਆਲੋਚਨਾ ਨੇ ਕਰਨੀ ਹੁੰਦੀ ਹੈ। ਕਿਸੇ ਵੀ ਭਾਸ਼ਾ ਦੇ ਸਾਹਿਤ ਦੀ ਪਛਾਣ ਉਸ ਦੀ ਸ਼ਕਤੀਸ਼ਾਲੀ ਆਲੋਚਨਾ ਪਰੰਪਰਾ ਤੋਂ ਹੁੰਦੀ ਹੈ।"[1]

ਕਿਸੇ ਵੀ ਪਰੰਪਰਾ ਨੂੰ ਸਮਝਣ ਲਈ ਉਸ ਦੀਆਂ ਭਾਸ਼ਕ ਅਤੇ ਸੰਰਚਨਾਤਮਕ ਇਕਾਈਆਂ ਨੂੰ ਵੀ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਜੇਕਰ ਸਾਹਿਤ ਦੀ ਹੋਂਦ ਵਿਧੀ ਅਤੇ ਸਮਝ ਵਿਧੀ ਦੋਵੇਂ ਇਕ ਦੂਸਰੇ ਦੀਆਂ ਪੂਰਕ ਨਹੀਂ ਬਣਦੀਆਂ ਤਾਂ ਇਸ ਨਾਲ ਸਾਹਿਤ ਅਧਿਐਨ ਇਕ ਪਾਸੜ ਅਤੇ ਉਲਾਰੂ ਦ੍ਰਿਸ਼ਟੀ ਦਾ ਪੂਰਕ ਬਣ ਜਾਂਦਾ ਹੈ। ਸਾਹਿਤ ਦੇ ਸਰਵ ਪ੍ਰਮਾਣਿਤ ਨੇਮ ਨੂੰ ਕਾਇਮ ਰੱਖਦੇ ਹੋਏ ਉਸ ਵਿਚ ਪੇਸ਼ ਵਿਅਕਤੀ ਚਿੱਤਰ, ਸਾਮੂਹਿਕ ਅਵਚੇਤਨ ਨੂੰ ਸਮਝਣ ਲਈ ਸਮੁੱਚੇ ਸਾਹਿਤ ਨੂੰ ਟੈਕਸਟ ਦੇ ਰੂਪ ਵਿਚ ਨਿਰਧਾਰਿਤ ਕਰਨਾ ਪਵੇਗਾ। ਸਾਹਿਤ ਦੇ ਪ੍ਰਮੁੱਖ ਰੂਪ ਵਿਚ ਦੋ ਰੂਪ ਮੰਨੇ ਜਾਂਦੇ ਹਨ ਜਿਸ ਵਿਚ 'ਪਦ' ਅਤੇ 'ਗਦ' ਆਉਂਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਦਾ ਕੰਮ ਕੇਵਲ ਸੁਹਜ ਸਵਾਦ ਦੀ ਤ੍ਰਿਪਤੀ ਕਰਵਾਉਣਾ ਹੀ ਨਹੀਂ ਹੈ ਬਲਕਿ ਸਾਹਿਤ ਰਾਹੀਂ ਉਸ ਵਿਰਸੇ ਦੀ ਸੰਸਕ੍ਰਿਤੀ ਦੇ ਦਰਸ਼ਨ ਕਰਵਾਉਣੇ ਹਨ ਜਿੱਥੇ ਅਸੀਂ ਵਿਚਰ ਰਹੇ ਹਾਂ। ਇਹ ਗੱਲ ਬਿਲਕੁਲ ਠੀਕ ਹੈ ਕਿ ਜੇਕਰ ਕਿਸੇ ਦੇਸ਼ ਦੀ ਸੰਸਕ੍ਰਿਤੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉੱਥੋਂ ਦੇ ਸਾਹਿਤ ਦਾ ਨਿੱਠ ਕੇ ਅਧਿਐਨ ਕਰ ਲਿਆ ਜਾਵੇ ਤਾਂ ਅਸੀਂ ਉੱਥੋਂ ਦੇ ਸਭਿਆਚਾਰ, ਸੰਸਕ੍ਰਿਤੀ ਤੋਂ ਭਲੀ-ਭਾਂਤੀ ਜਾਣੂ ਹੋ ਸਕਦੇ ਹਾਂ। ਸਾਹਿਤ ਵਿਚ ਕਵਿਤਾ, ਨਾਵਲ, ਨਾਟਕ, ਕਹਾਣੀਆਂ ਆਦਿ ਸਭ ਕੁੱਝ ਹੀ ਆ ਜਾਂਦੇ ਹਨ। ਕਵਿਤਾ ਦਿਲ ਦੀ ਬੋਲੀ ਹੋਣ ਕਾਰਨ ਜਦੋਂ ਕੋਈ ਕਾਵਿ ਅਨੁਭਵ ਇਕ ਕਲਾਕਾਰ ਦੇ ਮਨ ਵਿਚ ਆ ਕੇ ਵੱਸਦਾ ਹੈ ਤਾਂ ਉਹ ਉਸ ਨੂੰ ਪ੍ਰਗਟ ਕੀਤੇ ਬਿਨਾਂ ਨਹੀਂ ਰਹਿ ਸਕਦਾ। ਹਰੇਕ ਕਲਾ ਕਿਰਤ ਲਈ ਇਹੋ ਜਿਹੇ ਅਨੁਭਵ ਦੀ ਲੋੜ ਹੁੰਦੀ ਹੈ। ਇਸ ਕਾਵਿ-ਮਈ ਅਨੁਭਵ ਨੂੰ ਕਲਾ ਵਿਚ ਬੰਨਣ ਦਾ ਯਤਨ 'ਕਵੀ' ਕਰਦਾ ਹੈ। ਉਹ ਸ਼ਬਦਾਂ ਦੀ ਸਹਾਇਤਾ ਨਾਲ ਕਵਿਤਾ ਦੀ ਉਸਾਰੀ ਕਰਦਾ ਹੈ। ਕਲਪਨਾ ਦੇ ਖੰਭਾਂ 'ਤੇ ਸਵਾਰ ਅਨੁਭਵ ਕਲਾ ਵਿਚ ਚਿੱਤਰ, ਸੰਗੀਤ, ਮੂਰਤੀ ਤੇ ਕਾਵਿ ਕਲਾ ਮੌਜੂਦ ਹੁੰਦੀ ਹੈ ਜੋ ਕਿ ਸੁਹਜ ਕਲਾ ਰਾਹੀਂ ਕਵਿਤਾ ਰੂਪੀ ਉਡਾਰੀਆਂ ਭਰਦਾ ਹੈ। ਉਹ ਸ਼ਬਦ-ਚਿੱਤਰਾਂ 'ਚ ਚਿੰਨ੍ਹਾਂ, ਅਲੰਕਾਰਾਂ ਤੇ ਬਿੰਬਾਂ ਨੂੰ ਨਾਲ ਲੈ ਕੇ ਉਸ ਨੂੰ ਕਾਵਿ-ਰੂਪ ਦਿੰਦਾ ਹੈ।

ਸਾਹਿਤ ਬਾਰੇ ਡਾ. ਹਰਿਭਜਨ ਲਿਖਦੇ ਹਨ: "ਇਕ ਛਿਣ ਦੇ ਫੈਸਲੇ ਨਾਲ ਬੰਦਾ ਕ੍ਰਾਂਤੀਕਾਰੀ ਅਖਵਾ ਸਕਦਾ ਹੈ ਪਰ ਆਪਣੇ ਫੈਸਲੇ ਨੂੰ ਵਖਵੇਂ ਥਾਈਂ ਲ਼ੰਘਾਏ ਬਿਨਾਂ ਸਾਹਿਤਕਾਰ ਨਹੀਂ ਬਣ ਸਕਦਾ। ਸਾਹਿਤਕਾਰੀ ਪ੍ਰੇਰਣਾ ਦਾ ਛਿਣ ਨਹੀਂ ਪ੍ਰਕਿਰਿਆ ਦੀ ਉਮਰ ਹੈ।"[2]

ਕਾਵਿ ਅੰਗਰੇਜ਼ੀ ਸ਼ਬਦ 'ਪੋਇਟਰੀ' ਦਾ ਪਰਿਆਇ ਹੈ। ਦੋਹਾਂ ਨੂੰ ਇਕ ਸਮਾਨ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਕਾਵਿ ਸੰਸਕ੍ਰਿਤ ਸ਼ਬਦ 'ਕਾਵਯ' ਦਾ ਪੰਜਾਬੀ ਰੂਪ ਹੈ ਜਿਸ ਵਿਚ ਕਾਵਿ+ਇ ਸਿਰਫ਼ ਪੁਰਾਤਨ ਰੁਚੀ ਦੀ ਲਖਾਇਕ ਹੈ। ਸੰਸਕ੍ਰਿਤ ਆਚਾਰੀਆ ਸਾਹਿਤ ਲਈ 'ਕਾਵਿ' ਸ਼ਬਦ ਵਰਤਦੇ ਹਨ। ਉਸ ਸਮੇਂ ਸਾਹਿਤ ਦੇ ਸਾਰੇ ਰੂਪਾਂ ਲਈ ਕਾਵਿ ਸ਼ਬਦ ਹੀ ਵਰਤਿਆ ਜਾਂਦਾ ਸੀ। ਉਹਨਾਂ ਨੇ ਕਵਿਤਾ ਨੂੰ ਪੰਜ ਸੂਖ਼ਮ ਕਲਾਵਾਂ ਵਿਚੋਂ ਕਵਿਤਾ ਨੂੰ ਪ੍ਰਮੁੱਖ ਮੰਨਿਆ ਹੈ।

ਇਹ ਸੂਖ਼ਮ ਕਲਾਵਾਂ ਹਨ: ਕਵਿਤਾ, ਰਾਗ, ਚਿੱਤਰ, ਮੂਰਤੀ, ਮੰਦਰ ਕਲਾ। ਕਾਵਿ ਸਿਰਜਣਾ ਦੇ ਹੇਠ ਲਿਖੇ ਸਿਧਾਂਤ ਹਨ।

## 1.1 ਕਵਿਤਾ ਦਾ ਅਰਥ

ਵਿਦਵਾਨ ਸਾਹਿਤ ਲਈ ਕਾਵਿ ਸ਼ਬਦ ਦੀ ਵਰਤੋਂ ਕਰਦੇ ਹਨ। ਸਾਹਿਤ ਦੇ ਸਿਧਾਂਤ ਨੂੰ ਕਾਵਿ ਸ਼ਾਸਤਰ ਕਹਿਣ ਦੀ ਰੁਚੀ ਪ੍ਰਾਚੀਨ ਸੰਸਕ੍ਰਿਤ ਤੇ ਯੁਨਾਨੀ ਵਿਦਵਾਨਾਂ ਵਿਚ ਸਾਂਝੀ ਹੈ। ਕਾਵਿ ਆਪਣੇ ਮੂਲ ਰੂਪ ਵਿਚ ਇਕ ਵਿਸ਼ਿਸ਼ਟ ਅਨੁਭੂਤੀ ਦੀ ਅਭਿਵਿਅਕਤੀ ਹੁੰਦੀ ਹੈ। ਸੰਸਕ੍ਰਿਤ ਆਚਾਰੀਆ ਕਾਵਿ ਦੇ ਗੁਣ ਸਤਿਅਮ; ਸ਼ਿਵਮ, ਸੁੰਦਰਮ ਮੰਨਦੇ ਹਨ।

ਇਸ ਬਾਰੇ ਪੱਛਮੀ ਕਵੀ ਜੋਸਫ ਰੋਕਸ ਦਾ ਕਹਿਣਾ ਹੈ, "ਮੇਰੀ ਨਜ਼ਰੇ ਕਵਿਤਾ ਵਿਚ ਭਾਵ ਨੂੰ ਉਘਾੜਨ ਦਾ ਸਰਵੋਤਮ ਤਰੀਕਾ ਹੋਣਾ ਚਾਹੀਦਾ ਹੈ।"[3]

ਕਵੀ ਦੀ ਇਹ ਇੱਛਾ ਹੁੰਦੀ ਹੈ ਕਿ ਉਸ ਦੇ ਸੁਹਿਰਦ ਪਾਠਕ ਵੀ ਉਸ ਦੀ ਇਸ ਅਖੰਡ ਅਨੁਭੂਤੀ ਨੂੰ ਅਖੰਡ ਰੂਪ ਵਿਚ ਹੀ ਮੰਨਣ। ਇਹ ਵੀ ਕਿਹਾ ਜਾਂਦਾ ਹੈ ਕਿ ਕਾਵਿ ਸਿਰਜਣ ਕਵੀ ਦੀ ਸੰਵੇਦਨਸ਼ੀਲਤਾ ਵਜੋਂ ਹੀ ਵਿਸ਼ਿਸ਼ਟਤਾ ਨੂੰ ਪ੍ਰਾਪਤ ਹੁੰਦੀ ਹੈ। ਕਵੀ ਦੀ ਅੰਮ੍ਰਿਤ ਰੂਪੀ ਬਾਣੀ ਹੀ ਜਨ-ਸਮਾਜ ਦੀ ਸ਼ਰਧਾ ਨੂੰ ਹੁਣ ਤੀਕ ਮੂਰਤੀਮਾਨ ਕਰਦੀ ਆ ਰਹੀ ਹੈ। ਕਵੀ ਸਮਾਜ ਵਿਚ ਵਿਚਰਨ ਵਾਲਾ ਹੀ ਵਿਅਕਤੀ ਹੁੰਦਾ ਹੈ। ਉਹ ਸਮਾਜ ਦਾ ਨਿਰਾਪੁਰਾ ਪੁਰੋਹਿਤ ਜਾਂ ਸਮਾਜ ਸੁਧਾਰਕ ਹੀ ਨਾ ਹੋ ਕੇ ਕਾਵਿ ਸਿਰਜਣ ਦੀਆਂ ਵਿਸ਼ੇਸ਼ਤਾਵਾਂ ਨਾਲ ਵਿਭੂਸ਼ਿਤ ਮਨੁੱਖ ਹੀ ਹੁੰਦਾ ਹੈ। ਕਾਵਿ-ਰਚਨਾ ਦਾ ਪਹਿਲਾ ਸਬੰਧ ਜਗਤ ਦੀ ਅਨੁਭੂਤੀ ਨਾਲ ਹੁੰਦਾ ਹੈ। ਉਹ ਇਸ ਸੰਸਾਰ ਦੀ ਕਿਰਿਆ ਦਾ ਸਾਧਾਰਣ ਚਿੱਤਰਕਾਰ ਹੀ ਨਹੀਂ ਹੁੰਦਾ ਸਗੋਂ ਦਿਸਦੇ ਸੰਸਾਰ ਵਿਚ ਕੁੱਝ ਅਲੌਕਿਕ ਬਿੰਬ ਤੇ ਪ੍ਰਤਿਬਿੰਬ ਵੀ ਉਸ ਨੂੰ ਦ੍ਰਿਸ਼ਟਮਾਨ ਹੁੰਦੇ ਹਨ, ਉਹਨਾਂ ਨੂੰ ਆਪਣੀਆਂ ਕਾਵਿ-ਰਚਨਾਵਾਂ ਵਿਚ ਸ਼ਾਮਿਲ ਕਰਦਾ ਹੋਇਆ ਪਾਠਕ ਵਰਗ ਦੀ ਆਤਮਾ ਨੂੰ ਝੰਜੋੜਨਾ ਆਪਣਾ ਫਰਜ਼ ਸਮਝਦਾ ਹੈ। ਇਸ ਫਰਜ਼ ਨੂੰ ਨਿਭਾਉਣ ਲਈ ਉਸ ਦੀ ਅਨੁਭੂਤੀ ਅਭਿਵਿਅਕਤੀ ਦਾ ਸਹਾਰਾ ਲੈਂਦੀ ਹੈ। ਕਵੀ ਦੀ ਇਹ ਪ੍ਰਕਿਰਿਆ ਉਸ ਦੀ ਰਚਨਾ ਨੂੰ ਸੰਜੀਵਤਾ ਪ੍ਰਦਾਨ ਕਰਦੀ ਹੈ ਜਿਸ ਰਾਹੀਂ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਕਾਵਿ-ਸੰਸਾਰ ਪ੍ਰਮੁੱਖ ਰੂਪ ਵਿਚ ਅਨੁਭੂਤੀ ਅਤੇ ਅਭਿਵਿਅਕਤੀ ਦਾ ਸ਼ੁਕਰਗੁਜ਼ਾਰ ਹੁੰਦਾ ਹੈ ਕਿਉਂਕਿ ਅਨੁਭੂਤੀ ਉਸ ਦੀ ਆਤਮਾ ਤੇ ਅਭਿਵਿਅਕਤੀ ਉਸ ਦਾ ਸਰੀਰ ਹੁੰਦਾ ਹੈ। ਇਨ੍ਹਾਂ ਦੋਹਾਂ ਦਾ ਸੁਮੇਲ ਹੀ ਕਾਵਿ ਬਣਦਾ ਹੈ। ਇਸ ਦੇ ਆਧਾਰ ਤੇ ਕਾਵਿ-ਸਿਰਜਨ ਸੰਬੰਧੀ ਸਿਧਾਂਤ ਨੂੰ ਦੋ ਵਰਗਾਂ ਵਿਚ ਵੰਡਿਆ ਜਾਂਦਾ ਹੈ। ਇਕ ਵਰਗ ਵਸਤੂਵਾਦੀ ਕਹਾਉਂਦਾ ਹੈ ਅਤੇ ਦੂਜਾ ਆਤਮਵਾਦੀ ਵਰਗ। ਵਸਤੂਵਾਦੀ ਵਰਗ ਦਾ ਸਿਧਾਂਤ ਦੁਨਿਆਵੀ ਸੱਚਾਈਆਂ ਨੂੰ ਉਜਾਗਰ ਕਰਨ ਵਾਲੇ ਸਿਧਾਂਤ ਨਾਲ ਹੁੰਦਾ ਹੈ। ਇਸ ਕਾਵਿ-ਸਿਧਾਂਤ ਵਿਚ ਪਲੈਟੋ, ਅਰਸਤੂ ਆਦਿ ਦੇ ਕਾਵਿ-ਸਿਧਾਂਤਾਂ ਤੋਂ ਲੈ ਕੇ ਅਜੋਕੇ ਯੁੱਗ ਦੇ ਯਥਾਰਥਵਾਦੀ ਕਾਵਿ-ਸਿਧਾਂਤ ਦਾ ਜ਼ਿਕਰ ਕੀਤਾ ਹੈ। ਆਤਮਵਾਦੀ ਸਿਧਾਂਤ ਦੇ ਅੰਤਰਗਤ ਕਵੀ ਦੀ ਆਤਮਾ ਅਭਿਵਿਅਕਤੀ ਸੰਬੰਧੀ ਸਿਧਾਂਤਾਂ ਦਾ ਨਿਰੂਪਣ ਕੀਤਾ ਜਾਂਦਾ ਹੈ। ਆਤਮਵਾਦੀ ਕਵੀ ਕਵੀਆਂ ਦੇ ਆਂਤਰਿਕ ਮਨ ਦੇ

ਸੰਘਰਸ਼ ਨੂੰ ਪੇਸ਼ ਕਰਦਾ ਹੈ। ਉਹ ਆਪਣੇ ਮਨ ਦੀਆਂ ਖੁਸ਼ੀਆਂ ਜਾਂ ਉਲਝਣਾਂ ਨੂੰ ਆਪਣੀ ਕਵਿਤਾ ਰਾਹੀਂ ਉਜਾਗਰ ਕਰਕੇ ਇਹ ਦਰਸਾਉਣ ਦਾ ਯਤਨ ਕਰਦਾ ਹੈ ਕਿ ਉਸ ਨੇ ਇਹ ਕਾਵਿ-ਰਚਨਾ ਕਿਵੇਂ ਰਚੀ? ਇਸ ਸਿਧਾਂਤ ਦੇ ਵਿਸ਼ਲੇਸ਼ਣਕਾਰਾਂ ਨੇ ਪੱਛਮੀ ਰੁਮਾਂਟਿਕ ਕਵੀਆਂ, ਸੌਂਦਰਯ ਸ਼ਾਸਤਰੀਆਂ ਅਤੇ ਮਨੋਵਿਸ਼ਲੇਸ਼ਣ ਸ਼ਾਸਤਰੀਆਂ ਦੀ ਅਭਿਵਿਅੰਜਨਾ ਨੂੰ ਦਰਸਾਇਆ ਹੈ। ਕਾਵਿ-ਸਿਰਜਨ ਦੇ ਅਧਿਐਨ ਕਰਨ ਵਾਲੀਆਂ ਇਨ੍ਹਾਂ ਦੋਵੇਂ ਪ੍ਰਮੁੱਖ ਪ੍ਰਣਾਲੀਆਂ ਨੂੰ ਅਹਿਮ ਮੰਨਿਆ ਜਾਂਦਾ ਹੈ।

ਕਵਿਤਾ ਦਾ ਜੀਵਨ ਨਾਲ ਬਹੁਤ ਗੂੜ੍ਹਾ ਤੇ ਬਹੁਪਖੀ ਸਬੰਧ ਹੈ। ਕਵਿਤਾ ਦਾ ਪ੍ਰਮੁੱਖ ਤੱਤ ਇਸ ਦੀ ਸਮਰੱਥਾ ਤੇ ਪ੍ਰਗਟਾਉ ਸਮਰੱਥਾ ਜਾਂ ਸੁਝਾਉ ਸ਼ਕਤੀ ਹੈ। ਇਹ ਸਾਡੀਆਂ ਅੱਖਾਂ ਨੂੰ ਸੰਵੇਦਨਾਤਮਕ ਤੇ ਰਹੱਸਵਾਦੀ ਆਨੰਦ ਪ੍ਰਦਾਨ ਕਰਦੀ ਹੈ। ਕਵੀ ਇਕ ਸੂਖਮ ਦ੍ਰਿਸ਼ਟੀ ਵਾਲਾ ਅਤੇ ਸੰਵੇਦਨਸ਼ੀਲ ਪ੍ਰਾਣੀ ਹੁੰਦਾ ਹੈ। ਉਹ ਆਪਣੀ ਕਲਾ ਤੇ ਸ਼ਕਤੀ ਨੂੰ ਪ੍ਰਗਟਾਅ ਵੀ ਸਕਦਾ ਹੈ।

ਇਸ ਸੰਬੰਧੀ ਕਵੀ ਯੂਰੀ ਬੋਰੋ (Yuri Boreu) ਦਾ ਕਥਨ ਹੈ: "ਕਲਾ ਸਿੱਖਿਅਤ ਕਰਨ ਦੀ ਸ਼ਕਤੀ ਹੈ, ਜਿਹੜੀ ਸਾਨੂੰ ਜ਼ਿੰਦਗੀ ਦੇ ਹਰ ਪਹਿਲੂਆਂ ਤੋਂ ਜਾਣੂ ਕਰਵਾਉਂਦੀ ਹੈ। ਕਾਵਿ ਵਿਚਲੀਆਂ ਜੁਗਤਾਂ ਮਨੁੱਖੀ ਅਨੁਭਵ ਨੂੰ ਵਿਅਕਤਿਤਵ ਪ੍ਰਦਾਨ ਕਰਦੀਆਂ ਹਨ। ਕਵਿਤਾ ਅਸਲ ਜ਼ਿੰਦਗੀ ਤੋਂ ਵੱਖ ਹੁੰਦੀ ਹੈ। ਕਵਿਤਾਵਾਂ ਦੀਆਂ ਭਾਵਨਾਵਾਂ ਸਾਹਿਤਕ ਹੁੰਦੀਆਂ ਹਨ ਪਰ ਏਨਾ ਜ਼ਰੂਰ ਹੁੰਦਾ ਹੈ ਕਿ ਜੇਕਰ ਕਾਵਿ ਵਿਚ ਕਲਪਨਾ ਤੇ ਸਾਹਿਤਕ ਭਾਵਨਾਵਾਂ ਡੂੰਘੀਆਂ ਹੁੰਦੀਆਂ ਹਨ ਤਾਂ ਉਹ ਅਸਲ ਜ਼ਿੰਦਗੀ ਦੇ ਅਨੁਭਵ ਵਿਚੋਂ ਹੀ ਉਪਜਦੀਆਂ ਹਨ। ਕਵੀ ਠੇਠ ਤੇ ਸੁਚਾਰੂ ਭਾਸ਼ਾ ਰਾਹੀਂ ਹੀ ਆਪਣੀ ਗੱਲ ਕਹਿਣ ਦੇ ਸਮਰੱਥ ਹੋ ਸਕਦਾ ਹੈ ਤੇ ਉਸ ਦੀ ਗੱਲ ਕਹਿਣ ਦੀ ਕਲਾ ਪਾਠਕ ਨੂੰ ਸੁਹਜ ਆਨੰਦ ਦੀ ਪ੍ਰਾਪਤੀ ਕਰਵਾਉਂਦੀ ਹੈ।"[4]

ਕਵਿਤਾ ਸਬੰਧੀ ਮੈਕਾਲੇ ਦਾ ਵਿਚਾਰ ਹੈ: "ਕਵੀ ਸ਼ਬਦਾਂ ਰਾਹੀਂ ਉਹੀ ਕਰ ਵਿਖਾਉਣ ਦੀ ਕਲਾ ਦੀ ਸਿਰਜਨਾ ਕਰਦਾ ਹੈ ਜੋ ਚਿਤਰਕਾਰ ਰੰਗਾਂ ਦੁਆਰਾ ਕਰਦਾ ਹੈ।"[5]

ਉਹੀ ਕਵਿਤਾ ਹੀ ਸੰਪੂਰਨ ਹੈ ਜੋ ਯੁੱਗ, ਸਮੇਂ ਤੇ ਸਮਾਜ ਅਨੁਸਾਰ ਚਲਦੀ ਹੋਈ ਮਨੁੱਖੀ ਮਨ ਦੇ ਹਾਵਾਂ-ਭਾਵਾਂ, ਵਿਚਾਰਾਂ, ਰਸਾਂ ਤੇ ਸੁਹਜਮਈ ਪ੍ਰਵਿਰਤੀਆਂ ਨੂੰ ਪੇਸ਼ ਕਰਦੀ ਹੋਈ ਜ਼ਿੰਦਗੀ ਦੇ ਯਥਾਰਥ ਨੂੰ ਨਵੀਂ ਚੇਤਨਤਾ ਨਾਲ ਰੂਪਮਾਨ ਕਰਦੀ ਹੈ। ਕਵਿਤਾ ਭਾਵਾਂ ਤੇ ਵਿਚਾਰਾਂ ਦਾ ਸੋਹਣਾ ਸੁਮੇਲ ਹੈ। ਉਸ ਵਿਚ ਅਤਿਕਥਨੀ ਅਲੰਕਾਰ, ਖੰਡਿਤ ਬਿੰਬ ਤੇ ਫਾਲਤੂ ਪ੍ਰਤੀਕਾਂ ਦੀ ਭਰਮਾਰ ਨਹੀਂ ਹੁੰਦੀ ਬਲਕਿ ਵਾਸਤਵਿਕਤਾ ਤੇ ਯਥਾਰਥਕਤਾ ਝਲਕਦੀ ਹੈ ਜੋ ਪਾਠਕ ਤੇ ਸਰੋਤਿਆਂ ਨੂੰ ਸੁਹਜਮਈ ਆਨੰਦ ਨਾਲ ਤ੍ਰਿਪਤ ਕਰਦੀ ਹੈ।

ਕਵਿਤਾ ਨੂੰ ਸਾਹਿਤ ਦਾ ਮੁੱਢਲਾ ਰੂਪ ਮੰਨਿਆ ਜਾਂਦਾ ਹੈ। ਸਾਹਿਤ ਦੇ ਇਤਿਹਾਸ ਵਿਚ ਸਭ ਤੋਂ ਪਹਿਲਾਂ ਕਵਿਤਾ ਹੀ ਪੈਦਾ ਹੋਈ। ਸੰਸਾਰ ਦੀ ਹਰ ਭਾਸ਼ਾ ਵਿਚ ਸਭ ਤੋਂ ਪਹਿਲਾਂ ਕਵਿਤਾ ਨੇ ਹੀ ਜਨਮ ਲਿਆ ਹੈ ਅਤੇ ਕਿਤੇ ਚਿਰਾਂ ਬਾਅਦ

ਵਾਰਤਕ ਦਾ ਜਨਮ ਹੋਇਆ। ਇਹ ਸਭ ਕੁੱਝ ਇਸ ਕਰ ਕੇ ਹੋਇਆ ਕਿਉਂਕਿ 'ਕਵਿਤਾ ਦਿਲ ਦੀ ਬੋਲੀ' ਹੋਣ ਕਾਰਨ ਪਹਿਮਾਂ ਹੋਂਦ ਵਿਚ ਆਈ ਅਤੇ ਵਾਰਤਕ 'ਦਿਮਾਗੀ ਭਾਸ਼ਾ' ਹੋਣ ਕਰ ਕੇ ਬਾਅਦ ਵਿਚ ਪੈਦਾ ਹੋਈ। ਕਵਿਤਾ ਕਿਸੇ ਉਪਮਾ ਦੀ ਕੈਦ ਵਿਚ ਨਹੀਂ ਆਉਂਦੀ। ਇਹ ਤਾਂ ਇਕ ਸੂਖ਼ਮ ਕਲਾ ਹੈ ਜਿਸ ਦਾ ਸਬੰਧ ਸਥੂਲ ਸਰੀਰ ਨਾਲ ਨਹੀਂ, ਆਤਮਾ ਨਾਲ ਹੈ। ਇਹ ਮਨੁੱਖ ਦੀ ਪ੍ਰਵਿਰਤੀ ਹੀ ਹੈ ਕਿ ਉਹ ਬੁਨਿਆਦੀ ਰੂਪ ਵਿਚ ਭਾਵਾਂ/ਜਜ਼ਬਿਆਂ, ਆਸਾਂ ਅਤੇ ਅਤ੍ਰਿਪਤੀਆਂ ਦੀਆਂ ਭਾਵਨਾਵਾਂ ਨੂੰ ਰੂਹ ਦੀ ਸੁਹਿਰਦਤਾ ਵਜੋਂ ਸਾਕਾਰ ਕਰਦੇ ਹਨ। ਇਸ ਤੋਂ ਸਪੱਸ਼ਟ ਜ਼ਾਹਿਰ ਹੈ ਕਿ ਕਵਿਤਾ ਆਪ ਮੁਹਾਰੇ ਦਿਲੀ ਭਾਵਾਂ ਦਾ ਸਿੱਧਾ, ਸਰਲ ਅਤੇ ਸਾਦਾ ਪ੍ਰਗਟਾਅ ਹੈ। ਕਵਿਤਾ ਮਨੁੱਖੀ ਹਿਰਦਿਆਂ ਦੀ ਤਰਜ਼ਮਾਨੀ ਕਰਦੀ ਹੈ। ਜਦੋਂ ਕਵਿਤਾ ਵਿਚ ਨਿਰੋਲ ਬੌਧਿਕ ਸੁਰ ਆ ਜਾਵੇ ਤਾਂ ਕਵਿਤਾ, ਕਵਿਤਾ ਨਹੀਂ ਰਹਿੰਦੀ। ਡਾ. ਮੋਹਨ ਸਿੰਘ ਦੀਵਾਨਾ ਦਾ ਕਹਿਣਾ ਹੈ ਕਿ ਕਵਿਤਾ ਦਾ ਜਨਮ 'ਆਹ' ਤੋਂ 'ਵਾਹ' ਤਕ ਹੁੰਦਾ ਹੈ ਭਾਵ ਜੋ ਗਮੀ ਅਤੇ ਖੁਸ਼ੀ ਦਰਸਾਉਂਦਾ ਹੈ। ਕਵਿਤਾ ਦਿਲ ਦੀ ਬੋਲੀ ਹੈ। ਕਵਿਤਾ ਮਨੁੱਖੀ ਹਿਰਦਿਆਂ ਦੀ ਸੁਹਿਰਦ ਤਰਜ਼ਮਾਨੀ ਕਰਨ ਦਾ ਦੂਜਾ ਨਾਮ ਸਮਝਿਆ ਜਾਂਦਾ ਹੈ। ਕਾਵਿ ਜਿਨ੍ਹਾਂ ਧੁਨੀਆਂ ਤੋਂ ਪੈਦਾ ਹੁੰਦਾ ਹੈ ਉਹ ਬ੍ਰਹਿਮੰਡ ਨਾਦ ਦਾ ਇਕ ਅਨਿਖੜਵਾਂ ਅੰਗ ਹੁੰਦੀਆਂ ਹਨ।

ਪੂਰਬੀ ਅਤੇ ਪੱਛਮੀ ਸਾਹਿਤ ਆਚਾਰੀਆਂ ਨੇ ਸਿਧਾਂਤਾਂ ਦਾ ਪੱਲਾ ਫੜ ਕੇ ਆਪਣੇ-ਆਪਣੇ ਢੰਗ ਨਾਲ ਕਾਵਿ ਦੇ ਸਰੂਪ ਨੂੰ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ। ਪੱਛਮੀ ਵਿਦਵਾਨਾਂ ਅਨੁਸਾਰ- ਜੋਨਸਨ, ਕਾਰਲਾਈਲ, ਹਡਸਨ ਅਤੇ ਸ਼ੈਲੇ ਆਦਿ ਵਲੋਂ ਕਵਿਤਾ ਸੰਬੰਧੀ ਦਿੱਤੀਆਂ ਸਾਂਝੀਆਂ ਪਰਿਭਾਸ਼ਾਵਾਂ ਦਾ ਸਾਂਝਾ ਤੱਤ ਇਹ ਹੈ ਕਿ ਕਵਿਤਾ ਭਾਵਾਂ ਦੀ ਤਰਜ਼ਮਾਨੀ ਕਰਦੀ ਹੈ।

## 1.2 ਕਵਿਤਾ ਦੀ ਪਰਿਭਾਸ਼ਾ

ਕਵਿਤਾ ਬਾਰੇ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਪੁਰਾਤਨ ਸਮੇਂ ਤੋਂ ਲੈ ਕੇ ਆਧੁਨਿਕ ਯੁੱਗ ਤੱਕ ਬਹੁਤ ਯਤਨ ਕੀਤੇ ਹਨ ਕਵਿਤਾ ਬਾਰੇ ਹੇਠ ਲਿਖੀਆਂ ਪਰਿਭਾਸ਼ਾਵਾਂ ਹਨ। ਕਵਿਤਾ ਦੀ ਸਭ ਤੋਂ ਪੁਰਾਣੀ ਪਰਿਭਾਸ਼ਾ ਯੁਨਾਨੀ ਵਿਦਵਾਨ ਅਰਸਤੂ ਦੀ ਹੈ ਉਸ ਨੇ ਆਪਣੀ ਪੁਸਤਕ ਪੋਇਟਿਕਸ ਵਿਚ ਕਵਿਤਾ ਨੂੰ ਪਰਿਭਾਸ਼ਿਤ ਕੀਤਾ ਹੈ:

> "ਕਵਿਤਾ ਭਾਵਾਤਮਕ ਤੇ ਲੈਅ ਭਰਪੂਰ ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਕਿਰਤੀ ਦੀ ਨਕਲ ਹੈ।"[6]

ਡਾ. ਪ੍ਰੇਮ ਪ੍ਰਕਾਸ਼ ਸਿੰਘ ਕਵਿਤਾ ਬਾਰੇ ਆਪਣੀ ਪੁਸਤਕ 'ਕਾਵਿ ਦੇ ਤੱਤ' ਵਿਚ ਪੱਛਮੀ ਕਵੀ ਜੇਮਜ਼ ਰੀਵਜ਼ ਦੇ ਹਵਾਲੇ ਨਾਲ ਲਿਖਦੇ ਹਨ: "ਕਾਵਿ ਦੀ ਕਦੰਤ ਵੀ ਪੂਰੀ ਤਰ੍ਹਾਂ ਵਿਆਖਿਆ ਨਹੀਂ ਹੋ ਸਕਦੀ। ਇਸ ਨੂੰ ਮਹਿਸੂਸਿਆ ਹੀ ਜਾ ਸਕਦਾ ਹੈ ਅਤੇ ਇਸ ਦੀ ਚਰਚਾ ਲਾਭ ਪੂਰਵਕ ਕੀਤੀ ਜਾ ਸਕਦੀ ਹੈ।"[7]

ਅੰਗਰੇਜ਼ੀ ਵਿਦਵਾਨ ਪੀ. ਬੀ. ਸ਼ੇਲੇ ਕਵਿਤਾ ਦੇ ਸਬੰਧ ਵਿਚ ਲਿਖਦਾ ਹੈ: "ਜੇ ਸਾਮਾਨਯ ਅਰਥਾਂ 'ਚ ਕਵਿਤਾ ਦੀ ਪਰਿਭਾਸ਼ਾ ਕਰਨੀ ਹੋਵੇ ਤਾਂ ਇਹ ਕਲਪਨਾ ਦਾ ਪ੍ਰਗਟਾਅ ਹੁੰਦੀ ਹੈ।"[8]

"ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ, "ਕਵਿਤਾ ਪਿਆਰ ਵਿੱਚ ਮੋਇਆਂ ਬੰਦਿਆਂ ਦੇ ਬਚਨ ਹਨ।"[9]

"ਪ੍ਰੋ. ਬੀ. ਬੈਨਰਜੀ, "ਕਵਿਤਾ ਅਜਿਹੇ ਫੁੱਲਾਂ ਦਾ ਬਾਗ਼ ਹੈ ਜਿਹੜਾ ਕਦੇ ਨਹੀਂ ਮੁਰਝਾਉਂਦਾ।"[10]

ਵੀਹਵੀਂ ਸਦੀ ਦੇ ਸੁਪ੍ਰਸਿੱਧ ਕਵੀ ਤੇ ਸਮਾਲੋਚਕ ਟੀ.ਐਸ. ਇਲੀਅਟ ਕਵਿਤਾ ਬਾਰੇ ਲਿਖਦੇ ਹਨ, "ਕਵਿਤਾ ਅਜਿਹੀ ਕਲਾ ਹੈ, ਜਿਸ ਰਾਹੀਂ ਅਸੀਂ ਆਪਣਾ ਪਾਸਪੋਰਟ ਜਾਂ ਟਿਕਟ ਲੈਣ ਤੋਂ ਬਿਨਾਂ ਹੀ ਇਕ ਦੇਸ਼ ਤੋਂ ਦੂਜੇ ਦੇਸ਼ ਦੀ ਯਾਤਰਾ ਕਰ ਸਕਦੇ ਹਾਂ।"[11]

ਹੁਣ ਤਕ ਦੇ ਅਧਿਐਨ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਕਵਿਤਾ ਬਾਰੇ ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ ਆਪਣੇ ਵੱਖੋ-ਵੱਖ ਵਿਚਾਰ ਪ੍ਰਗਟ ਕੀਤੇ ਹਨ ਤੇ ਉਹਨਾਂ ਨੇ ਆਪਣੇ ਨਿੱਜੀ ਅਧਿਐਨ ਅਨੁਭਵਾਂ ਅਨੁਸਾਰ ਕਵਿਤਾ ਦੀ ਵਿਆਖਿਆ ਕੀਤੀ ਹੈ। ਕਿਸੇ ਕਵੀ ਨੇ ਕਵਿਤਾ ਦੀ ਤੁਲਨਾ ਪ੍ਰਕਿਰਤੀ ਨਾਲ ਕੀਤੀ ਹੈ ਤੇ ਕਿਸੇ ਨੇ ਇਸ ਨੂੰ ਕਲਪਨਾਮਈ ਭਾਵ ਕਿਹਾ ਹੈ ਜਿਸ ਤੋਂ ਸੁਹਜ-ਸੁਆਦ ਦੀ ਤ੍ਰਿਪਤੀ ਹੁੰਦੀ ਹੈ। ਕਿਸੇ ਕਵੀ ਨੇ ਕਵਿਤਾ ਨੂੰ ਪਿਆਰ ਵਿਚ ਸਭ ਕੁਝ ਵਾਰ ਚੁੱਕੇ ਲੋਕਾਂ ਦੇ ਦਿਲੀ ਅਹਿਸਾਸ ਨਾਲ ਜੋੜਿਆ ਹੈ। ਕਵਿਤਾ ਨੂੰ ਫੁੱਲਾਂ ਦੇ ਬਾਗ ਨਾਲ ਤੁਲਨਾ ਕੀਤੀ ਗਈ ਹੈ ਜਿਸ ਦੀ ਮਹਿਕ ਕਦੇ ਵੀ ਘੱਟ ਨਹੀਂ ਹੁੰਦੀ। ਕਵਿਤਾ ਨੂੰ ਕਵੀ ਟੀ.ਐਸ. ਈਲੀਅਟ ਦੀ ਪਹੁੰਚ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਕਵਿਤਾ ਤਾਂ ਕਲਪਨਾ ਦੇ ਖੰਭਾਂ ਦੇ ਸਵਾਰ ਹੋ ਕੇ ਦੂਰ ਦੇਸ਼ ਦੀਆਂ ਉਡਾਰੀਆਂ ਲਾ ਆਉਂਦੀ ਹੈ।

ਕਵਿਤਾ ਸਾਹਿਤ ਦਾ ਅੰਗ ਹੈ। ਸਾਹਿਤ ਭਾਸ਼ਾ ਦੀ ਕੋਮਲ ਕਲਾ ਹੈ ਅਤੇ ਭਾਸ਼ਾ ਸਮਾਜਕ ਵਸਤੂ ਹੈ। ਮਨੁੱਖੀ ਸਮਾਜ ਚਿਣ ਆਪਣੇ ਮਨੋਭਾਵਾਂ ਅਤੇ ਵਲਵਲਿਆਂ ਨੂੰ ਪ੍ਰਗਟ ਕਰਨ ਲਈ ਮਨੁੱਖ ਨੇ ਭਾਸ਼ਾ ਨੂੰ ਜਨਮ ਦਿੱਤਾ। ਕਵੀ ਦੀ ਕਾਵਿ ਦ੍ਰਿਸ਼ਟੀ ਮਾਨਸਿਕ ਯਥਾਰਥ ਦੀ ਅਭਿਵਿਅਕਤੀ ਉੱਤੇ ਆਧਾਰਤ ਹੋ ਸਕਦੀ ਹੈ ਅਤੇ ਸਮਾਜਕ ਯਥਾਰਥ ਦੇ ਅਨੁਭਵਾਂ ਉਤੇ ਵੀ ਕੇਂਦਰਤ ਹੋ ਸਕਦੀ ਹੈ। ਕਵਿਤਾ ਵਿਚ ਕਵੀ ਸਮਕਾਲੀ ਯਥਾਰਥ ਦੀਆਂ ਗੁੰਝਲਾਂ, ਵਿਰੋਧਾਂ ਅਤੇ ਚੁਣੌਤੀਆਂ ਨੂੰ ਆਪਣੀ ਦ੍ਰਿਸ਼ਟੀ ਦਾ ਧੁਰਾ ਬਣਾਉਂਦਾ ਹੈ। ਉਹ ਆਪਣੀ ਕਾਵਿ ਦ੍ਰਿਸ਼ਟੀ ਨੂੰ ਸਵੈ ਤਕ ਸੀਮਤ ਰਖਣ ਦੀ ਬਜਾਏ ਜੀਵਨ ਦੇ ਬਹੁ-ਪਰਤੀ ਪਸਾਰੇ ਨੂੰ ਆਪਣੇ ਕਾਵਿ ਵਿਚ ਵਿਅਕਤ ਕਰਦਾ ਹੈ। ਕਵੀ ਦੀ ਕਾਵਿ ਦ੍ਰਿਸ਼ਟੀ ਹੀ ਉਸ ਨੂੰ ਪਾਠਕ ਨਾਲ ਜੋੜਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕਵੀ ਦਾ ਅਨੁਭਵ ਅਜੋਕੇ ਸਮਾਜਕ ਯਥਾਰਥ ਨਾਲ ਸੁਚੇਤ ਜਾਂ ਅਚੇਤ ਤੌਰ ਤੇ ਜੁੜਿਆ ਹੋਵੇ।

ਅਸੀਂ ਉੱਪਰ ਕਹਿ ਆਏ ਹਾਂ ਕਿ ਸਾਹਿਤ ਦੇ ਦੋ ਰੂਪ ਹਨ: ਪਦ ਅਤੇ ਗਦ। ਕਵਿਤਾ ਸਾਹਿਤ ਦਾ ਰੂਪ ਹੈ। ਕਵਿਤਾ ਸਾਹਿਤ ਦੇ ਪਦ ਰੂਪ ਵਿਚ ਸ਼ਾਮਲ ਹੁੰਦੀ ਹੈ। ਕਵਿਤਾ ਭਾਵਾਂ ਦੀ ਬੋਲੀ ਹੈ। ਕਵਿਤਾ ਕਿਸੇ ਉਪਮਾ ਦੀ ਕੈਦ ਵਿਚ ਨਹੀਂ ਆਉਂਦੀ। ਇਹ ਇਕ ਸੂਖਮ ਕਲਾ ਹੈ ਜਿਸ ਦਾ ਸੰਬੰਧ ਸਥੂਲ ਸਰੀਰ ਨਾਲ਼ ਨਹੀਂ, ਬਲਕਿ ਆਤਮਾ ਨਾਲ ਹੈ। ਕਵਿਤਾ

ਦਾ ਵਿਸ਼ਾ ਮਨੁੱਖੀ ਅਨੁਭਵ ਹੋ ਸਕਦਾ ਹੈ, ਪਰ ਅਜਿਹਾ ਜੋ ਮਨੁੱਖ ਜਾਤੀ ਲਈ ਚਿਰਜੀਵੀ ਕੀਮਤ ਰੱਖਦਾ ਹੋਵੇ। ਮਨੁੱਖ ਦੀ ਜ਼ਿੰਦਗੀ ਵਿਚ ਹਰ ਘੜੀ ਸੈਕੜੇ ਘਟਨਾਵਾਂ ਵਾਪਰਦੀਆਂ ਹਨ, ਉਹ ਸਾਰੀਆਂ ਕਵਿਤਾ ਦਾ ਵਿਸ਼ਾ ਨਹੀਂ ਬਣ ਸਕਦੀਆਂ। ਕਵਿਤਾ ਦਾ ਵਿਸ਼ਾ ਬਣਨ ਲਈ ਘਟਨਾ ਵਿਚ ਕੁਝ ਅਲੌਕਿਕਤਾ ਹੋਣੀ ਬਹੁਤ ਜ਼ਰੂਰੀ ਹੈ ਜੋ ਕਿ ਸਾਰਿਆਂ ਲਈ ਖਿੱਚ ਰਖਦੀ ਹੋਵੇ। ਕਵਿਤਾ ਲਈ ਇਸ ਦਾ ਛੰਦ-ਬੱਧ ਹੋਣਾ ਜ਼ਰੂਰੀ ਹੈ ਅਤੇ ਰਾਗ ਦਾ ਹੋਣਾ ਵੀ ਜ਼ਰੂਰੀ ਹੈ। ਅੱਜ ਕਲ ਛੰਦ-ਰਹਿਤ ਕਵਿਤਾ ਲਿਖਣ ਦਾ ਰਿਵਾਜ ਚਲ ਪਿਆ ਹੈ, ਪਰ ਉਸ ਵਿਚ ਵੀ ਇਕ ਖਾਸ ਤਰ੍ਹਾਂ ਦੀ ਲੈਅ ਨਾਲ ਰਾਗ ਦੀ ਲੋੜ ਨੂੰ ਪੂਰਾ ਕੀਤਾ ਜਾਂਦਾ ਹੈ। ਕਵਿਤਾ ਇਕ ਸੁੰਦਰੀ ਹੈ, ਜਿਸਦਾ ਇਸਤ੍ਰੀਤਵ 'ਛੰਦ' ਹੈ। ਕਵਿਤਾ ਨੂੰ ਭਾਵਾਂ ਦੀ ਬੋਲੀ ਕਿਹਾ ਗਿਆ ਹੈ। ਭਾਵਾਂ ਤੋਂ ਬਗੈਰ ਕਵਿਤਾ ਉਤਪੰਨ ਹੀ ਨਹੀਂ ਹੋ ਸਕਦੀ। 'ਕਲਪਨਾ' ਕਵਿਤਾ ਦੇ ਖੰਭ ਹਨ, ਜਿਨਾਂ ਦੀ ਸਹਾਇਤਾ ਨਾਲ ਉਹ ਗਗਨਾਂ ਤੇ ਉੱਡਦੀ ਤੇ ਅਣਦਿਸਦੇ ਦੀਆਂ ਸੋਆਂ ਲਿਆਉਂਦੀ ਹੈ।

ਇਕ ਚੰਗੀ ਕਵਿਤਾ ਇੰਨਾਂ ਸਾਰੇ ਅੰਗਾਂ-ਅਨੁਭਵ, ਛੰਦ, ਭਾਵ ਅਤੇ ਕਲਪਨਾ ਆਦਿ ਵਿਚ ਮਹਾਨ ਹੁੰਦੀ ਹੈ ਅਤੇ ਇੰਨਾਂ ਸਾਰਿਆਂ ਦਾ ਮਿਲਵਾਂ ਪ੍ਰਭਾਵ ਰੂਹ ਨੂੰ ਹੁਲਾਸਦਾ, ਵਿਗਸਾਉਂਦਾ ਤੇ ਤ੍ਰਿਪਤਾਉਂਦਾ ਹੈ।

ਕਵਿਤਾ ਦੇ ਦੋ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ: ਇਕ ਸਿਧਾਂਤਕ ਪੱਖ ਤੇ ਦੂਜਾ ਇਤਿਹਾਸਕ ਪੱਖ। ਸਿਧਾਂਤਕ ਪੱਖ ਵਿਚ ਕਲਪਨਾ, ਬਿੰਬ, ਪ੍ਰਤੀਕ, ਅਲੰਕਾਰ, ਛੰਦ, ਕਾਵਿ-ਰੂਪ (ਮਿੰਨੀ ਕਵਿਤਾ, ਵਾਰਤਕ ਕਵਿਤਾ, ਗੀਤ, ਖੁੱਲੀ ਕਵਿਤਾ) ਸ਼ਬਦਾਵਲੀ, ਭਾਸ਼ਾ ਆਦਿ ਆਉਂਦੇ ਹਨ।

**1.3 ਕਵਿਤਾ ਦੇ ਤੱਤ:** ਕਵਿਤਾ ਵਿਚ ਤੱਤਾਂ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਇਹਨਾਂ ਤੱਤਾਂ ਨਾਲ ਹੀ ਕਵਿਤਾ ਦੀ ਪਛਾਣ ਹੁੰਦੀ ਹੈ ਤੇ ਕਵਿਤਾ ਦੇ ਸੁਹਜ ਸੁਆਦ ਦੇ ਪੈਮਾਨੇ ਨੂੰ ਮਾਪਿਆ ਜਾਂਦਾ ਹੈ।

### 1.3.1 ਕਲਪਨਾ

ਕੋਈ ਵੀ ਕਵੀ, ਲੇਖਕ ਜਾਂ ਸਾਹਿਤਕਾਰ ਆਪਣੇ ਨਿੱਜੀ ਅਨੁਭਵ ਨੂੰ ਸਾਹਿਤ ਦੇ ਰੂਪ ਵਿਚ ਪੇਸ਼ ਕਰਦਾ ਹੈ ਫਿਰ ਉਸੇ ਅਨੁਭਵ ਵਿਚੋਂ ਪਾਠਕ/ਸਰੋਤੇ ਆਪਣਾ ਆਪਾ ਤਲਾਸ਼ਦੇ ਹਨ ਜਿਨ੍ਹਾਂ ਦਾ ਸੰਬੰਧ ਭਾਵ-ਪੱਖ ਤੇ ਕਲਾ-ਪੱਖ ਨਾਲ ਹੁੰਦਾ ਹੈ। ਆਪਣੀਆਂ ਭਾਵਨਾਵਾਂ ਤੇ ਅਨੁਭਵ ਨੂੰ ਲਿਖਤ ਰੂਪ ਦੇਣ ਲਈ ਕਵੀ ਕਲਪਨਾ ਦਾ ਸਹਾਰਾ ਲੈਂਦਾ ਹੈ ਕਿਉਂਕਿ ਕਲਪਨਾ ਬਿਨਾਂ ਅਨੁਭਵ ਦੀ ਬਿਆਨਕਾਰੀ ਸੰਭਵ ਨਹੀਂ। ਖਾਸ ਤੌਰ 'ਤੇ ਕਾਵਿ ਵਿਚ ਤਾਂ ਕਲਪਨਾ ਦਾ ਮੁੱਖ ਕਾਰਜ ਹੁੰਦਾ ਹੈ। ਕਲਪਨਾ ਵਿਚ ਕਾਵਿ-ਰਚਨਾ ਲਈ ਕਵੀ ਨੂੰ ਬਿੰਬਾਂ ਦਾ ਸਹਾਰਾ ਲੈਣਾ ਪੈਂਦਾ ਹੈ। ਬਿੰਬ-ਵਿਧਾਨ ਕਲਾ ਦਾ ਇਕ ਗਤੀਸ਼ੀਲ ਪੱਖ ਹੈ ਜੋ ਕਲਾ ਦੁਆਰਾ ਪੈਦਾ ਹੁੰਦਾ ਹੈ। ਬਿੰਬ ਦਾ ਜਨਮ ਕਲਪਨਾ ਨਾਲ ਹੁੰਦਾ ਹੈ ਤੇ ਪ੍ਰਤੀਕ ਬਿੰਬਾਂ ਵਿਚੋਂ ਜਨਮਦੇ ਹਨ। ਜਦੋਂ ਕਾਵਿ ਵਿਚ ਕਲਪਨਾ ਸਵੀਕ੍ਰਿਤ ਰੂਪ ਵਿਚ ਆਉਂਦੀ ਹੈ ਤਾਂ ਬਿੰਬ ਦਾ ਨਿਰਮਾਣ ਹੁੰਦਾ ਹੈ। ਜਦੋਂ

ਬਿੰਬ ਦੇ ਨਿਸ਼ਚਿਤ ਅਰਥ ਨਿਰਧਾਰਿਤ ਹੋ ਜਾਂਦੇ ਹਨ ਤਾਂ ਪ੍ਰਤੀਕ ਦਾ ਨਿਰਮਾਣ ਹੁੰਦਾ ਹੈ। ਸਪੱਸ਼ਟ ਹੈ ਕਿ ਕਲਾ ਨਿਰਮਾਣ ਲਈ ਕਲਪਨਾ, ਬਿੰਬ, ਪ੍ਰਤੀਕ ਤਿੰਨ ਅਵਸਥਾਵਾਂ ਮਹੱਤਵਪੂਰਨ ਸਥਾਨ ਰੱਖਦੀਆਂ ਹਨ।

ਕਲਪਨਾ ਨੂੰ ਅੰਗਰੇਜ਼ੀ ਵਿਚ 'Imagination' ਕਿਹਾ ਜਾਂਦਾ ਹੈ। ਕਲਪਨਾ ਤੋਂ ਭਾਵ ਕਿਸੇ ਵਿਸ਼ੇ-ਵਸਤੂ ਬਾਰੇ ਆਪਣੇ ਮਨ ਵਿਚ ਅਜਿਹੀ ਆਪਮੁਹਾਰੀ ਤਸਵੀਰ ਸਿਰਜਣਾ ਹੁੰਦੀ ਹੈ ਜਿਸ ਦੁਆਰਾ ਉਸ ਦੀ (ਵਿਸ਼ੇ-ਵਸਤੂ) ਦੀ ਆਕ੍ਰਿਤੀ ਸਪੱਸ਼ਟ ਹੋ ਜਾਵੇ। 'ਕਲਾ' ਭਾਵੇਂ ਉਹ ਕਿਸੇ ਵੀ ਤਰ੍ਹਾਂ ਦੀ ਹੋਵੇ ਚਾਹੇ ਚਿਤਰਕਲਾ, ਮੂਰਤੀਕਲਾ ਜਾਂ ਫਿਰ ਸਾਹਿਤ ਰਚਨਾ ਦੀ ਕਲਾ ਹੋਵੇ ਸਭ ਵਿਚ ਕਲਪਨਾ ਤੱਤ ਦਾ ਹੋਣਾ ਬਹੁਤ ਜ਼ਰੂਰੀ ਹੈ ਜਾਂ ਇੰਝ ਕਹਿ ਲਵੋ ਕਿ ਕਲਪਨਾ ਤੋਂ ਬਿਨਾਂ ਕਲਾ ਦੀ ਕੋਈ ਹੋਂਦ ਨਹੀਂ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਕਲਪਨਾ ਦੇ ਖੰਭਾਂ 'ਤੇ ਸਵਾਰ ਹੋ ਕੇ ਹੀ ਕਵੀ ਕਾਵਿ-ਜਗਤ ਦੀਆਂ ਉਡਾਰੀਆਂ ਲਾਉਂਦਾ ਹੈ। ਵੱਖ-ਵੱਖ ਵਿਦਵਾਨਾਂ ਨੇ ਕਲਪਨਾ ਨੂੰ ਆਪਣੇ-ਆਪਣੇ ਤਰੀਕੇ ਨਾਲ ਪਰਿਭਾਸ਼ਿਤ ਕੀਤਾ ਹੈ।

ਕਲਪਨਾ ਸਬੰਧੀ ਮਨੋਵਿਗਿਆਨਕ ਚਿੰਤਕ ਏਂਜਲ ਦਾ ਮਤ ਹੈ: "ਕਲਪਨਾ (ਇੰਦਰੀਆਂ ਦੁਆਰਾ) ਪ੍ਰਤੱਖ ਵਸਤੂਆਂ ਦੀ ਚੇਤਨਾ ਹੈ।"[12]

ਇਨਸਾਈਕਲੋਪੀਡੀਆ ਬ੍ਰਿਟੈਨਿਕਾ ਵਿਚ ਕਿਹਾ ਗਿਆ ਹੈ: "The formation of mental images as objects and events, not present to the sense. Through imagination an individual reproduces former happenings, devises new experiences".[13]

ਹਿੰਦੀ ਵਿਦਵਾਨ ਡਾ. ਨਗੇਂਦਰ ਦੇ ਕਲਪਨਾ ਬਾਰੇ ਵਿਚਾਰ ਹਨ: "ਕਲਪਨਾ ਉਸ ਮਾਨਸਿਕ ਸ਼ਕਤੀ ਦਾ ਨਾਮ ਹੈ ਜੋ ਪਹਿਲਾਂ ਕਵੀ ਨੂੰ ਵਰਣਨ ਵਿਸ਼ੇ ਦਾ ਉਦੇਸ਼ ਦਿਖਾਉਂਦੀ ਹੈ ਅਤੇ ਫਿਰ ਭਾਸ਼ਾ ਵਿਚ ਚਿਤਰਾਤਮਕਤਾ ਦਾ ਪਰਿਵੇਸ਼ ਕਰਵਾ ਕੇ ਸਰੋਤੇ ਦੇ ਮਨ ਦੀਆਂ ਅੱਖਾਂ ਸਾਹਮਣੇ ਵੀ ਉਸ ਨੂੰ ਅਪ੍ਰਤੱਖ ਕਰ ਦਿੰਦੀ ਹੈ।"[14]

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਕਲਪਨਾ ਮਨ ਦੀਆਂ ਅੱਖਾਂ ਦੁਆਰਾ ਕਿਸੇ ਵਸਤੂ ਬਾਰੇ ਸੋਚ ਵਿਚਾਰ ਕਰਨਾ ਤੇ ਉਸ ਦਾ ਅਪ੍ਰਤੱਖ ਆਕਾਰ ਆਪਣੇ ਮਨ ਵਿਚ ਸਿਰਜਣਾ ਹੀ ਕਲਪਨਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿਚ ਕਾਲਪਨਿਕ ਅੰਸ਼ ਮੌਜੂਦ ਹਨ। ਕਵਿਤਾ ਲਿਖਣਾ ਇਕ ਕਲਾ ਹੈ ਤੇ ਕਲਾ ਵਿਚ ਕਲਪਨਾ ਦਾ ਤੱਤ ਜ਼ਰੂਰੀ ਹੈ।

## 1.3.2 ਬਿੰਬ

ਕਵਿਤਾ ਦੇ ਰਹੱਸ ਨੂੰ ਉਘਾੜਨ ਲਈ ਬਿੰਬ ਇਕ ਬੁਨਿਆਦੀ ਤੱਤ ਹੈ ਜਿਸ ਨੂੰ ਅੰਗਰੇਜ਼ੀ ਵਿਚ 'Image' ਕਿਹਾ ਜਾਂਦਾ ਹੈ। ਕਾਵਿ ਦੀ ਜੋ ਵਿਸ਼ੇਸ਼ਤਾ ਸਾਡਾ ਧਿਆਨ ਖਿੱਚਦੀ ਹੈ ਉਹ ਬਿੰਬ ਜਾਂ ਚਿੱਤਰ ਹਨ। ਬਿੰਬ ਸ਼ਬਦ ਦੇ ਅਰਥ ਬਹੁਤ

ਵਿਸ਼ਾਲ ਹਨ। ਸਾਹਿਤ ਅਤੇ ਮਨੋਵਿਗਿਆਨ ਦੋਹਾਂ ਹੀ ਵਿਸ਼ਿਆਂ ਵਿਚ ਬਿੰਬ ਉੱਪਰ ਨਿੱਠ ਕੇ ਚਰਚਾ ਹੋਈ ਹੈ। ਕੇਦਾਰਨਾਥ ਸਿੰਘ ਮਨੋਵਿਗਿਆਨ ਬਿੰਬ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦਾ ਹੈ:

"ਮਾਨਸਿਕ ਪੁਨਰ ਨਿਰਮਾਣ ਇਕ ਸਿਮਰਤੀ ਅਤੀਤ ਦੀ ਇਕ ਸੰਵੇਦਨਸ਼ੀਲ ਅਨੁਭੂਤੀ ਦੇ ਰੂਪ ਵਿਚ ਬਿੰਬ ਦਾ ਅਧਿਐਨ ਕੀਤਾ ਜਾਂਦਾ ਹੈ।"[15]

ਬਿੰਬ ਦਾ ਕੋਈ ਪ੍ਰਤੱਖ ਦ੍ਰਿਸ਼ ਹੀ ਰੂਪਮਾਨ ਹੋਵੇ ਇਹ ਜ਼ਰੂਰੀ ਨਹੀਂ ਹੈ, ਬਿੰਬ ਤਾਂ ਇੰਦ੍ਰਿਆਵੀ ਅਨੁਭਵ ਅਤੇ ਅਨੁਕ੍ਰਿਤੀ (ਆਕਾਰ) ਵੀ ਹੋ ਸਕਦਾ ਹੈ। ਮਨੋਵਿਗਿਆਨਕ ਅਰਥਾਂ ਵਿਚ ਬਿੰਬ ਸਿਰਜਨਾ ਦੇ ਦੋ ਆਧਾਰ ਮੰਨੇ ਗਏ ਹਨ- 1. ਕਵੀ ਦੁਆਰਾ ਬਿੰਬ ਸਿਰਜਣਾ 2. ਪਾਠਕਾਂ ਦੁਆਰਾ ਬਿੰਬ ਬੋਧ ਰਚਨਾਕਾਰ ਦਾ ਨਿੱਜੀ ਅਵਚੇਤਨ ਅਤੇ ਸਮੂਹਿਕ ਅਵਚੇਤਨ। ਇਹ ਬਿੰਬ ਰਚਨਾ ਦੇ ਦੋ ਸ੍ਰੋਤ ਹਨ।

ਇਸ ਬਾਰੇ ਸੀ.ਜੀ. ਜੁੰਗ (C.G Jung) ਦਾ ਕਥਨ ਹੈ:- "ਸਾਡੀ ਤਤਕਾਲੀਨ ਚੇਤਨਾ ਜੋ ਸੰਪੂਰਨ ਤੌਰ 'ਤੇ ਵਿਅਕਤੀਗਤ ਹੁੰਦੀ ਹੈ ਅਤੇ ਜਿਸ ਨੂੰ ਅਸੀਂ ਆਪਣੀ ਅਨੁਭਵੀ ਮਾਨਸਿਕਤਾ ਸਵੀਕਾਰ ਕਰਦੇ ਹਾਂ, ਨਾਲ ਮਾਨਸਿਕ ਪ੍ਰਣਾਲੀ ਵੀ ਹੁੰਦੀ ਹੈ, ਜਿਸ ਦਾ ਸਰੂਪ ਸਮੂਹਿਕ, ਵਿਸ਼ਵਵਿਆਪੀ ਅਤੇ ਅਭਿਵਿਅਕਤੀਗਤ ਹੁੰਦਾ ਹੈ। ਇਹ ਮਾਨਸਿਕ ਪ੍ਰਣਾਲੀ ਸਾਰੇ ਮਨੁੱਖਾਂ ਵਿਚ ਸਾਂਝੀ ਹੁੰਦੀ ਹੈ। ਇਸ ਸਮੂਹਿਕ ਅਵਚੇਤਨ ਦਾ ਵਿਕਾਸ ਵਿਅਕਤੀਗਤ ਨਹੀਂ ਸਗੋਂ ਇਹ ਵਿਰਸੇ ਵਿਚ ਮਿਲਦੀ ਹੈ।"[16]

ਕਿਸੇ ਕਲਾਕਾਰ ਦਾ ਅਨੁਭਵ ਖੇਤਰ ਜਿੰਨਾਂ ਵਿਸ਼ਾਲ ਹੋਵੇਗਾ ਬਿੰਬ ਵੀ ਉਨੇ ਹੀ ਨਵੇਂ ਤੇ ਸਾਕਾਰ ਹੋਣਗੇ। ਇਸ ਲਈ ਕਲਾਕਾਰ ਕੋਲ ਉਸ ਸੂਖਮ ਦ੍ਰਿਸ਼ਟੀ ਦਾ ਹੋਣਾ ਅਤਿ ਜ਼ਰੂਰੀ ਹੈ ਜੋ ਪ੍ਰਤੱਖ ਦ੍ਰਿਸ਼ ਵਾਲੀਆਂ ਵਸਤਾਂ ਨੂੰ ਆਰ-ਪਾਰ ਦੇਖ ਸਕੇ। ਇਸ ਸੰਬੰਧ ਵਿਚ ਆਈ.ਏ. ਰਿਚਰਡ (I.A. Richard) ਦਾ ਵਿਸ਼ਲੇਸ਼ਣ ਬਹੁਤ ਨਿੱਘਰ ਤੇ ਮਹੱਤਵਪੂਰਨ ਹੈ:

"ਬਿੰਬ ਦੇ ਗੁਣਾਂ ਨੂੰ ਲੋੜੋਂ ਵੱਧ ਮਹੱਤਤਾ ਦਿੱਤੀ ਜਾਂਦੀ ਹੈ। ਕਿਸੇ ਬਿੰਬ ਨੂੰ ਜੋ ਗੱਲ ਪ੍ਰਭਾਵਕਤਾ ਪ੍ਰਦਾਨ ਕਰਦੀ ਹੈ, ਇਤਨੀ ਉਸ ਦੀ ਸਪੱਸ਼ਟਤਾ ਨਹੀਂ ਜਿਤਨਾ ਇਕ ਮਾਨਸਿਕ ਘਟਨਾ ਦੇ ਤੌਰ 'ਤੇ ਉਸ ਦਾ ਚਰਿੱਤਰ ਹੁੰਦਾ ਹੈ, ਜਿਹੜਾ ਬੜੇ ਹਾਸਮਈ ਢੰਗ ਨਾਲ ਨਾਲ ਸੰਵੇਦਨਾਵਾਂ ਨਾਲ ਸੰਬੰਧ ਰੱਖਦਾ ਹੈ।"[17]

ਉਪਰੋਕਤ ਪਰਿਭਾਸ਼ਾ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਬਿੰਬ ਦੀ ਸਿਰਜਨਾ ਉਨੀ ਸਪੱਸ਼ਟ ਨਹੀਂ ਹੁੰਦੀ ਜਿੰਨੀ ਸਪੱਸ਼ਟ ਤਸਵੀਰ ਬਿੰਬ-ਸਿਰਜਕ ਦੇ ਮਨ ਵਿਚ ਹੁੰਦੀ ਹੈ।

'Encyclopediea Britanica' ਵਿਚ ਬਿੰਬ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ:

"ਬਿੰਬ ਚੇਤੰਨ ਸਿਮਰਤੀਆਂ ਹਨ ਜੋ ਇੰਦਰੀ ਬੋਧ ਦੀ ਮੌਲਿਕ ਉਤੇਜਨਾ ਦੇ ਅਭਾਵ ਵਿਚ ਉਸ ਇੰਦਰੀ ਬੋਧ ਨੂੰ ਸੰਪੂਰਨ ਰੂਪ ਵਿਚ ਜਾਂ ਆਂਸ਼ਿਕ ਰੂਪ ਵਿਚ ਪੁਨਰ-ਸਿਰਜਿਤ ਕਰਦੀ ਹੈ।"[18]

## 1.3.3 ਪ੍ਰਤੀਕ

ਪ੍ਰਤੀਕ ਦੀ ਸੁਚੱਜੀ ਵਰਤੋਂ ਕਰਨ ਨਾਲ ਕਵਿਤਾ ਦੀ ਭਾਸ਼ਾ ਵਿਚ ਇਕ ਨਵੀਂ ਪਰਖ ਸ਼ਕਤੀ ਆ ਜਾਂਦੀ ਹੈ। ਜਿਥੇ ਪ੍ਰਤੀਕ ਇਕ ਪਾਸੇ ਭਾਵਾਂ ਦਾ ਸੰਚਾਰ ਕਰਦੇ ਹਨ ਉਥੇ ਹੀ ਦੂਸਰੇ ਪਾਸੇ ਭਾਸ਼ਾ ਦਾ ਅਲੰਕਰਣ ਅਤੇ ਅਰਥ ਵਿਸ਼ਾਲਤਾ ਵਿਚ ਵੀ ਵਾਧਾ ਕਰਦੇ ਹਨ।

ਡਾ. ਤਰਲੋਕ ਸਿੰਘ ਕੰਵਰ ਅਨੁਸਾਰ, "ਨਿਮਨ ਸਾਂਸਕ੍ਰਿਤਕ ਪੱਧਰਾਂ ਉਤੇ ਵਿਚਰਨ ਵਾਲੇ ਹੋਰ ਜੀਵਾਂ ਦੇ ਪ੍ਰਸੰਗ ਖੇਤਰ ਅਜਿਹੀ ਪ੍ਰਤੀਕ ਪ੍ਰਾਪਤੀ ਤੋਂ ਲਗਭਗ ਸੱਖਣੇ ਹੀ ਹੁੰਦੇ ਹਨ ਇਸ ਲਈ ਪ੍ਰਤੀਕ ਮਨੁੱਖ ਦੀ ਉਚੇਰੀ ਮੱਤ ਦੇ ਲਖਾਇਕ ਹਨ।"[19]

ਕਵੀ ਦੀ ਕਾਵਿ ਰਚਨਾ ਵਿਚ ਜਿੰਨਾਂ ਮਹੱਤਵ ਬਿੰਬ ਦਾ ਹੁੰਦਾ ਹੈ ਓਨਾ ਹੀ ਪ੍ਰਤੀਕ ਦਾ ਵੀ ਹੁੰਦਾ ਹੈ। ਕਵਿਤਾ ਦੀ ਸੂਖਮ ਭਾਵੀ ਬਿਰਤੀ ਵਿਚ ਪ੍ਰਤੀਕਾਂ ਦੀ ਬੁਨਿਆਦੀ ਜ਼ਰੂਰਤ ਵੀ ਰਹਿੰਦੀ ਹੈ। ਇਸ ਲਈ ਕਈ ਵਿਦਵਾਨ ਇਹ ਮੰਨਦੇ ਹਨ ਕਿ ਵਿਸ਼ਾਲ ਅਰਥਾਂ ਵਿਚ ਕਵਿਤਾ ਦਾ ਸੁਭਾਊ ਪ੍ਰਤੀਕਾਤਮਕ ਹੁੰਦਾ ਹੈ।

ਰੈਨੇਵੈਲਕ ਅਨੁਸਾਰ:– "ਇਕ ਅਜਿਹੀ ਵਸਤੂ ਜੋ ਕਿਸੇ ਹੋਰ ਵਸਤੂ ਵੱਲ ਸੰਕੇਤ ਕਰਦੀ ਹੈ ਪਰ ਨਾਲ ਹੀ ਪ੍ਰਗਤੀਕਰਨ ਦੇ ਰੂਪ ਵਿਚ ਉਸ ਦੇ ਆਪਣੇ ਸਰੂਪ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ।"[20]

ਕਾਵਿ ਵਿਚ ਪ੍ਰਤੀਕਾਂ ਦੀ ਵਰਤੋਂ ਹਰ ਯੁੱਗ ਵਿਚ ਹਰ ਕਵੀ ਨੇ ਕੀਤੀ ਭਾਵੇਂ ਉਹ ਮੱਧ ਕਾਲ ਹੋਵੇ ਜਾਂ ਗੁਰਮਤਿ ਕਾਲ ਹੋਵੇ। ਪ੍ਰਤੀਕ ਉਪਰ ਦੇਸ਼ ਕਾਲ ਅਤੇ ਸਭਿਆਚਾਰ ਦਾ ਪ੍ਰਤੱਖ ਪ੍ਰਭਾਵ ਹੁੰਦਾ ਹੈ। ਪ੍ਰਤੀਕ ਦੇ ਅਰਥ ਸਭਿਆਚਾਰਕ ਸੰਦਰਭਾਂ ਅਤੇ ਪ੍ਰਸੰਗਾਂ ਵਿਚ ਹੀ ਸਮਝੇ ਜਾ ਸਕਦੇ ਹਨ। ਇਕ ਹੀ ਚਿਹਨ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਭਾਵਾਂ ਨੂੰ ਰੂਪਮਾਨ ਕਰਦੇ ਹਨ।

'ਇਨਸਾਈਕਲੋਪੀਡੀਆ ਬ੍ਰਿਟੇਨਿਕਾ' ਵਿਚ 'ਖਜੂਰ' ਨੂੰ 'ਜਿੱਤ ਦਾ ਪ੍ਰਤੀਕ' ਕਿਹਾ ਹੈ ਪਰ ਸਾਡੇ ਸਮਾਜ ਵਿਚ ਖਜੂਰ ਨੂੰ ਮੁਸੀਬਤਾਂ ਤੇ ਅਪਸ਼ਗਨੀ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ। ਕੁੱਝ ਗਿਣਵੇਂ-ਚੁਣਵੇਂ ਪ੍ਰਤੀਕ ਹੀ ਅਜਿਹੇ ਹੁੰਦੇ ਹਨ ਜੋ ਉਸ ਸਮੇਂ, ਦੇਸ਼ ਅਤੇ ਸਭਿਆਚਾਰ ਤੋਂ ਮੁਕਤ ਹੁੰਦੇ ਹਨ ਜਿਵੇਂ ਸਭ ਦੇਸ਼ਾਂ ਵਿਚ ਸ਼ੇਰ ਬਹਾਦਰੀ ਦਾ, ਚਿੱਟਾ ਰੰਗ ਪਵਿੱਤਰਤਾ ਦਾ, ਪ੍ਰਕਾਸ਼ ਗਿਆਨ ਦਾ ਅਤੇ ਹਨੇਰਾ ਅਗਿਆਨ ਦਾ ਪ੍ਰਤੀਕ ਹੈ।

ਪ੍ਰਤੀਕਾਂ ਰਾਹੀਂ ਕਵਿਤਾ ਵਿਚ ਜਿੱਥੇ ਅਰਥਾਂ ਦੀ ਵਿਸ਼ਾਲਤਾ ਪੈਦਾ ਹੁੰਦੀ ਹੈ, ਉੱਥੇ ਕਈ ਵਾਰ ਸਾਰੀ ਕਾਵਿ-ਰਚਨਾ ਹੀ ਪ੍ਰਤੀਕਾਤਮਕ ਹੋਈ ਮਹਿਸੂਸ ਹੁੰਦੀ ਹੈ। ਸਮਕਾਲੀ ਕਵਿਤਾ ਵਿਚ ਕਵਿਤਾ ਕਿਸੇ ਕਲਾਤਮਕ ਜੁਗਤ ਨੂੰ ਪ੍ਰਵਾਨ ਨਹੀਂ ਕਰਦੀ ਪਰ ਫਿਰ ਵੀ ਉਸ ਵਿਚ ਕਲਾਤਮਕ ਜੁਗਤਾਂ ਵਿਸ਼ਾਲ ਰੂਪ ਵਿਚ ਮੌਜੂਦ ਹਨ।

## 1.3.4 ਰਸ

ਰਸ ਦਾ ਕਵਿਤਾ ਵਿਚ ਮਹੱਤਵਪੂਰਨ ਸਥਾਨ ਹੈ। 'ਰਸ' ਤੋਂ ਭਾਵ ਸੁਆਦ ਤੋਂ ਹੈ। ਕਵਿਤਾ ਦੇ ਪ੍ਰਭਾਵਮਈ ਹੋਣ ਵਿਚ ਰਸ ਦਾ ਹੋਣਾ ਜ਼ਰੂਰੀ ਹੈ। ਆਧੁਨਿਕ ਕਵਿਤਾ ਵਿਚ 'ਰਸ' ਦੀ ਅਨੁਭੂਤੀ ਪ੍ਰਬਲ ਰੂਪ ਵਿਚ ਵਿਦਮਾਨ ਹੈ। ਕਵਿਤਾਵਾਂ ਵਿਚ ਰਸ ਵੱਖੋ-ਵੱਖ ਤਰੀਕੇ ਨਾਲ ਅਨੁਭਵ ਕੀਤਾ ਜਾ ਸਕਦਾ ਹੈ। ਰਸ ਅਨੁਭੂਤੀ ਤੋਂ ਭਾਵ ਹੈ-'ਕਾਵਿ-ਸੁਆਦ'। ਰਸ ਅਨੁਭੂਤੀ ਦੁਆਰਾ ਹੀ ਅਸੀਂ ਕਾਵਿ ਦਾ ਆਨੰਦ ਮਾਣ ਸਕਦੇ ਹਾਂ। ਭਾਰਤੀ ਕਾਵਿ ਸ਼ਾਸਤਰ ਵਿਚ ਰਸਾਂ ਦੀ ਗਿਣਤੀ ਨੌ ਮੰਨੀ ਗਈ ਹੈ:- ਕਰੁਣਾ ਰਸ, ਬੀਰ ਰਸ, ਸ਼ਿੰਗਾਰ ਰਸ, ਅਦਭੁੱਤ ਰਸ, ਰੌਦਰ ਰਸ, ਹਾਸ ਰਸ, ਭਿਆਨਕ ਰਸ, ਵੀਭਤਸ ਰਸ, ਸ਼ਾਂਤ ਰਸ ਆਦਿ। ਅਸੀਂ ਜ਼ਿਆਦਾਤਰ ਕਵਿਤਾਵਾਂ ਵਿਚ ਸ਼ਿੰਗਾਰ ਰਸ, ਕਰੁਣਾ ਰਸ, ਵੀਰ ਰਸ, ਹਾਸ ਰਸ, ਸ਼ਾਂਤ ਰਸ ਆਦਿ ਰਸਾਂ ਦਾ ਸੁਆਦ ਮਾਣਦੇ ਹਾਂ।

ਰਾਜਿੰਦਰ ਸਿੰਘ ਸੇਖੋਂ ਰਸ ਬਾਰੇ ਲਿਖਦਾ ਹੈ, "ਅਸੀਂ ਜਦੋਂ ਦੁਨਿਆਵੀ ਵਸਤਾਂ ਦਾ ਉਪਭੋਗ ਕਰਦੇ ਹਾਂ ਤਾਂ 'ਰਸ' ਉਤਪੰਨ ਹੁੰਦਾ ਹੈ ਪਰ ਇਸ ਦਾ ਸਬੰਧ ਜੀਭ ਨਾਲ ਹੈ। ਜਦ ਕਿ ਕਾਵਿਕ ਰਸ ਦਾ ਸਬੰਧ ਵਿਸ਼ੇਸ਼ ਤੌਰ ਤੇ ਮਨ ਅਤੇ ਆਮ ਤੌਰ ਤੇ ਅੱਖਾਂ, ਕੰਨਾਂ ਤੇ ਬੋਲਾਂ ਨਾਲ ਹੁੰਦਾ ਹੈ।"[21]

## 1.3.5 ਅਲੰਕਾਰ

ਕਾਵਿ ਵਿਚ ਅਲੰਕਾਰ ਦਾ ਵੀ ਬਹੁਤ ਮਹੱਤਵ ਹੈ। ਜੇਕਰ ਰਸ ਨੂੰ ਕਾਵਿ ਦੀ ਆਤਮਾ ਕਿਹਾ ਗਿਆ ਹੈ ਤਾਂ ਅਲੰਕਾਰ ਕਾਵਿ ਦਾ ਗਹਿਣਾ ਹੈ, ਜਿਸ ਨੂੰ ਧਾਰਨ ਕਰਕੇ ਕਾਵਿ ਦੀ ਸੁੰਦਰਤਾ ਨੂੰ ਚਾਰ ਚੰਨ ਲੱਗ ਜਾਂਦੇ ਹਨ। ਜੇਕਰ ਅਲੰਕਾਰਾਂ ਦੀ ਕਾਵਿ ਵਿਚ ਬਹੁਤਾਤ ਹੋਵੇ ਤਾਂ ਕਾਵਿ ਦੀ ਸੁੰਦਰਤਾ ਨਸ਼ਟ ਵੀ ਹੋ ਜਾਂਦੀ ਹੈ। ਆਧੁਨਿਕ ਕਵੀ ਆਪਣੇ ਆਪ ਨੂੰ ਛੰਦ-ਮੁਕਤ ਜਾਂ ਅਲੰਕਾਰ-ਮੁਕਤ ਰੱਖ ਕੇ ਕਾਵਿ-ਰਚਨਾ ਕਰਦੇ ਹਨ। ਜਿਸ ਨੂੰ 'ਖੁੱਲ੍ਹੀ ਕਵਿਤਾ' ਵੀ ਕਿਹਾ ਜਾਂਦਾ ਹੈ। ਕਈ ਵਾਰ ਖੁੱਲ੍ਹੀ ਲੰਬੀ ਕਵਿਤਾ ਵਾਰਤਕ ਦਾ ਝਾਉਲਾ ਵੀ ਪਾ ਜਾਂਦੀ ਹੈ। ਖੁੱਲ੍ਹੀ ਕਵਿਤਾ ਦੀ ਪਿਰਤ ਪ੍ਰੋ. ਪੂਰਨ ਸਿੰਘ ਤੋਂ ਹੀ ਆਰੰਭ ਹੋਈ ਸੀ। ਅਜੋਕੇ ਕਵੀ ਇੰਨ੍ਹਾਂ ਦੀ ਕੈਦ ਤੋਂ ਮੁਕਤ ਹੋ ਕੇ ਰਚਨਾ ਕਰਦੇ ਹਨ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਅਲੰਕਾਰਾਂ, ਛੰਦਾਂ ਵਿਚ ਬੱਝ ਕੇ ਆਪਣੀ ਗੱਲ ਕਹਿਣ ਦੀ ਸੁਤੰਤਰਤਾ ਨਹੀਂ ਰਹਿੰਦੀ ਅਤੇ ਵਿਚਾਰਾਂ ਦੀ ਸਹੀ ਪੇਸ਼ਕਾਰੀ ਨਹੀਂ ਹੁੰਦੀ।

ਪ੍ਰਸਿੱਧ ਆਲੋਚਕ ਅਚਾਰਿਆ ਰਾਮਚੰਦਰ ਸ਼ੁਕਲ ਅਨੁਸਾਰ, "ਭਾਵਾਂ ਨੂੰ ਉਚਿਆਉਣ ਅਤੇ ਵਸਤੂਆਂ ਦੇ ਰੂਪ, ਗੁਣ ਅਤੇ ਕਿਰਿਆ ਨੂੰ ਵਧੇਰੇ ਅਨੁਭਵ ਕਰਾਉਣ ਲਈ ਮਦਦ ਦੇਣ ਵਾਲੀ ਜੁਗਤੀ ਦਾ ਨਾਮ 'ਅਲੰਕਾਰ' ਹੈ।"[22]

ਆਚਾਰਯ ਭਾਮਹ ਨੂੰ ਅਲੰਕਾਰ ਸੰਪ੍ਰਦਾਇ ਦਾ ਮੋਢੀ ਮੰਨਿਆ ਜਾਂਦਾ ਹੈ। ਆਚਾਰਯ ਦੰਡੀ 'ਕਾਵਿ ਦੀ ਸ਼ੋਭਾ ਵਧਾਉਣ ਵਾਲੇ ਤੱਤ ਨੂੰ ਅਲੰਕਾਰ ਦਾ ਨਾਂ ਦਿੰਦਾ ਹੈ। ਉਨ੍ਹਾਂ ਅਨੁਸਾਰ ਅਲੰਕਾਰ ਕਾਵਿ ਵਿਚ ਸੁੰਦਰਤਾ ਪੈਦਾ ਕਰਦੇ ਹਨ।

ਆਚਾਰਯ ਵਾਮਨ ਅਤੇ ਆਚਾਰਯ ਮਹਿਮ ਭੱਟ ਵੀ ਅਲੰਕਾਰ ਨੂੰ ਕਾਵਿ ਗੁਣ ਮੰਨਦੇ ਹਨ ਜਿਹੜੇ ਕਾਵਿ ਦੀ ਸ਼ੋਭਾ ਵਿਚ ਵਾਧਾ ਕਰਦੇ ਹਨ ਅਤੇ ਉਸ ਨੂੰ ਉਚਤਾ ਬਖ਼ਸ਼ਦੇ ਹਨ। ਆਚਾਰਯ ਮੰਮਟ ਰਸਵਾਦੀ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਹਨ। ਉਨ੍ਹਾਂ ਅਨੁਸਾਰ ਅਲੰਕਾਰ ਕਿਸੇ ਰਚਨਾ ਵਿਚ ਹਾਰ (ਗਹਿਣਿਆਂ) ਵਾਂਗੂ ਹਨ, ਜਿਹੜੇ ਕਾਵਿ ਦੀ ਆਤਮਾ (ਰਸ) ਦਾ ਅੰਗ ਬਣ ਕੇ ਉਸ ਦਾ ਉਪਕਾਰ ਕਰਦੇ ਹਨ।

ਵਿਸ਼ਵਨਾਥ ਦਾ ਮਤ ਕਿ ਗਹਿਣਿਆਂ ਦਾ ਸਮਾਨ, ਸ਼ੋਭਾ ਵਿਚ ਵਾਧਾ ਕਰਨ ਵਾਲੇ, ਰਸ, ਭਾਵ ਆਦਿਕ ਦੇ ਉਪਕਾਰਕ, ਸ਼ਬਦਾਰਥ ਦੇ ਅਸਥਾਈ ਧਰਮ (ਤੱਤ) ਅਕਾਰ ਹਨ। ਅਰਥਾਤ ਅਲੰਕਾਰ ਰਸ ਦੇ ਚਮਤਕਾਰਕ ਸਾਧਨ ਹਨ ਅਤੇ ਕਾਵਿ ਰਸ ਨੂੰ ਚਮਕਾਉਣ ਲਈ ਵਰਤੀਆਂ ਜਾਣ ਵਾਲੀਆਂ ਜੁਗਤਾਂ ਵਿਚੋਂ ਇਕ ਹਨ। ਮਨੁੱਖ ਦਾ ਕੁਦਰਤੀ ਸੁਭਾਅ ਹੈ ਕਿ ਉਸ ਨੂੰ ਹਮੇਸ਼ਾ ਸੁੰਦਰ ਤੋਂ ਸੁੰਦਰ ਦਿੱਖਣ ਦੀ ਲਾਲਸਾ ਲੱਗੀ ਰਹਿੰਦੀ ਹੈ। ਇਹ ਲਾਲਸਾ ਸਾਹਿਤਕ ਖੇਤਰ ਵਿਚ ਵੀ ਦੇਖਣ ਨੂੰ ਮਿਲਦੀ ਹੈ। ਉਹ ਸਾਹਿਤਕ ਰਚਨਾ ਨੂੰ ਅਲੰਕਾਰਾਂ ਨਾਲ ਰਚ ਕੇ ਸੁਹਜ ਦੀ ਤ੍ਰਿਪਤੀ ਕਰਵਾਉਂਦੀ ਹੈ। ਕਈ ਤਰ੍ਹਾਂ ਦੇ ਅਲੰਕਾਰਾਂ ਰਾਹੀਂ ਕਾਵਿ-ਰਚਨਾ ਨੂੰ ਸੁੰਦਰਤਾ ਪ੍ਰਦਾਨ ਕੀਤੀ ਜਾਂਦੀ ਹੈ।

## 1.3.6 ਛੰਦ

ਛੰਦ ਕਵਿਤਾ ਦਾ ਮੂਲ ਗੁਣ ਨਹੀਂ ਹੈ ਸਗੋਂ ਇਹ ਬਨਾਵਟੀ ਹੈ ਜੋ ਕਿ ਕਵੀ ਦੀ ਆਪਣੀ ਕਾਰੀਗਰੀ ਉਪਰ ਨਿਰਭਰ ਕਰਦਾ ਹੈ। ਇਸ ਦਾ ਸੰਬੰਧ ਕਵਿਤਾ ਦੇ ਬਾਹਰੀ ਆਕਾਰ ਨਾਲ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ, "ਕਵਿਤਾ ਵਿਚ ਮਾਤਰਾ ਜਾਂ ਵਰਣਾਂ ਨੂੰ ਖਾਸ ਵਿਉਂਤ ਨਾਲ ਜੋੜ ਕੇ ਵਜ਼ਨ, ਤੋਲ, ਸੁਰ, ਵਿਸ਼ਰਾਮ ਆਦਿ ਦਾ ਖਿਆਲ ਰੱਖਦੇ ਹੋਏ ਤੁਕਾਂਤ ਦੇ ਮੇਲ ਨਾਲ ਲੈਅ ਪੈਦਾ ਕਰਨੀ ਹੀ ਛੰਦ ਹੈ।"[23]

ਆਧੁਨਿਕ ਕਵਿਤਾ ਤਾਂ ਛੰਦ-ਬੱਧ ਘੱਟ ਤੇ ਛੰਦ-ਮੁਕਤ ਜ਼ਿਆਦਾ ਮਿਲਦੀ ਹੈ। ਅਸੀਂ ਇਹ ਗੱਲ ਮੰਨਦੇ ਹਾਂ ਕਿ ਅਜੋਕੀ ਕਵਿਤਾ ਹੋਵੇ ਜਾਂ ਪੁਰਾਤਨ ਕਵਿਤਾ ਵਿਚ ਕਲਾ ਤੇ ਉਦੇਸ਼ ਤਾਂ ਹੋਣੇ ਹੀ ਚਾਹੀਦੇ ਹਨ। ਕਵਿਤਾ ਛੰਦ, ਅਲੰਕਾਰ, ਬਿੰਬ, ਪ੍ਰਤੀਕ ਆਦਿ ਦੀ ਮੁਹਤਾਜ ਨਾ ਹੋ ਕੇ ਸਪੱਸ਼ਟ ਵਿਚਾਰਾਂ ਦੀ ਪੂਰਤੀ ਲਈ ਹੋਣੀ ਚਾਹੀਦੀ ਹੈ। ਅਜੋਕੀ ਪੰਜਾਬੀ ਕਵਿਤਾ ਵਿਚ ਕਲਾ ਨਾਲੋਂ ਵੱਧ, ਵਿਚਾਰਾਂ ਦੀ ਸਪੱਸ਼ਟਤਾ ਜ਼ਿਆਦਾ ਮੱਹਤਵ ਰੱਖਦੀ ਹੈ।

## 1.3.7 ਕਾਵਿ-ਰੂਪ

ਕਾਵਿ ਰੂਪ ਤੋਂ ਭਾਵ ਕਵਿਤਾ ਦੇ ਬਾਹਰੀ ਰੂਪ ਤੋਂ ਹੈ। ਕਵਿਤਾ ਦਾ ਬਾਹਰੀ ਰੂਪ: ਮਿੰਨੀ ਕਵਿਤਾ, ਵਾਰਤਕ ਕਵਿਤਾ, ਮਹਾਂ-ਕਾਵਿ, ਗੀਤ, ਖੁੱਲ੍ਹੀ ਕਵਿਤਾ ਆਦਿ ਹਨ। ਕਵਿਤਾ ਦੇ ਆਤਰਿਕ ਰੂਪ: ਬਿੰਬ, ਪ੍ਰਤੀਕ, ਅਲੰਕਾਰ, ਛੰਦ, ਭਾਸ਼ਾ ਆਦਿ ਹਨ।

**ਖੁੱਲ੍ਹੀ ਕਵਿਤਾ:** ਅੱਜਕਲ ਖੁਲ੍ਹੀ ਕਵਿਤਾ ਦਾ ਪ੍ਰਚਲਨ ਵਧੇਰੇ ਹੈ। ਅਜੋਕਾ ਕਵੀ ਛੰਦ ਰਹਿਤ ਖੁਲ੍ਹੀ ਕਵਿਤਾ ਦੀ ਹੀ ਰਚਨਾ ਕਰਦਾ ਹੈ। ਉਹ ਛੰਦ-ਬੱਧ ਕਵਿਤਾ ਨੂੰ ਨਵਾਬੀ ਪੈਰ ਦੀ ਜੁੱਤੀ ਸਮਝਦੇ ਹਨ ਤੇ ਕਲਪਨਾ ਰੂਪੀ ਖੰਭਾਂ 'ਤੇ ਸਵਾਰ ਹੋ ਕੇ ਖੁੱਲ੍ਹੀ ਕਵਿਤਾ ਦੀਆਂ ਉਡਾਰੀਆਂ ਭਰਦੇ ਹਨ।

**ਮਿੰਨੀ ਕਵਿਤਾ:** ਮਿੰਨੀ ਕਵਿਤਾ ਤੋਂ ਭਾਵ ਛੋਟੀ ਕਵਿਤਾ ਤੋਂ ਹੈ, ਜਿਸ ਦੀਆਂ ਪੰਜ ਤੋਂ ਸੱਤ ਪੰਕਤੀਆਂ ਹੋਣ। ਮਿੰਨੀ ਕਵਿਤਾ ਵਿਚ ਵਿਚਾਰਾਂ ਦੀ ਲੜੀ ਕਦੋਂ ਸ਼ੁਰੂ ਹੁੰਦੀ ਹੈ ਤੇ ਕਦੋਂ ਖ਼ਤਮ ਕੁਝ ਪਤਾ ਹੀ ਨਹੀਂ ਚੱਲਦਾ। ਮਿੰਨੀ ਕਵਿਤਾ ਭਾਵੇਂ ਕਾਵਿ ਦਾ ਛੋਟਾ ਰੂਪ ਹੈ ਪਰ ਉਸ ਛੋਟੇ ਰੂਪ ਵਿਚ ਹੀ ਵਿਚਾਰਾਂ ਨੂੰ ਸਪੱਸ਼ਟ ਕਰਨ ਦੀ ਕਲਾ ਕਵੀ ਕੋਲ ਹੋਣੀ ਚਾਹੀਦੀ ਹੈ।

**ਵਾਰਤਕ ਕਵਿਤਾ:** ਅਜੋਕੀ ਕਵਿਤਾ ਤਾਂ ਜ਼ਿਆਦਾਤਰ ਵਾਰਤਕ ਵਰਗੀ ਕਵਿਤਾ ਹੈ, ਜਿਸ ਵਿਚ ਕਵੀ ਆਪਣਾ ਉਦੇਸ਼ ਪ੍ਰਗਟਾਉਂਦਾ ਹੋਇਆ ਕਵਿਤਾ ਨੂੰ ਵਾਰਤਕ ਦਾ ਰੂਪ ਦੇ ਦਿੰਦਾ ਹੈ। ਇਸ ਨੂੰ ਭਾਵੇਂ ਕਵਿਤਾ ਤਾਂ ਨਹੀਂ ਕਿਹਾ ਜਾ ਸਕਦਾ ਪਰ ਇਸ ਵਾਰਤਕ ਵਿਚ ਕਵਿਤਾ ਵਰਗੇ ਤੱਤ ਹੁੰਦੇ ਹਨ।

**ਅਕਵਿਤਾ:** ਆਧੁਨਿਕ ਪੰਜਾਬੀ ਕਵਿਤਾ ਦੇ ਵਿਚ ਅਕਵਿਤਾ ਦਾ ਹੜ੍ਹ ਜਿਹਾ ਆਇਆ ਹੋਇਆ ਹੈ। ਕਵਿਤਾ ਬਿਨਾਂ ਕਿਸੇ ਉਦੇਸ਼ ਦੇ ਲਿਖੀ ਜਾਂਦੀ ਹੈ। ਓਨੀ ਕਵਿਤਾ ਨਹੀਂ ਲਿਖੀ ਜਾਂਦੀ ਜਿੰਨੀ ਅਕਵਿਤਾ ਲਿਖੀ ਜਾਂਦੀ ਹੈ। ਅਕਿਵਤਾ ਤੋਂ ਭਾਵ ਅਰਥਵਿਹੂਣੀ ਕਵਿਤਾ, ਉਦੇਸ਼ ਵਿਹੂਣੀ ਕਵਿਤਾ ਭਾਵ ਜਿਸ ਕਵਿਤਾ ਦਾ ਕੋਈ ਉਦੇਸ਼ ਨਹੀਂ, ਜਿਸ ਵਿਚੋਂ ਕੋਈ ਅਰਥ ਨਹੀਂ ਨਿਕਲਦਾ, ਫਾਲਤੂ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੋਵੇ, ਕੋਈ ਤੁਕ-ਤੁਕਾਂਤ, ਲੈਅ ਨਾ ਹੋਵੇ ਉਹ ਅਕਵਿਤਾ ਹੈ।

**ਸੁਚੱਜੀ ਕਵਿਤਾ:** ਸੁਚੱਜੀ ਕਵਿਤਾ ਉਹ ਹੁੰਦੀ ਹੈ ਜਿਸ ਨੂੰ ਪੜ੍ਹ ਕੇ ਕੁਝ ਅਰਥ ਸਪੱਸ਼ਟ ਹੋਣ ਤੇ ਕੋਈ ਢੁੱਕਵਾਂ ਉਦੇਸ਼ ਹੋਵੇ, ਜ਼ਰੂਰੀ ਨਹੀਂ ਕਿ ਇਹ ਸਭ ਅਲੰਕਾਰ, ਛੰਦ, ਪ੍ਰਤੀਕ ਜਾਂ ਬਿੰਬਾਂ ਰਾਹੀ ਹੀ ਸੰਭਵ ਹੋਵੇ। ਇਨ੍ਹਾਂ ਤੋਂ ਬਿਨਾਂ ਵੀ ਕਵੀਆਂ ਵੱਲੋਂ ਉਚ ਪਾਏ ਦੀ ਕਾਵਿ-ਰਚਨਾ ਹੋਈ ਹੈ।

### 1.3.8 ਸ਼ਬਦਾਵਲੀ

ਸੁਚੱਜੀ ਤੇ ਸਫ਼ਲ ਕਵਿਤਾ ਉਹੀ ਕਹਾਉਂਦੀ ਹੈ ਜਿਸਦੀ ਸ਼ਬਦਾਵਲੀ ਸਪੱਸ਼ਟ ਅਰਥ ਕੱਢਦੀ ਹੋਵੇ। ਆਧੁਨਿਕ ਪੰਜਾਬੀ ਕਵਿਤਾ ਬੰਧਨ ਮੁਕਤ ਕਵਿਤਾ ਹੈ। ਜੋ ਹਰ ਧਾਰਾ ਤੋਂ ਮੁਕਤ ਹੋ ਕੇ ਲਿਖੀ ਜਾਂਦੀ ਹੈ। ਜੋ ਖੁੱਲ੍ਹੇ ਤੇ ਸਪੱਸ਼ਟ ਵਿਚਾਰਾਂ ਹੇਠ ਰਚੀ ਜਾਂਦੀ ਹੈ। ਆਧੁਨਿਕ ਕਵਿਤਾ ਆਪਣੀ ਸੁਚੱਜੀ ਸ਼ਬਦਾਵਲੀ ਸਦਕਾ ਨਵੇਂ ਵਿਸ਼ੇ ਤੇ ਉਦੇਸ਼ਾਂ ਸਹਿਤ ਪਾਠਕਾਂ ਦੇ ਰੁਬਰੂ ਹੁੰਦੀ ਹੈ। ਕਵਿਤਾ ਦੀ ਸ਼ਬਦਾਵਲੀ ਤੇ ਪੇਸ਼ਕਾਰੀ ਦਾ ਢੰਗ ਆਧੁਨਿਕਤਾ ਤੋਂ ਪ੍ਰਭਾਵਿਤ ਹੈ।

## 1.3.9 ਸ਼ੈਲੀ

ਸ਼ੈਲੀ ਕਿਸੇ ਸਾਹਿਤਕ ਰਚਨਾ ਵਿਚ ਲੇਖਕ ਵਲੋਂ ਆਪਣੀ ਗੱਲ ਕਹਿਣ ਦਾ ਢੰਗ ਜਾਂ ਕਲਾ ਹੈ। ਕਿਸੇ ਕਲਾਕਾਰ ਦੀ ਸ਼ਖ਼ਸੀਅਤ ਦਾ ਕਲਾਤਮਕ ਪ੍ਰਗਟਾਅ ਉਸ ਦੀ ਭਾਸ਼ਾ ਸ਼ੈਲੀ ਹੈ ਅਤੇ ਸ਼ੈਲੀ ਹੀ ਕਿਸੇ ਲੇਖਕ ਦੀ ਅਸਲੀ ਸ਼ਨਾਖ਼ਤ ਹੈ ਜੋ ਉਸ ਨੂੰ ਹੋਰਾਂ ਤੋਂ ਨਿਖੇੜਦੀ ਹੈ। ਕਿਸੇ ਵੀ ਰਚਨਾ ਵਿਚ ਉੱਤਮ ਭਾਸ਼ਾ ਜਾਂ ਕਲਾਤਮਕ ਸ਼ੈਲੀ ਦਾ ਪੇਸ਼ ਹੋਣਾ ਕਹਾਣੀਕਾਰ ਦੇ ਜੀਵਨ ਅਨੁਭਵ ਅਤੇ ਸ਼ਖ਼ਸੀਅਤ ’ਤੇ ਨਿਰਭਰ ਕਰਦਾ ਹੈ। ਸ਼ੈਲੀ ਵਿਚ ਬਹੁਤ ਸਾਰੇ ਕਾਵਿ ਤੱਤਾਂ ਦਾ ਸਮੁੱਚ ਹੁੰਦਾ ਹੈ। ਸ਼ੈਲੀ ਵਿਚ ਕਈ ਤੱਤਾਂ ਦਾ ਸੁਮੇਲ ਪਾਇਆ ਜਾਂਦਾ ਹੈ ਜਿਵੇਂ ਲੈਅ, ਸੁਰ-ਤਾਲ, ਰਿਦਮ, ਬਿੰਬ, ਅਲੰਕਾਰ, ਛੰਦ, ਭਾਸ਼ਾ ਆਦਿ। ਇਨ੍ਹਾਂ ਸਾਰੇ ਤੱਤਾਂ ਤੋਂ ਬਿਨਾਂ ਕੋਈ ਵੀ ਕਵਿਤਾ ਪ੍ਰਭਾਵਸ਼ਾਲੀ ਨਹੀਂ ਹੋ ਸਕਦੀ। ਸ਼ੈਲੀ ਹਰ ਇਕ ਕਵੀ ਦੀ ਆਪਣੀ ਵੱਖਰੀ ਹੁੰਦੀ ਹੈ। ਹਰ ਇਕ ਕਵੀ ਇਨ੍ਹਾਂ ਤੱਤਾਂ ਦਾ ਆਪਣੀ ਕਵਿਤਾ ਵਿਚ ਪ੍ਰਯੋਗ ਆਪਣੇ ਤਰੀਕੇ ਨਾਲ ਕਰਦਾ ਹੈ। ਕਾਵਿ ਵਿਚ ਤਿੰਨ ਤਰ੍ਹਾਂ ਦੀਆਂ ਸ਼ੈਲੀਆਂ ਦੀ ਵਰਤੋਂ ਪ੍ਰਮੁੱਖ ਹੁੰਦੀ ਹੈ:- ਕਹਿ ਸ਼ੈਲੀ, ਅੱਧ-ਕਹਿ ਸ਼ੈਲੀ, ਅਣ-ਕਹਿ ਸ਼ੈਲੀ। ਅਜੋਕਾ ਲੇਖਕ ਪਿਛਲੀਆਂ ਦੋਵੇਂ ਸ਼ੈਲੀਆਂ ਅੱਧ-ਕਹਿ ਸ਼ੈਲੀ ਅਤੇ ਅਣ-ਕਹਿ ਸ਼ੈਲੀ ਦੀ ਵਰਤੋਂ ਵਧੇਰੇ ਕਰਦੇ ਹਨ।

## 1.3.10 ਭਾਸ਼ਾ

ਕਵਿਤਾ ਭਾਵਾਂ ਦਾ ਸੰਚਾਰ ਕਰਦੀ ਹੈ ਕੋਈ ਵੀ ਕਵੀ ਆਪਣੀਆਂ ਭਾਵਨਾਵਾਂ ਨੂੰ ਠੇਠ ਤੇ ਸੁਚੱਜੀ ਭਾਸ਼ਾ ਜੁਗਤ ਰਾਹੀਂ ਹੀ ਕਵਿਤਾ ਵਿਚ ਪ੍ਰਗਟ ਕਰ ਸਕਦਾ ਹੈ ਜੋ ਪਾਠਕ ਤੇ ਗੂੜ੍ਹ ਅਸਰ ਛੱਡੇ। ਕਵੀ ਕਲਪਨਾ ਰਾਹੀਂ ਹੀ ਆਪਣੇ ਕਥਨ ਨੂੰ ਮਨਮੋਹਣਾ ਬਣਾਉਣ ਲਈ ਪ੍ਰਭਾਵਸ਼ਾਲੀ ਭਾਸ਼ਾਈ ਜੁਗਤਾਂ ਦੀ ਵਰਤੋਂ ਕਰਦਾ ਹੈ। ਕਾਵਿ ਵਿਚ ਸਿੱਧ ਪੱਧਰੇ ਢੰਗ ਨਾਲੋਂ ਵਿਲੱਖਣ ਢੰਗ ਦੀ ਵਰਤੋਂ ਹੁੰਦੀ ਹੈ ਕਿਉਂਕਿ ਉਹ ਅਸਚਰਜ ਤੇ ਆਨੰਦਮਈ ਹੋ ਨਿਬੜਦਾ ਹੈ। ਇਸ ਲਈ ਵਿਲੱਖਣ ਤੇ ਵਿਚੱਤਰ ਵਰਨਣ ਸ਼ੈਲੀ ਦੀ ਮਹੱਤਤਾ ਵਧੇਰੇ ਹੈ। ਸਿੱਧਾ ਸੰਬੋਧਨ ਕਿਸੇ ਨੂੰ ਵੀ ਆਕਰਸ਼ਿਤ ਨਹੀਂ ਕਰਦਾ ਸਗੋਂਵਿਲੱਖਣ ਢੰਗ ਹੀ ਪਾਠਕਾਂ ਦੀ ਰੁਚੀ ਗ੍ਰਹਿਣ ਕਰਦੇ ਹਨ। ਇਹ ਸਭ ਸੁਚੱਜੀ ਭਾਸ਼ਾ ਕਾਰਨ ਹੀ ਸੰਭਵ ਹੈ। ਸਾਹਿਤਕ ਕਿਰਤ ਤੇ ਖਾਸ ਤੌਰ ਤੇ ਕਵਿਤਾ ਦੇ ਸੁਹਜ-ਸ਼ਾਸਤਰ ਦਾ ਅਧਿਐਨ ਕਰਦੇ ਸਮੇਂ ਭਾਸ਼ਾ ਦੀ ਗੱਲ ਅਤਿ-ਆਵਸ਼ੱਕ ਹੈ। ਸਭ ਤੋਂ ਮੁੱਖ ਤੇ ਮੁੱਕਦੀ ਗੱਲ ਇਹ ਹੈ ਕਿ ਭਾਸ਼ਾ ਜਨ-ਸਾਧਾਰਨ ਦੀ ਸਮਝ ਵਿਚ ਆਸਾਨੀ ਨਾਲ ਆ ਸਕੇ ਤਾਂ ਹੀ ਪਾਠਕਾਂ ਦੀ ਕੋਈ ਵੀ ਵਿਧਾ ਵਿਚ ਲਿਖੇ ਸਾਹਿਤ ਨੂੰ ਪੜ੍ਹਨ ਦੀ ਰੁਚੀ ਵੱਧੇਗੀ।

ਜੇਮਜ ਰੀਵਜ਼ ਮੰਨਦੇ ਹਨ ਕਿ ਭਾਸ਼ਾ ਦੀ ਤਾਜ਼ਗੀ ਤੇ ਮੌਲਿਕਤਾ ਤੋਂ ਬਿਨਾਂ ਕੋਈ ਵੀ ਕਵੀ ਸਫ਼ਲਤਾ ਹਾਸਲ ਨਹੀਂ ਕਰ ਸਕਦਾ। ਕਾਵਿਕ ਭਾਸ਼ਾ ਵਿਹਾਰਕ ਭਾਸ਼ਾ ਤੋਂ ਵਿਲੱਖਣ ਹੁੰਦੀ ਹੈ। ਕਈ ਵਾਰ ਅਜੋਕੀ ਪੰਜਾਬੀ ਕਵਿਤਾ ਵਿਚ ਦੂਸਰੀਆਂ ਭਾਸ਼ਾਵਾਂ ਦੇ ਸ਼ਬਦ ਵੀ ਮੌਜੂਦ ਹੁੰਦੇ ਹਨ। ਜਿਵੇਂ- ਤਸ਼ਰੀਫ਼, ਮੁਹੱਬਤ, ਇਜ਼ਹਾਰ, ਵੇਟ, ਟੀ.ਵੀ, ਫਰਿਜ਼ ਆਦਿ।

ਡਾ. ਰਵਿੰਦਰ ਸਿੰਘ ਰਵੀ ਦੇ ਭਾਸ਼ਾ ਬਾਰੇ ਵਿਚਾਰ ਹਨ: "ਕਵਿਤਾ ਦੀ ਭਾਸ਼ਾ ਅਤੇ ਸ਼ੈਲੀ ਆਧੁਨਿਕ ਕਵਿਤਾ ਦੀ ਭਾਸ਼ਾ ਅਤੇ ਸ਼ੈਲੀ ਵਿਚਲੇ ਸੰਕਟ ਦੀ ਸਮਾਨਯ ਸਮੱਸਿਆ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਕਾਵਿ ਭਾਸ਼ਾ ਦਾ ਮੂਲ ਸੁਭਾਉ ਅਸਲ ਵਿਚ ਸ਼ਬਦਾਂ ਦੇ ਸਭਿਆਚਾਰਕ ਭਾਵ-ਖੇਤਰ ਤੇ ਆਧਾਰਿਤ ਹੁੰਦਾ ਹੈ। ਹਰ ਇਕ ਸਮਾਜਿਕ ਇਕਾਈ ਆਪਣੇ ਵਿਕਾਸ ਦੇ ਵੱਖ-ਵੱਖ ਇਤਿਹਾਸਕ ਦੌਰ ਵਿਚ ਆਪਣੀ ਸਾਮੂਹਿਕ ਸ਼ਖਸੀਅਤ ਤੇ ਸਾਮੂਹਿਕ ਚੇਤਨਾ ਦੀਆਂ ਧੁਰ ਅੰਦਰਲੀਆਂ ਸਾਂਝੀਆਂ ਪਰਤਾਂ ਨੂੰ ਪ੍ਰਗਟ ਕਰਨ ਵਾਲੀ ਭਾਸ਼ਾ ਨੂੰ ਸਿਰਜਦੀ ਰਹਿੰਦੀ ਹੈ।"[24]

ਵਿਲੱਖਣ ਕਾਵਿ-ਰਚਨਾ ਲਈ ਕਵੀ ਠੇਠ ਤੇ ਢੁੱਕਵੀਂ ਸ਼ਬਦਾਵਲੀ ਤੇ ਭਾਸ਼ਾ ਦੀ ਵਰਤੋਂ ਕਰਦਾ ਹੈ। ਕਵਿਤਾ ਵਿਚ ਕਵੀ ਵਿਸ਼ੇਸ਼ ਸ਼ਬਦ ਚੋਣ ਰਾਹੀਂ ਭਾਵਾਂ ਦਾ ਸੰਚਾਰ ਕਰਦਾ ਹੈ। ਸ਼ਬਦਾਂ ਦੀ ਚੋਣ ਰਾਹੀਂ ਹੀ ਉਹ ਇਕ ਯਥਾਰਥ ਚਿਤਰਣ ਪੇਸ਼ ਕਰਦਾ ਹੈ ਕਿਉਂਕਿ ਕਵਿਤਾ, ਸ਼ਬਦਾਂ ਵਿਚ ਹੀ ਪ੍ਰਤੱਖ ਹੁੰਦੀ ਹੈ। ਜੇਕਰ ਸ਼ਬਦ ਚੋਣ ਵੀ ਯਥਾਰਥਕ ਹੋਣਗੇ ਤਾਂ ਪਾਠਕ ਕਵਿਤਾ ਵਿਚਲੇ ਵਿਚਾਰਾਂ ਨੂੰ ਸਹਿਜਤਾ ਨਾਲ ਗ੍ਰਹਿਣ ਕਰ ਸਕਦੇ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਅਜੋਕੀ ਕਵਿਤਾ ਭਾਵੇਂ ਕਿਸੇ ਬੰਧਨ ਦੀ ਮੁਥਾਜ ਨਹੀਂ ਪਰ ਇਨ੍ਹਾਂ ਬੰਧਨਾਂ ਦਾ ਪੂਰਨ ਤਿਆਗ ਵੀ ਨਹੀਂ ਕਰਦੀ। ਹਰ ਸਾਹਿਤਕ ਰੂਪ ਦਾ ਸਿਰਜਾਣਤਮਕ ਪੱਖ ਉਸ ਦੇ ਕਲਾ ਪੱਖ ਰਾਹੀਂ ਹੀ ਪਛਾਣਿਆ ਜਾ ਸਕਦਾ ਹੈ ਕਿਉਂਕਿ ਕਲਾਤਮਕ ਤਰੀਕੇ ਰਾਹੀਂ ਹੀ ਸਾਹਿਤ ਰੂਪ ਵਿਚਲੇ ਵਿਚਾਰ ਸਾਨੂੰ ਆਕਰਸ਼ਿਤ ਕਰਦੇ ਹਨ। ਸਾਹਿਤ ਦਾ ਇਹ ਕਲਾਤਮਕ ਰੂਪ ਹੀ ਹੈ ਜਿਸ ਰਾਹੀਂ ਮਨੁੱਖ ਆਪਣਾ ਕਥਾਰਸਿਸ ਕਰਦਾ ਹੋਇਆ ਉਸ ਵਿਚ ਆਪਣਾ ਆਪ ਤਲਾਸ਼ਦਾ ਹੈ।

## 1.4 ਪੰਜਾਬੀ ਕਵਿਤਾ ਦਾ ਇਤਿਹਾਸਕ ਪਰਿਪੇਖ

ਹੁਣ ਅਸੀਂ ਪੰਜਾਬੀ ਕਵਿਤਾ ਦੇ ਇਤਿਹਾਸਕ ਪੱਖ 'ਤੇ ਵਿਚਾਰ ਕਰਾਂਗੇ ਕਿ ਕਵਿਤਾ ਦੀ ਸ਼ੁਰੂਆਤ ਕਿਥੋਂ ਹੋਈ। ਕਵਿਤਾ ਦੀ ਸ਼ੁਰੂਆਤ ਤਾਂ ਮਨੁੱਖ ਦੇ ਜਨਮ ਤੋਂ ਹੀ ਹੋ ਗਈ ਸੀ। ਕਵਿਤਾ ਤਾਂ ਮਨੁੱਖ ਦੇ ਹਾਵਾਂ-ਭਾਵਾਂ ਤੇ ਹਰ ਇਕ ਕਾਰ-ਵਿਹਾਰ ਵਿਚ ਸਮਾਈ ਹੋਈ ਹੈ। ਮੱਧਕਾਲ ਵਿਚ ਜੋ ਵੀ ਬਾਣੀ ਰਚੀ ਜਾਂਦੀ ਸੀ ਸਾਰੀ ਕਾਵਿ ਰੂਪ ਵਿਚ ਹੀ ਰਚੀ ਜਾਂਦੀ ਸੀ। ਇਥੋਂ ਤਕ ਕਿ ਕਿੱਸਾ ਕਾਵਿ ਵੀ ਸਾਨੂੰ ਕਾਵਿ ਰੂਪ ਵਿਚ ਹੀ ਮਿਲਦਾ ਹੈ। ਆਧੁਨਿਕ ਸਾਹਿਤ ਵਿਧਾਵਾਂ ਵਿਚੋਂ ਸਿਰਫ਼ ਕਵਿਤਾ ਹੀ ਇਕ ਅਜਿਹੀ ਵਿਧਾ ਹੈ ਜੋ ਆਦਿ ਕਾਲ ਤੋਂ ਨਿਰੰਤਰ ਚਲੀ ਆ ਰਹੀ ਹੈ। ਆਧੁਨਿਕ ਕਾਲ ਵਿਚ ਇਕ ਪਾਸੇ ਤਾਂ ਮੱਧਕਾਲੀ ਪੰਜਾਬੀ ਦੇ ਪੁਰਾਣੇ ਕਾਵਿ ਰੂਪ ਕਿੱਸਾ, ਵਾਰ, ਦੋਹੇ, ਸ਼ਲੋਕ, ਸ਼ਬਦ ਆਦਿ ਵਿਚ ਕਾਵਿ ਰਚਨਾਵਾਂ ਹੁੰਦੀਆਂ ਹਨ ਤਾਂ ਦੂਜੇ ਪਾਸੇ ਰੁਬਾਈ, ਗ਼ਜ਼ਲ, ਖੁੱਲੀ ਕਵਿਤਾ, ਹਾਈਕੂ ਆਦਿ ਨਵੇਂ ਕਾਵਿ ਰੂਪ ਵੀ ਪ੍ਰਚਲਤ ਹੁੰਦੇ ਹਨ। ਹੁਣ ਦੀ ਪੰਜਾਬੀ ਕਵਿਤਾ ਵਿਚ ਨਵੇਂ ਪ੍ਰਯੋਗ ਹੋਣ ਦੇ ਨਾਲ-ਨਾਲ ਪੁਰਾਣੀਆਂ ਪਰੰਪਰਾਵਾਂ ਨੂੰ ਵੀ ਨਿਭਾਇਆ

ਜਾਂਦਾ ਹੈ। ਇਹ ਗੱਲ ਮੰਨਣਯੋਗ ਹੈ ਕਿ ਜਿਵੇਂ ਸਾਰਾ ਨਵਾਂ ਅਪਣਾਉਣ ਯੋਗ ਨਹੀਂ ਹੁੰਦਾ ਉਸ ਤਰ੍ਹਾਂ ਹੀ ਪੁਰਾਣਾ ਸਾਰਾ ਵੀ ਨਕਾਰਨਯੋਗ ਨਹੀਂ ਹੋਣਾ ਚਾਹੀਦਾ।

ਰਜਿੰਦਰ ਪਾਲ ਸਿੰਘ ਆਪਣੀ ਪੁਸਤਕ 'ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ' ਵਿਚ ਲਿਖਦੇ ਹਨ, "ਆਮ ਕਰ ਕੇ ਇਹ ਆਖਿਆ ਜਾ ਸਕਦਾ ਹੈ ਕਿ ਜੋ ਕੁਝ ਵੀ ਸੂਰਜ ਥੱਲੇ ਹੈ, ਸਭ ਕੁਝ ਕਵਿਤਾ ਦਾ ਵਿਸ਼ਾ ਬਣ ਸਕਦਾ ਹੈ ਅਤੇ ਇਸ ਤੋਂ ਵੀ ਅੱਗੇ 'ਜਹਾਂ ਨਾ ਪਹੁੰਚੇ ਰਵੀ ਤਹਾਂ ਪੁਹੰਚੇ ਕਵੀ' ਦੀ ਕਹਾਵਤ ਅਨੁਸਾਰ ਕਵੀ ਤਾਂ ਸੂਰਜ, ਚੰਦ, ਸਿਤਾਰਿਆਂ ਤੋਂ ਵੀ ਅੱਗੇ ਚਲਾ ਜਾਂਦਾ ਹੈ। ਵਿਸ਼ਿਆਂ ਦੀ ਵਿਸ਼ਾਲਤਾ, ਰੂਪ ਦੀ ਵੱਖਰਤਾ ਅਤੇ ਵਿਚਾਰਧਾਰਾ ਦੀ ਵਿਭਿੰਨਤਾ ਆਧੁਨਿਕ ਪੰਜਾਬੀ ਕਵਿਤਾ ਨੂੰ ਵੰਨ-ਸੁਵੰਨਾ, ਬਹੁ-ਸੁਰੀ ਅਤੇ ਬਹੁ-ਦਿਸ਼ਾਵੀ ਬਣਾ ਦਿੰਦੀ ਹੈ।"[25]

"ਆਧੁਨਿਕ ਪੰਜਾਬੀ ਕਵਿਤਾ ਬਾਰੇ ਗੱਲ ਕਰਨ ਤੋਂ ਪਹਿਲਾਂ 'ਆਧੁਨਿਕ' ਸ਼ਬਦ ਬਾਰੇ ਸਮਝਦੇ ਹਾਂ ਕਿ ਇਹ ਕੀ ਹੈ? ਇਸ ਨੂੰ ਸਮਕਾਲੀਨ ਅਤੇ ਨਵੀਨ ਨਾਲੋਂ ਅਲੱਗ ਕਰ ਕੇ ਵੇਖਣ ਨਾਲ ਅਸੀਂ ਆਧੁਨਿਕਤਾ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। 'ਆਧੁਨਿਕ' ਸ਼ਬਦ 'ਨਵੀਨ' ਨਾਲੋਂ ਵੀ ਵੱਖ ਅਰਥ ਰੱਖਦਾ ਹੈ। ਨਵੀਨ ਸ਼ਬਦ ਭਾਵਾਂ ਦੀ ਉਸ ਸਮਰੱਥਾ ਦਾ ਪ੍ਰਤੀਕ ਹੈ ਜਿਸ ਵਿਚ ਮੂਲਾਂ ਦੇ ਨਵੇਂ ਅਰਥ ਪੈਦਾ ਹੁੰਦੇ ਹਨ ਅਤੇ ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਨਵੀਨ ਤੋਂ ਸਾਡਾ ਅਰਥ ਇਸ ਤੱਤ ਦੇ ਉਸ ਪ੍ਰਗਟਾਅ ਤੋਂ ਹੈ ਜਿਸ ਦੇ ਖਮੀਰ ਵਿਚ ਅਨੁਭੂਤੀਆਂ (ਭਾਵਨਾਵਾਂ) ਪੱਕਦੀਆਂ ਹਨ, ਸੁਲਝਦੀਆਂ ਹਨ, ਇੱਕਠੀਆਂ ਹੁੰਦੀਆਂ ਹਨ।"[26]

ਆਧੁਨਿਕ ਪੰਜਾਬੀ ਕਵਿਤਾ ਦੇ ਜਨਮ ਤੇ ਵਿਕਾਸ ਨੂੰ ਸਮਝਣਾ ਜ਼ਰੂਰੀ ਹੈ। ਆਧੁਨਿਕ ਸ਼ਬਦ ਯੁੱਗ ਦਾ ਇਕ ਖਾਸ ਗੁਣ ਹੈ। ਆਧੁਨਿਕ ਸ਼ਬਦ ਬੋਲਦਿਆਂ ਹੀ ਸਾਡੇ ਸਾਹਮਣੇ ਨਵੇਂ ਯੁੱਗ ਦੀਆਂ ਲੱਭਤਾਂ ਦੇ ਮੁਕਾਬਲੇ ਕਾਲ ਵਿਸ਼ੇਸ਼ ਦੀਆਂ ਸੰਭਾਵਨਾਵਾਂ ਆ ਜਾਦੀਆਂ ਹਨ। ਅਸੀਂ ਆਪਣੇ ਨਾਲੋਂ ਪਹਿਲਾਂ ਦੇ ਯੁੱਗ ਨਾਲੋਂ ਕੁੱਝ ਨਵੇਂ ਤਰੀਕੇ ਨਾਲ ਸੋਚਦੇ ਤੇ ਵਿਚਾਰਦੇ ਹਾਂ। ਇਹ ਆਧੁਨਿਕਤਾ ਦਾ ਲੱਛਣ ਹੈ।

ਆਧੁਨਿਕਤਾ ਬਾਰੇ ਡਾ. ਧਰਮਪਾਲ ਸਿੰਗਲ ਦੇ ਵਿਚਾਰ ਹਨ "ਆਧੁਨਿਕਤਾ ਇਕ ਪ੍ਰਕਿਰਿਆ ਹੈ ਜਿਸ ਦੀ ਸਮੁੱਚੀ ਪ੍ਰਗਤੀ ਅਤੇ ਪ੍ਰਵਾਹ ਦਾ ਕੇਂਦਰ ਮਨੁੱਖ ਅਤੇ ਮਨੁੱਖ ਦੀਆਂ ਲੱਭਤਾਂ ਨੂੰ ਮੰਨਿਆ ਗਿਆ ਹੈ। ਇਹ ਕਾਲ ਬੋਧ ਅਤੇ ਯੁੱਗ ਬੋਧ ਦੀ ਖਲਾਇਕ ਹੈ। ਮਸ਼ੀਨੀ ਯੁੱਗ ਦੀ ਸੱਚਾਈ ਵਿਗਿਆਨਕ ਜੀਵਨ ਦ੍ਰਿਸ਼ਟੀ ਸਮਾਜਕ ਜਿੰਮੇਵਾਰੀਆਂ ਅਤੇ ਵਿਅਕਤੀਗਤ ਇੱਛਾਵਾਂ ਕਰਕੇ ਅੱਜ ਅਸੀਂ ਆਪਣੇ ਪਿਛਲੇ ਇਤਿਹਾਸ ਨਾਲੋਂ ਟੁੱਟ ਕੇ ਇਕ ਨਵੀਂ ਵਿਚਾਰਧਾਰਾ ਵੱਲ ਵੱਧ ਰਹੇ ਹਾਂ ਇਹੀ ਆਧੁਨਿਕਤਾ ਹੈ।"[27]

ਆਧੁਨਿਕਤਾਵਾਦ ਇਕ ਦ੍ਰਿਸ਼ਟੀ ਹੈ। ਇਸ ਵਿਚ ਹਰ ਵਸਤੂ ਨੂੰ ਵਿਗਿਆਨਕ ਦ੍ਰਿਸ਼ਟੀ ਦੇ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ। ਹਰ ਗੱਲ ਤੇ ਇਕ ਖਾਸ ਤਰ੍ਹਾਂ ਦਾ ਪ੍ਰਸ਼ਨ ਚਿੰਨ੍ਹ ਲਾਇਆ ਜਾਂਦਾ ਹੈ। ਅਸੀਂ ਪਰੰਪਰਾ ਨਾਲੋਂ ਵੱਖ ਨਹੀਂ ਹੋ ਸਕਦੇ। ਉਸ ਨੂੰ ਮੁੜ ਕੇ ਸਮਕਾਲੀ ਦ੍ਰਿਸ਼ਟੀ ਨਾਲ ਜਿਊਣ ਦਾ ਯਤਨ ਕਰਦੇ ਹਾਂ। ਹੁਣ ਦੇਖਣ, ਸਮਝਣ ਤੇ ਵਿਚਾਰਨ ਵਾਲੀ ਗੱਲ

ਤਾਂ ਇਹ ਹੈ ਕਿ ਆਧੁਨਿਕ ਦ੍ਰਿਸ਼ਟੀ ਹੈ ਕੀ? ਇਸ ਗੱਲ ਦਾ ਨਤਾਰਾ ਕਰ ਲੈਣ ਤੋਂ ਬਾਅਦ ਹੀ ਅਸੀਂ ਪੰਜਾਬੀ ਦੇ ਆਧੁਨਿਕ ਕਾਵਿ ਬਾਰੇ ਵਿਸਤਾਰ ਨਾਲ ਜਾਣ ਸਕਾਂਗੇ। ਆਧੁਨਿਕ ਯੁੱਗ ਦੀ ਸੱਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਹਰ ਚੀਜ ਨੂੰ ਅਵੱਸ਼ਭਾਵੀ ਨਹੀਂ ਸਮਝਿਆ ਜਾਂਦਾ ਸਗੋਂ ਹਰ ਗੱਲ, ਹਰ ਵਿਸ਼ੇ, ਹਰ ਵਿਚਾਰ ਨੂੰ ਤਰਕ ਦੀ ਕਸਵੱਟੀ 'ਤੇ ਪਰਖਿਆ ਜਾਂਦਾ ਹੈ।

ਪ੍ਰਸਿੱਧ ਲੇਖਕ ਡਾ. ਗੁਰਬਚਨ ਆਪਣੇ ਇਕ ਲੇਖ ਵਿਚ ਲਿਖਦਾ ਹੈ "ਨਵੀਂ ਕਵਿਤਾ ਕੀ ਹੈ? ਵਾਸਤਵ ਵਿਚ ਹਰ ਯੁੱਗ ਵਿਚ ਲਿਖੀ ਜਾ ਰਹੀ ਕਵਿਤਾ ਨਵੀਂ ਕਵਿਤਾ ਹੁੰਦੀ ਹੈ। ਅਜਿਹੀ ਕਵਿਤਾ ਜੋ ਰੂਪ ਵਿਧਾਨ ਅਤੇ ਭਾਵ ਜਗਤ ਦੋਨਾਂ ਪੱਖੋਂ ਪੁਰਾਤਨ, ਰੁਮਾਂਚਕ ਕਵਿਤਾ ਵਿਰੁੱਧ ਬਗਾਵਤ ਕਰਦੀ ਹੈ ਅਤੇ ਨਵੇਂ ਸਰੂਪ ਨੂੰ ਨਿਸ਼ਚਿਤ ਕਰਨ ਦਾ ਯਤਨ ਕਰਦੀ ਹੈ।"[28]

ਉਨੀਵੀਂ ਸਦੀ ਦੇ ਦੂਜੇ ਅੱਧ ਵਿਚ ਜਦੋਂ ਮਨੁੱਖ ਵਧੇਰੇ ਚੇਤੰਨ ਤੇ ਤਰਕਸ਼ੀਲ ਹੋ ਗਿਆ ਤਾਂ ਮਸ਼ੀਨੀਕਰਨ ਨਾਲ ਰੱਬ ਤੇ ਪ੍ਰਕਿਰਤੀ ਬਾਰੇ ਮਨੁੱਖ ਦੇ ਵਿਚਾਰ ਬਦਲਣ ਲੱਗੇ। ਸਮਾਜਕ ਕਦਰਾਂ ਕੀਮਤਾਂ ਵਿਚ ਬਦਲਾਵ ਆਉਣ ਲੱਗਾ। ਇਸ ਪਰਿਵਰਤਨ ਦਾ ਆਰੰਭ ਯੂਰਪ ਵਿਚ ਸ਼ੁਰੂ ਹੋਇਆ ਜਿੱਥੇ ਰਾਜਸੀ ਚੇਤਨਾ ਬਹੁਤ ਚਿਰ ਪਹਿਲਾਂ ਆ ਚੁੱਕੀ ਸੀ। ਲੋਕਾਂ ਦਾ ਜੀਵਨ ਬਦਲਣ ਨਾਲ-ਨਾਲ ਉਹਨਾਂ ਦਾ ਸੋਚਣ ਢੰਗ ਬਦਲਣਾ ਸ਼ੁਰੂ ਹੋ ਗਿਆ ਸੀ। ਆਲੇ-ਦੁਆਲੇ ਹੋ ਰਹੀ ਪ੍ਰਗਤੀ ਨੇ ਸਾਹਿਤ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਸਾਹਿਤਕਾਰਾਂ ਨੇ ਪੁਰਾਤਨ ਪਰੰਪਰਾ ਤਿਆਗ ਕੇ ਨਵੀਆਂ ਪ੍ਰਣਾਲੀਆਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਤੇ ਨਵੇਂ ਢੰਗ ਨਾਲ ਸੋਚਣਾ ਤੇ ਲਿਖਣਾ ਪ੍ਰਤੱਖ ਹੋਣ ਲੱਗਾ। ਮਨੁੱਖ ਨੂੰ ਬਦਲਣ ਲਈ ਜਿੱਥੇ ਡਾਰਵਿਨ ਦਾ ਵਿਕਾਸਵਾਦ ਮਨੋਵਿਗਿਆਨਕ ਖੋਜਾਂ, ਕਾਰਲ ਮਾਰਕਸ ਦਾ ਦਵੰਦਾਤਮਕ ਸਿਧਾਂਤ, ਆਸਟਿਨ ਦਾ ਸਾਪੇਖਵਾਦੀ ਸਿਧਾਂਤ, ਸਾਰਤਰ ਦਾ ਅਸਤਿਤਵਵਾਦੀ ਅਤੇ ਵਿਗਿਆਨ ਦਾ ਜਿੰਦਗੀ ਦੇ ਸਾਮੂਹਿਕ ਪੱਖਾਂ ਤੇ ਪ੍ਰਭਾਵ ਇਹ ਕੁੱਝ ਮੁੱਖ ਸਿਧਾਂਤ ਸਾਹਿਤ ਵਿਚ ਪ੍ਰਵੇਸ਼ ਹੋਏ ਜਿਨ੍ਹਾਂ ਨੇ ਸਮੁੱਚੀ ਸਾਹਿਤ ਕਲਾ ਨੂੰ ਉਭਾਰਨ ਤੇ ਨਿਖਾਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਇਹ ਮਨੁੱਖ ਦਾ ਬਦਲਿਆ ਹੋਇਆ ਆਧੁਨਿਕ ਦ੍ਰਿਸ਼ਟੀਕੋਣ ਸੀ ਜੋ ਸਾਹਿਤ ਵਿਚ ਰੂਪਮਾਨ ਹੁੰਦਾ ਹੈ। ਇਥੋਂ ਹੀ ਆਧੁਨਿਕ ਪੰਜਾਬੀ ਕਵਿਤਾ ਦੀ ਸ਼ੁਰੂਆਤ ਹੁੰਦੀ ਹੈ। ਨਵੀਆਂ ਬਦਲਦੀਆਂ ਪਰਸਥਿਤੀਆਂ ਦੇ ਮੁਤਾਬਕ ਕਵੀਆਂ ਨੇ ਉਸ ਵੇਲੇ ਦੇ ਚਲਦੇ ਦੌਰ ਨੂੰ ਮੁੱਖ ਰੱਖਦਿਆਂ ਕਵਿਤਾਵਾਂ ਦੀ ਰਚਨਾ ਕੀਤੀ। ਆਧੁਨਿਕ ਪੰਜਾਬੀ ਕਵਿਤਾ ਦੇ ਮੋਢੀ ਭਾਈ ਵੀਰ ਸਿੰਘ ਨੂੰ ਮੰਨਿਆ ਜਾਂਦਾ ਹੈ। ਉਨ੍ਹਾਂ ਤੋਂ ਬਾਅਦ ਤਾਂ ਜਿਵੇਂ ਪੰਜਾਬੀ ਕਵਿਤਾ ਰਚਨ ਵਾਲਿਆਂ ਦਾ ਹੜ੍ਹ ਜਿਹਾ ਆ ਗਿਆ। ਅਸੀਂ ਆਪਣੇ ਹੱਥਲੇ ਖੋਜ ਕਾਰਜ ਮੁਤਾਬਕ ਅਜੋਕੀ ਪੰਜਾਬੀ ਕਵਿਤਾ ਦਾ ਸਿਧਾਂਤਕ ਅਤੇ ਇਤਿਹਾਸਕ ਪੱਖ ਪੇਸ਼ ਕਰਨਾ ਹੈ। ਪਹਿਲਾਂ ਅਸੀਂ ਸਿਧਾਂਤਕ ਪੱਖ ਤਾਂ ਉਲੀਕ ਚੁੱਕੇ ਹਾਂ। ਹੁਣ ਅਸੀਂ ਇਤਿਹਾਸਕ ਪੱਖ ਬਾਰੇ ਵੀ ਗੱਲ ਕਰਦੇ ਹਾਂ।

## 1.5 ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢ

ਅੰਗਰੇਜ਼ਾਂ ਦੇ ਪੰਜਾਬ ਉੱਤੇ ਕਬਜ਼ਾ ਕਰ ਲੈਣ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਗੁਰਮਤਿ ਕਾਵਿ, ਸੂਫੀ ਕਾਵਿ, ਕਿੱਸਾ ਕਾਵਿ ਅਤੇ ਬੀਰ ਰਸੀ ਕਾਵਿ-ਧਾਰਾਵਾਂ ਦੀ ਅਮੀਰ ਪਰੰਪਰਾ ਸੀ। ਵੀਹਵੀਂ ਸਦੀ ਤਕ ਪਹੁੰਚਦਿਆਂ ਉਕਤ ਕਾਵਿ-ਧਾਰਾਵਾਂ ਜਾਂ ਤਾਂ ਖਤਮ ਹੋ ਚੁੱਕੀਆਂ ਸਨ ਜਾਂ ਫਿਰ ਸਮਾਜਕ, ਆਰਥਿਕ, ਸਭਿਆਚਾਰਕ ਅਤੇ ਰਾਜਨੀਤਕ ਧਰਾਤਲ ਕਾਰਨ ਆਪਣੀ ਸਾਰਥਕਤਾ ਗੁਆ ਚੁੱਕੀਆਂ ਸਨ। ਗੁਰਮਤਿ ਕਾਵਿ-ਧਾਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਮਿਲਣ ਨਾਲ ਮੁਕੰਮਲ ਹੋ ਚੁੱਕੀ ਸੀ। ਸੂਫੀ ਕਾਵਿ-ਧਾਰਾ ਗੁਲਾਮ ਫ਼ਰੀਦ ਤਕ ਪਹੁੰਚਦਿਆਂ ਖਾਨਗਾਹਾਂ ਤੱਕ ਸੀਮਤ ਹੋ ਕੇ ਰਹਿ ਗਈ ਸੀ। ਕਿੱਸਾ ਕਾਵਿ-ਧਾਰਾ ਵਿਚ ਵੀ ਸੁਹਜ-ਸਵਾਦਾਂ ਦਾ ਅਮਲ ਭਾਰੂ ਹੋ ਚੁੱਕਾ ਸੀ। ਬੀਰ ਰਸੀ ਕਾਵਿ-ਧਾਰਾ ਦੇ ਆਦਰਸ਼ਾਂ ਨੂੰ ਸਿੱਖ ਯੋਧਿਆਂ ਵਲੋਂ ਆਪਣੇ ਅਮਲ ਨਾਲ ਸਰ ਕਰ ਲੈਣ ਪਿੱਛੋਂ ਇਹ ਪਰੰਪਰਾ ਆਪਣੀ ਮੰਜ਼ਿਲ ਤੈਅ ਕਰ ਚੁੱਕੀ ਸੀ। ਸਿੱਖ ਕਵੀਆਂ ਦੀ ਪਰੰਪਰਾ ਇੰਨ੍ਹਾਂ ਪ੍ਰਮੁੱਖ ਧਾਰਾਵਾਂ ਨਾਲ ਚਲ ਰਹੀ ਸੀ ਪਰ ਇਹ ਵੀ ਰਤਨ ਸਿੰਘ ਭੰਗੂ ਰਚਿਤ ਤਵਾਰੀਖ ਗੁਰੁ ਖਾਲਸਾ ਅਤੇ ਪੰਥ ਪ੍ਰਕਾਸ਼ ਆਦਿ ਦੇ ਪ੍ਰਭਾਵ ਅਧੀਨ ਬ੍ਰਜ ਭਾਸ਼ਾ ਵਲ ਰੁਚਿਤ ਹੋ ਚੁੱਕੀ ਸੀ।

ਆਧੁਨਿਕ ਪੰਜਾਬੀ ਕਵਿਤਾ ਦਾ ਆਰੰਭ ਵੀਹਵੀਂ ਸਦੀ ਦੇ ਆਰੰਭ ਨਾਲ ਹੁੰਦਾ ਹੈ। ਅੰਗਰੇਜ਼ ਪੰਜਾਬ ਵਿਚ 1849 ਵਿਚ ਆ ਗਏ ਸਨ ਅਤੇ ਲੁਧਿਆਣਾ ਮਿਸ਼ਨ ਤੋਂ ਛੁੱਟ ਹੋਰ ਕਈ ਥਾਵਾਂ ਤੇ ਮਿਸ਼ਨ ਖੁੱਲ ਗਏ ਸਨ। ਇਸਾਈ ਮਤ ਦੇ ਨਾਲ-ਨਾਲ ਅੰਗਰੇਜ਼ੀ ਭਾਸ਼ਾ, ਸਾਹਿਤ ਤੇ ਸਭਿਆਚਾਰ ਇਸ ਦੇ ਨਾਲ ਹੀ ਉਦਯੋਗਿਕ ਉਨਤੀ, ਨਵੀਆਂ ਵਿਗਿਆਨਕ ਕਾਢਾਂ, ਨਵੀਂ ਅੰਗਰੇਜ਼ੀ ਵਿਦਿਆ ਦੇ ਪ੍ਰਚਾਰ ਲਈ ਸਕੂਲ, ਕਾਲਜ, ਯੂਨੀਵਰਸਿਟੀ ਰਾਹੀਂ ਆਧੁਨਿਕੀਕਰਨ ਲਈ ਚੰਗਾ ਪਿੜ ਤਿਆਰ ਹੋ ਗਿਆ। ਪੰਜਾਬੀ ਕਵਿਤਾ ਦੇ ਖੇਤਰ ਵਿਚ ਬਿਆਨੀਆ ਢੰਗ ਦੀ ਕਿੱਸਾਕਾਰੀ, ਵਾਰ ਤੇ ਲੰਮੇਰੀ ਕਵਿਤਾ ਦੀ ਥਾਂ ਛੋਟੀ ਸੁਤੰਤਰ ਕਵਿਤਾ ਨੇ ਲੈ ਲਈ। ਬ੍ਰਿਜ ਭਾਸ਼ਾ ਦਾ ਮੋਹ ਤਿਆਗ ਕੇ ਪੰਜਾਬੀ ਕਵਿਤਾ ਆਪਣੀ ਮਿੱਟੀ ਦੀ ਖੁਸ਼ਬੂ ਮਾਨਣ ਲੱਗੀ ਅਤੇ ਇਸ ਵਿਚ ਸੰਸਾਰ-ਪੱਧਰ ਤੇ ਵਾਪਰ ਰਹੀਆਂ ਤਬਦੀਲੀਆਂ ਦੇ ਅਸਰ ਸਦਕਾ ਆਧੁਨਿਕਤਾ ਦਾ ਪ੍ਰਵੇਸ਼ ਹੋਇਆ।

ਪੰਜਾਬੀ ਸਾਹਿਤ ਦੀ ਅਜਿਹੀ ਸਥਿਤੀ ਵਿਚ ਭਾਈ ਵੀਰ ਸਿੰਘ ਵਰਗੀ ਸ਼ਖਸੀਅਤ ਪੰਜਾਬੀ ਸਾਹਿਤ ਦੇ ਖੇਤਰ ਵਿਚ ਕਦਮ ਧਰਦੀ ਹੈ। ਪੰਜਾਬੀ ਦੇ ਬਹੁਤੇ ਵਿਦਵਾਨ ਆਧੁਨਿਕ ਪੰਜਾਬੀ ਕਾਵਿ ਦਾ ਆਰੰਭ ਭਾਈ ਵੀਰ ਸਿੰਘ ਦੀ ਪੰਜਾਬੀ ਸਾਹਿਤ ਵਿਚ ਆਮਦ ਤੋਂ ਹੀ ਮੰਨਦੇ ਹਨ।

ਇਸ ਸੰਬੰਧ ਵਿਚ ਪ੍ਰਿੰ. ਸੰਤ ਸਿੰਘ ਸੇਖੋਂ ਕਹਿੰਦੇ ਹਨ "ਪੰਜਾਬੀ ਸਾਹਿਤ ਤੇ ਸੰਸਕ੍ਰਿਤੀ ਦੇ ਇਸ ਪੁਨਰਜਨਮ ਦੇ ਇਤਿਹਾਸ ਵਿਚ ਸਭ ਤੋਂ ਵਧੇਰੇ ਗੌਰਵ ਵਾਲਾ ਨਾਮ ਸ਼ਾਇਦ ਆਧੁਨਿਕ ਪੰਜਾਬ ਦੇ ਪ੍ਰਮੁੱਖ ਕਵੀ ਤੇ ਸਾਹਿਤਕਾਰ ਭਾਈ ਵੀਰ ਸਿੰਘ ਦਾ ਹੈ। ਇਹ ਇਕ ਅਚੰਭੇ ਵਾਲੀ ਗੱਲ ਹੈ ਕਿ ਜਿੱਥੇ ਆਮ ਕਰ ਕੇ ਦਲਿਤ ਜਾਤੀਆਂ ਤੇ ਕੌਮਾਂ ਦੇ ਪੁਨਰ

ਜਨਮ ਤੇ ਕਲਿਆਣ ਦੇ ਪ੍ਰਮੁੱਖ ਨੇਤਾ ਰਾਜਸੀ ਜਾਂ ਧਾਰਮਿਕ ਨੇਤਾ ਹੁੰਦੇ ਹਨ ਉੱਥੇ ਆਧੁਨਿਕ ਪੰਜਾਬ ਦੇ ਪੁਨਰਜਨਮ ਦਾ ਪ੍ਰਸਿੱਧ ਨੇਤਾ ਇਕ ਕਵੀ ਹੈ ਤੇ ਸਾਹਿਤਕਾਰ ਹੈ ਤੇ ਇਹ ਭਾਈ ਵੀਰ ਸਿੰਘ ਹੈ।"[29]

ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਨੇ ਇਤਿਹਾਸਕ ਪੜਾਵਾਂ ਵਿਚੋਂ ਲੰਘਦਿਆਂ ਹੋਇਆਂ ਸਾਹਿਤਕ ਪ੍ਰਵਿਰਤੀਆਂ ਨੂੰ ਜਨਮ ਦਿੱਤਾ। ਇਤਿਹਾਸਕ ਪੜਾਵਾਂ ਨੇ ਕਾਵਿਕ ਪ੍ਰਵਿਰਤੀਆਂ ਪੱਖੋਂ ਅਜੋਕੀ ਕਵਿਤਾ ਦੇ ਚਾਰ ਮੁੱਖ ਕਾਲ ਖੰਡ ਮੰਨੇ ਹਨ।

## 1.6 ਪਹਿਲਾ ਪੜਾਅ

ਅਜੋਕੀ ਪੰਜਾਬੀ ਕਵਿਤਾ ਦਾ ਪਹਿਲਾ ਪੜਾਅ 1901 ਤੋਂ 1935 ਤੱਕ ਮੰਨਿਆ ਜਾਂਦਾ ਹੈ। ਚਾਹੇ ਇਹ ਕਾਵਿ ਧਾਰਾ ਮੱਧਕਾਲੀਨ ਸਾਹਿਤ ਦੇ ਸੁਮੇਲ ਨਾਲ ਜੁੜੀ ਹੋਈ ਹੈ ਪਰ ਆਪਣੀਆਂ ਵਿਸ਼ੇਸ਼ਤਾਵਾਂ ਕਰ ਕੇ ਨਵਾਂ ਮੁਹਾਂਦਰਾ ਸਿਰਜਦੀ ਹੈ। ਇਸ ਪੜਾਅ ਦੇ ਆਰੰਭ ਵਿਚ ਤਾਂ ਅਧਿਆਤਮਵਾਦੀ ਸੁਧਾਰਵਾਦੀ ਰੰਗਣ ਭਾਰੂ ਰਹੀ ਹੈ। ਇਸ ਦੌਰ ਦੇ ਅਹਿਮ ਕਵੀ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਹਨ। ਭਾਈ ਵੀਰ ਸਿੰਘ ਨੂੰ ਨਿੱਕੀਆਂ ਕਵਿਤਾਵਾਂ ਦੇ ਵੱਡੇ ਕਵੀ' ਅਤੇ 'ਆਧੁਨਿਕ ਪੰਜਾਬੀ ਕਾਵਿ ਦਾ ਮੋਢੀ' ਹੋਣ ਦਾ ਮਾਣ ਪ੍ਰਾਪਤ ਹੈ। ਭਾਈ ਵੀਰ ਸਿੰਘ ਨੇ ਮੱਧਕਾਲੀ ਧਾਰਮਕ ਚੇਤਨਾ ਨੂੰ ਬਦਲਾਵ ਵਜੋਂ ਪੇਸ਼ ਕਰਦਿਆਂ ਸਿੱਖ ਧਰਮ ਦੇ ਮੂਲ ਆਦਰਸ਼ਾਂ ਤੇ ਪ੍ਰਕਿਰਤੀ ਦੇ ਸੁਹਜ ਨੂੰ ਕਲਾਤਮਕਤਾ ਪ੍ਰਦਾਨ ਕੀਤੀ। ਪ੍ਰੋ. ਪੂਰਨ ਸਿੰਘ ਨੇ ਖੁੱਲੀ ਕਵਿਤਾ ਰਾਹੀਂ ਪੰਜਾਬੀ ਸਭਿਆਚਾਰ ਦੇ ਖੁੱਲੇ ਦਰਸ਼ਨ ਕਰਵਾਏ। ਪ੍ਰੋ. ਪੂਰਨ ਸਿੰਘ ਹੀ ਸੀ ਜਿਸ ਨੇ ਪਹਿਲੀ ਵਾਰ ਖੁੱਲੀ ਕਵਿਤਾ ਭਾਵ ਛੰਦ ਮੁਕਤ ਕਵਿਤਾ ਦੀ ਪਿਰਤ ਪਾਈ ਤੇ ਉਸ ਪਿਰਤ ਨੂੰ ਅਜੋਕੇ ਸ਼ਾਇਰਾਂ ਨੇ ਪੀੜ੍ਹੀ ਦਰ ਪੀੜ੍ਹੀ ਅਗਾਂਹ ਤੋਰਿਆ ਹੈ। ਪਹਿਲੇ ਪੜਾਅ ਦੇ ਕਵੀਆਂ ਵਿਚ ਧਨੀ ਰਾਮ ਚਾਤ੍ਰਿਕ ਦਾ ਨਮ ਵੀ ਮਸ਼ਹੂਰ ਹੈ। ਉਸ ਦੀ ਕਵਿਤਾ ਵਿਚ ਪੰਜਾਬ ਦੀ ਜਰਖ਼ੇਜ਼ ਭੂਮੀ, ਅਲੌਕਿਕ ਸੁੰਦਰਤਾ, ਪੰਜਾਬੀ ਬੋਲੀ ਪ੍ਰਤੀਸੁਚੇਤ ਸਾਧਨਾ ਰੂਪਮਾਨ ਹੁੰਦੀ ਹੈ। ਦਰਸ਼ਨ ਸਿੰਘ ਅਵਾਰਾ ਵੀ ਇਸ ਦੌਰ ਵਿਚ ਸ਼ਾਮਲ ਹੁੰਦਾ ਹੈ, ਜਿਸ ਨੇ ਇਨਕਲਾਬੀ ਸੁਰ, ਪੂੰਜੀਪਤੀਆਂ ਪ੍ਰਤੀ ਰੋਹ ਵਾਲੀਆਂ ਕਵਿਤਾਵਾਂ ਪੇਸ਼ ਕੀਤੀਆਂ। ਇਹਨਾਂ ਤੋਂ ਬਿਨਾਂ ਲਾਲਾ ਕਿਰਪਾ ਸਾਗਰ, ਡਾ. ਦੀਵਾਨ ਸਿੰਘ ਕਾਲੇਪਾਣੀ, ਪ੍ਰੋ. ਮੋਹਨ ਸਿੰਘ ਵਰਗੇ ਕਵੀਆਂ ਨੂੰ ਅਸੀਂ ਅੱਖੋਂ ਪਰੋਖੇ ਨਹੀਂ ਕਰ ਸਕਦੇ ਜਿਨ੍ਹਾਂ ਦਾ ਅਜੋਕੀ ਪੰਜਾਬੀ ਕਵਿਤਾ ਵਿਚ ਅਹਿਮ ਯੋਗਦਾਨ ਹੈ।

ਰਹੱਸਵਾਦੀ ਕਾਵਿ-ਧਾਰਾ ਦੇ ਪ੍ਰਤੀਨਿੱਧ ਸ਼ਾਇਰ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਾਵਿ ਦਾ ਮੋਢੀ ਮੰਨਿਆ ਜਾਂਦਾ ਹੈ ਤੇ ਇਸੇ ਕਾਵਿ-ਧਾਰਾ ਵਿਚ ਪ੍ਰੋ. ਪੂਰਨ ਸਿੰਘ, ਜਸਟਿਸ ਪ੍ਰੀਤਮ ਸਿੰਘ ਸਫ਼ੀਰ ਦੀ ਕਵਿਤਾ ਨੂੰ ਵੇਖਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਧਨੀ ਰਾਮ, ਲਾਲਾ ਕਿਰਪਾ ਸਾਗਰ, ਡਾ. ਮੋਹਨ ਸਿੰਘ ਦੀਵਾਨਾ ਤੇ ਡਾ. ਜਸਵੰਤ ਸਿੰਘ ਨੇਕੀ ਨੂੰ ਕਈ ਵਿਦਵਾਨ ਪੁਰਾਤਨ ਰਹੱਸਵਾਦੀ ਕਵਿਤਾ ਤੋਂ ਅਗਾਂਹ ਨਵ-ਰਹੱਸਵਾਦੀ ਕਾਵਿ-ਧਾਰਾ ਦੇ ਪਰਿਪੇਖ ਵਿਚ ਰੱਖ ਕੇ ਪਰਖਦੇ ਹਨ। ਇਸ ਕਾਵਿ-ਧਾਰਾ ਦੇ ਕਵੀਆਂ ਨੇ ਮਨੁੱਖੀ ਕਲਿਆਣਕਾਰੀ ਰੁਚੀਆਂ ਦਾ ਸਬੂਤ ਦਿੱਤਾ ਪਰ ਚੇਤਨ ਤੌਰ 'ਤੇ ਇਸ ਕਵਿਤਾ ਨੇ ਮਨੁੱਖੀ ਜਨ-ਜੀਵਨ ਦੀ ਅਗਵਾਈ ਨਾ ਕੀਤੀ। ਇਸ ਪ੍ਰਵਿਰਤੀ ਦੇ ਕਵੀਆਂ ਨੇ ਗੁਰੂਆਂ ਤੋਂ

ਬਾਅਦ ਪਹਿਲੀ ਵਾਰ ਕਵਿਤਾ ਨੂੰ ਗੰਭੀਰ ਵਿਚਾਰਾਂ ਤੇ ਡੂੰਘੇ ਮਾਧਿਅਮ ਬਣਾਇਆ ਸੀ। ਇਹ ਕਵਿਤਾ ਕਵੀਆਂ ਦੀ ਆਤਮਿਕ ਸ਼ੁੱਧੀ ਅਤੇ ਰਹੱਸਵਾਦੀ ਅਨੁਭਵ ਤਕ ਸੀਮਤ ਨਹੀਂ ਤੇ ਇਹਨਾਂ ਕਵੀਆਂ ਨੇ ਯੁੱਗ ਚੇਤਨਾ ਦੇ ਪ੍ਰਭਾਵ ਨੂੰ ਵੀ ਕਬੂਲਿਆ ਪਰ ਇਸ ਕਵਿਤਾ ਨੇ ਆਮ ਲੋਕਾਂ ਦੇ ਅਨੁਭਵਾਂ, ਉਹਨਾਂ ਦੀਆਂ ਲੋੜਾਂ, ਹਾਵ-ਭਾਵ ਨੂੰ ਆਪਣੀ ਕਵਿਤਾ ਦਾ ਹਿੱਸਾ ਨਾ ਬਣਾਇਆ। ਇਹਨਾਂ ਕਵੀਆਂ ਨੇ ਧਰਮ ਦੇ ਆਤਮਿਕ ਵਾਲੇ ਉੱਚ ਪੱਖ ਨੂੰ ਹੀ ਆਪਣੀ ਕਵਿਤਾ ਦਾ ਵਧੇਰੇ ਹਿੱਸਾ ਬਣਾਇਆ।

"ਵੈਰੀ ਨਾਗ ਤੇਰਾ ਪਹਿਲਾ ਝਲਕਾ

ਜਦ ਅੱਖੀਆਂ ਵਿਚ ਵਜਦਾ

ਕੁਦਰਤ ਦੇ ਕਾਦਰ ਦਾ ਜਲਵਾ

ਲੈ ਲੈਂਦਾ ਇਕ ਸਿਜਦਾ।"[30]

## 1.7 ਦੂਜਾ ਪੜਾਅ

ਵੀਹਵੀਂ ਸਦੀ ਅਜੋਕੀ ਪੰਜਾਬੀ ਕਵਿਤਾ ਦਾ ਦੂਜਾ ਪੜਾਅ 1935 ਤੋਂ 1965 ਤੱਕ ਦਾ ਮੰਨਿਆ ਜਾਂਦਾ ਹੈ। ਇਸ ਪੜਾਅ ਵਿਚ ਆਜਾਦੀ ਲਹਿਰ ਦਾ ਜ਼ੋਰ ਸੀ ਤੇ ਕਵਿਤਾਵਾਂ ਵਿਚ ਮੁੱਖ ਵਿਸ਼ੇ ਰਾਸ਼ਟਰੀ ਭਾਵਨਾ ਨਾਲ ਓਤ-ਪ੍ਰੋਤ ਦ੍ਰਿਸ਼ਟੀਗੋਚਰ ਹੁੰਦੇ ਹਨ।ਇਸ ਦੌਰ ਵਿਚ ਰਾਸ਼ਟਰਵਾਦੀ ਕਵਿਤਾ ਦਾ ਰੁਝਾਨ ਵੀ ਸਾਹਮਣੇ ਆਇਆ। ਉਹ ਰਾਸ਼ਟਰਵਾਦ ਜੋ ਸਾਂਝੇ ਰਾਜ ਦਾ ਸੰਕਲਪ ਹੁੰਦਾ ਹੈ ਅਤੇ ਇਸ ਦਾ ਸਿੱਧਾ ਸੰਬੰਧ ਰਾਜਨੀਤੀ ਨਾਲ ਹੁੰਦਾ ਹੈ। ਇਸ ਪ੍ਰਵਿਰਤੀ ਦੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿਚ ਰਾਸ਼ਟਰਵਾਦੀ ਭਾਵਨਾਵਾਂ ਨੂੰ ਪੇਸ਼ ਕਰਦਿਆਂ ਗੁਲਾਮੀ ਦਾ ਵਿਰੁਧ, ਆਜ਼ਾਦੀ ਨੂੰ ਪਿਆਰ ਕਰਨ ਦੀ ਭਾਵਨਾ, ਨਵਾਂ ਹੌਂਸਲਾ ਪੈਦਾ ਕਰਨ ਵਾਲੀ ਸੋਚ ਅਤੇ ਆਪਣੇ ਵਿਰਸੇ ਤੇ ਵਿਰਾਸਤ ਦੇ ਗੌਰਵਮਈ ਇਤਿਹਾਸ ਨੂੰ ਆਪਣੀਆਂ ਰਚਨਾਵਾਂ ਵਿਚ ਉਭਾਰਿਆ। ਇਸ ਕਾਵਿ-ਧਾਰਾ ਦੇ ਸ਼ਾਇਰ ਹੀਰਾ ਸਿੰਘ ਦਰਦ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ, ਪ੍ਰੋ. ਪੂਰਨ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ, ਫ਼ਿਰੋਜ਼ਦੀਨ ਸ਼ਰਫ਼, ਮੌਲਾ ਬਖਸ਼ ਕੁਸ਼ਤਾ, ਮੁਨਸ਼ਾ ਸਿੰਘ ਦੁਖੀ ਆਦਿ ਅਜਿਹੇ ਪ੍ਰਮੁੱਖ ਕਵੀ ਹਨ ਜਿਨ੍ਹਾਂ ਦੀਆਂ ਕਵਿਤਾਵਾਂ ਵਿਚ ਰਾਸ਼ਟਰਵਾਦੀ ਚੇਤਨਾ ਤੇ ਦੇਸ਼ ਭਗਤੀ ਦੀ ਸੋਚ ਉਭਰਦੀ ਹੈ। ਵਿਦੇਸ਼ੀ ਰਾਜ ਦੇ ਹੁੰਦਿਆਂ ਵੀ ਇਨ੍ਹਾਂ ਸ਼ਾਇਰਾਂ ਨੇ ਬਹੁਤ ਦਲੇਰੀ ਅਤੇ ਨਿਡਰਤਾ ਨਾਲ ਆਪਣੀ ਕਵਿਤਾ ਨੂੰ ਸਿਖਰਾਂ 'ਤੇ ਪਹੁੰਚਾਇਆ।

ਡਾ. ਬਲਜੀਤ ਕੌਰ ਆਪਣੀ ਪਾਸਤਕ ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਸਰੂਪ ਤੇ ਵਿਕਾਸ ਵਿਚ ਲਿਖਦੀ ਹੈ "ਵੀਹਵੀਂ ਸਦੀ ਵਿਚ ਰਚੀ ਗਈ ਪੰਜਾਬੀ ਕਵਿਤਾ ਦਾ ਇਕ ਮਹੱਤਵਪੂਰਨ ਅਤੇ ਧਿਆਨਯੋਗ ਹਿੱਸਾ ਰਾਸ਼ਟਰਵਾਦੀ ਕਵਿਤਾ ਦੇ ਰੂਪ ਵਿਚ ਪ੍ਰਾਪਤ ਹੁੰਦਾ ਹੈ। ਇਹ ਉਹ ਕਵਿਤਾ ਹੈ ਜੋ ਆਪਣੇ ਰਾਸ਼ਟਰ ਦੇਸ਼ ਦੀ ਭੂਗੋਲਿਕ ਹੋਂਦ ਅਤੇ ਇਸ

ਦੇ ਇਤਿਹਾਸ ਤੇ ਸਭਿਆਚਾਰ ਦੀ ਵਿਲੱਖਣ ਪਛਾਣ ਦੀ ਚੇਤਨਾ ਅਤੇ ਇਹਨਾਂ ਪ੍ਰਤੀ ਮਾਣ ਤੇ ਪਿਆਰ ਦੇ ਡੂੰਘੇ ਤੇ ਤੀਬਰ ਭਾਵਾਂ ਦੀ ਅਭਿਵਿਅਕਤੀ ਵਜੋਂ ਪਛਾਣ ਯੋਗ ਹੈ।"[31]

ਪ੍ਰਸਿੱਧ ਸੁਤੰਤਰਤਾ ਸੰਗਰਾਮੀ ਅਤੇ ਦੇਸ਼ ਭਗਤ ਕਵੀ ਗਿਆਨੀ ਹੀਰਾ ਸਿੰਘ ਦਰਦ ਨੇ ਰਾਸ਼ਟਰਵਾਦੀ ਕਵਿਤਾ ਵਿਚ ਭਾਰਤੀਆਂ ਦੇ ਰੋਹ ਤੇ ਵਿਦਰੋਹ, ਸ਼ਾਹੂਕਾਰਾਂ ਅਤੇ ਸਰਕਾਰੀ ਮਿਸ਼ਨਰੀਆਂ ਦੀ ਲੁੱਟ-ਖਸੁੱਟ ਦੇ ਵਿਰੁੱਧ ਬਾਂਕੇ ਦਿਆਲ ਵਲੋਂ ਲਿਖੇ ਗੀਤ ਨੂੰ ਦੇਸ਼ ਪਿਆਰ ਦਾ ਪਹਿਲਾ ਗੀਤ ਮੰਨਿਆ ਹੈ।

"ਪੱਗੜੀ ਸੰਭਾਲ ਓ ਜੱਟਾ

ਪੱਗੜੀ ਸੰਭਾਲ ਉਏ

ਵੈਰੀਆਂ ਨੇ ਲੁੱਟ ਲਿਆ

ਤੇਰਾ ਪੰਜਾਬ ਉਏ

ਹਿੰਦ ਹੈ ਮੰਦਰ ਤੇਰਾ

ਤੂੰ ਇਸ ਦਾ ਪੁਜਾਰੀ ਉਏ..."[32]

ਇਤਿਹਾਸਕਾਰ ਬਾਵਾ ਬੁੱਧ ਸਿੰਘ ਨੇ ਵੀ ਇਸ ਨੂੰ "ਪੰਜਾਬੀ ਦੀ ਪੋਲੀਟੀਕਲ ਕਵਿਤਾ ਦਾ ਸੱਭ ਤੋਂ ਮਸ਼ਹੂਰ ਨਮੂਨਾ ਮੰਨਿਆ ਹੈ।"[33]

ਇਸ ਦੌਰ ਵਿਚ ਪ੍ਰਗਤੀਵਾਦੀ ਧਾਰਾ ਜੋਰ ਫੜ ਗਈ ਸੀ। ਇਸ ਧਾਰਾ ਦਾ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਅਹਿਮ ਯੋਗਦਾਨ ਰਿਹਾ ਹੈ। ਜਿਸ ਕਾਰਨ ਪੂੰਜੀਵਾਦੀ ਸੰਸਾਰ ਅਤੇ ਇਸ ਵਿਚ ਉੱਭਰ ਰਹੀ ਚੇਤਨਾ ਨੂੰ ਕਿਰਤੀਆਂ ਦੇ ਹੱਕ ਵਿਚ ਅਤੇ ਇਨਕਲਾਬੀ ਪਰਿਵਰਤਨ ਵੱਲ ਮੋੜਿਆ। ਜਿਸ ਵਿਚ ਜਮਾਤੀ ਸੰਘਰਸ਼, ਇਨਕਲਾਬ, ਸਾਮਰਾਜੀ ਲੁੱਟ, ਅਮਨ-ਸ਼ਾਤੀ ਦੇ ਸੰਕਲਪ ਸਾਹਿਤ ਦੇ ਕੇਂਦਰੀ ਸਰੋਕਾਰ ਬਣੇ। ਇਸ ਦੌਰ ਦੀ ਪੰਜਾਬੀ ਕਵਿਤਾ ਵਿਚ ਪ੍ਰਗਤੀਵਾਦੀ ਵਿਚਾਰਧਾਰਾ ਦੇ ਅਨੁਕੂਲ ਨਵੇਂ ਵਿਸ਼ੇ, ਵੱਖਰੇ ਦ੍ਰਿਸ਼ਟੀਕੋਣ ਅਤੇ ਲੋਕ ਬੋਲੀ ਦਾ ਨਵਾਂ ਮੁਹਾਂਦਰਾ ਸਿਰਜਣ ਵੱਲ ਅਗਰਸਰ ਸਨ। ਇਸ ਦੌਰ ਦਾ ਪ੍ਰਮੁੱਖ ਕਵੀ ਪ੍ਰੋ. ਮੋਹਨ ਸਿੰਘ ਨੂੰ ਮੰਨਿਆ ਜਾਂਦਾ ਹੈ। ਉਸ ਦੇ ਪਹਿਲੇ ਕਾਵਿ-ਸੰਗ੍ਰਹਿ 'ਸਾਵੇ ਪੱਤਰ' ਨਾਲ ਉਸ ਨੂੰ ਇੰਨੀ ਮਕਬੂਲੀਅਤ ਮਿਲੀ ਕਿ ਉਸ ਨੂੰ 'ਯੁੱਗ ਕਵੀ' ਵਜੋਂ ਜਾਣਿਆ ਜਾਣ ਲੱਗਾ। ਕਵਿਤਰੀ ਅੰਮ੍ਰਿਤਾ ਪ੍ਰੀਤਮ ਵੀ ਇਸ ਪੜਾਅ ਦੀ ਪਹਿਲੀ ਕਾਵਿ ਸਿਰਜਕ ਨਾਰੀ ਹੋਣ ਦਾ ਮਾਣ ਹਾਸਿਲ ਕਰਦੀ ਹੈ। ਉਸ ਦਾ ਆਧੁਨਿਕ ਪੰਜਾਬੀ ਕਾਵਿ ਸੰਸਾਰ ਨੂੰ ਅਹਿਮ ਯੋਗਦਾਨ ਹੈ। ਉਹ ਮਰਦ ਪ੍ਰਧਾਨ ਸਮਾਜ ਵਿਚ ਮਰਦ ਹੱਥੋਂ ਸਤਾਈ, ਬੇਇੱਜਤ ਹੁੰਦੀ ਔਰਤ ਦੀ ਆਵਾਜ਼ ਬਣ ਗਈ। ਇਸ ਕਾਵਿ ਦੌਰ ਵਿਚ ਪ੍ਰਮੁੱਖ ਕਵੀਆਂ ਨੇ ਆਪਣੀਆਂ ਕਵਿਤਾਵਾਂ

ਰਾਹੀਂ ਇਸ ਲਹਿਰ ਨੂੰ ਉਭਾਰਿਆ ਭਾਵੇਂ ਸੰਸਾਰ ਪੱਧਰ ਤੇ ਪ੍ਰਗਤੀਵਾਦੀ ਲਹਿਰ ਦਾ ਪ੍ਰਭਾਵ 1935 ਵਿਚ ਪੈਣਾ ਸ਼ੁਰੂ ਹੋ ਗਿਆ ਸੀ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪਿਆਰਾ ਸਿੰਘ ਸਹਿਰਾਈ, ਗਿਆਨੀ ਹੀਰਾ ਸਿੰਘ ਦਰਦ, ਚੰਨਣ ਸਿੰਘ ਜੇਠੂਵਾਲ, ਸੰਤੋਖ ਸਿੰਘ ਧੀਰ, ਅਜਾਇਬ ਚਿਤਰਕਾਰ, ਪ੍ਰੀਤਮ ਸਿੰਘ, ਅਵਤਾਰ ਸਿੰਘ ਆਜ਼ਾਦ ਅਜਿਹੇ ਪ੍ਰਮੁੱਖ ਕਵੀ ਹਨ ਜਿਨ੍ਹਾਂ ਨੇ 1947 ਤੋਂ ਲੈ ਕੇ ਆਪਣੀ ਕਾਵਿ-ਸਿਰਜਣਾ ਵਿਚ ਪ੍ਰਗਤੀਵਾਦੀ ਸੋਚ ਨੂੰ ਸ਼ਾਮਿਲ ਕਰਦਿਆਂ ਪੁਸਤਕਾਂ ਦੇ ਰੂਪ ਵਿਚ ਪਾਠਕਾਂ ਦੇ ਰੁਬਰੂ ਕੀਤਾ। ਉਹਨਾਂ ਨੇ ਇਸ ਕਾਵਿ-ਧਾਰਾ ਦੇ ਪ੍ਰਵੇਸ਼ ਕਰਨ ਨਾਲ ਪਹਿਲੀ ਵਾਰ ਗਰੀਬ ਮਜ਼ਦੂਰਾਂ, ਸਾਧਨਹੀਣ ਲੋਕਾਂ ਦੀ ਗੂੰਗੀ ਚੁੱਪ ਨੂੰ ਆਵਾਜ਼ ਦਿੱਤੀ ਤੇ ਉਹਨਾਂ ਨੇ ਸਮਾਜ ਵਿਚ ਗਲਤ ਧਾਰਨਾਵਾਂ ਦਾ ਵਿਸ਼ਲੇਸ਼ਣ ਕਰਦਿਆਂ ਇਸ ਦਾ ਤਿੱਖਾ ਵਿਰੋਧ ਕੀਤਾ। ਬਾਵਾ ਬਲਵੰਤ ਆਪਣੀ ਕਾਵਿ ਪੁਸਤਕ 'ਜਵਾਲਾ ਮੁਖੀ' ਵਿਚ ਸਮਾਜ ਦੇ ਸਾਧਨਹੀਣ ਹੋਏ ਲੋਕਾਂ ਦੇ ਦਰਦ ਨੂੰ ਪੇਸ਼ ਕਰਦਾ ਹੋਇਆ ਲਿਖਦਾ ਹੈ:

"ਬੈਂਕਾਂ ਦੇ ਰੰਗ ਵਿਚ ਡੁੱਬ ਗਏ ਸੋਹਣੇ ਖੇਤ

ਕਰਜ਼ੇ ਚ ਵਿਕ ਜਾਏ ਤੇਰੇ ਸਾਗਰ ਦੀ ਰੇਤ

ਧਰਤੀ ਦੇ ਫਾਕੇ ਦਾ ਜੰਗਾਂ ਤੋਂ ਹਾਲ-ਮੁਹਾਲ

ਨਿਤ ਦਿਨ ਵਸਣ ਪਏ ਨਵ ਦੁੱਖਾਂ ਦੇ ਜਾਲ

ਝਗੜੇ ਮਿਟਾਉਣੇ ਪਏ ਧਨੀਆਂ ਦੇ ਬਾਲ-ਪੁਣੇ

ਦੱਸ ਤੇਰੀ ਕੌਣ ਸੁਣੇ"[34]

ਇਸ ਦੌਰ ਦੇ ਕਵੀਆਂ ਨੇ ਬੇਜ਼ੁਬਾਨ ਲੋਕਾਂ ਨੂੰ ਜ਼ੁਬਾਨ ਬਖਸ਼ੀ, ਸੱਚ ਬੋਲਣ ਦੀ ਦਲੇਰੀ ਨੂੰ ਉਭਾਰਿਆ, ਜ਼ਿੰਦਗੀ ਨੂੰ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਤੇ ਦੇਖਣ ਦਾ ਯਤਨ ਕੀਤਾ ਅਤੇ ਸਮਕਾਲ ਵਿਚ ਵਾਪਰਦੀਆਂ ਘਟਨਾਵਾਂ ਪ੍ਰਤੀ ਚੇਤੰਨ ਹੋਣਾ, ਆਲੇ-ਦੁਆਲੇ ਵਾਪਰਦੀਆਂ ਗਲਤ ਪਰਿਸਥਿਤੀਆਂ ਦੇ ਵਿਰੋਧ ਵਿਚ ਆਵਾਜ਼ ਬੁਲੰਦ ਕਰਨੀ ਸਿਖਾਈ। ਪ੍ਰਗਤੀਸ਼ੀਲ ਸਾਹਿਤਕਾਰ ਜਦੋਂ ਮਾਕਸਵਾਦੀ ਚਿੰਤਨ ਦੀ ਰੋਸ਼ਨੀ ਵਿਚ ਸਮਾਜਕ, ਯਥਾਰਥ ਦਾ ਪ੍ਰਤੀਬਿੰਬਤ ਤੇ ਵਿਸ਼ਲੇਸ਼ਣ ਕਰਦਾ ਹੈ ਅਤੇ ਮੌਜੂਦਾ ਸਮਾਜਕ ਪ੍ਰਬੰਧ ਦੀਆਂ ਊਣਤਾਈਆਂ ਅਤੇ ਵਿਸੰਗਤੀਆਂ ਨੂੰ ਉਜਾਗਰ ਕਰਦਾ ਹੋਇਆ ਇਨ੍ਹਾਂ ਨੂੰ ਦੂਰ ਕਰ ਕੇ ਇਕ ਨਵਾਂ ਤੇ ਬਿਹਤਰ ਸਮਾਜਕ ਪ੍ਰਬੰਧ ਉਸਾਰਨ ਦੇ ਆਦਰਸ਼ ਦੀ ਸਾਧਨਾ ਕਰਦਾ ਹੈ ਤਾਂ ਉਹ ਪ੍ਰਗਤੀਵਾਦੀ ਅਖਵਾਉਂਦਾ ਹੈ। ਮਾਰਕਸਵਾਦੀ ਚਿੰਤਨ ਜੋ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਸਰੋਤ ਹੈ ਨਿਰੋਲ ਸਾਹਿਤਕ ਚਿੰਤਨ ਨਹੀਂ।

ਇਸ ਸੰਬੰਧੀ ਟਿੱਪਣੀ ਕਰਦੇ ਹੋਏ ਡਾ. ਹਰਿਭਜਨ ਨੇ ਲਿਖਿਆ ਹੈ "ਪ੍ਰਗਤੀਵਾਦ ਆਪਣੇ ਸਮੇਂ ਦਾ ਚੌਮੁੱਖਾ ਉਭਾਰ ਸੀ ਜਿਸ ਨੇ ਜੀਵਨ ਦੇ ਅਨੇਕ ਪੱਖਾਂ ਨੂੰ ਆਪਣੀ ਪਕੜ ਵਿਚ ਲੈਣ ਦਾ ਯਤਨ ਕੀਤਾ। ਸਾਹਿਤ ਉਸ ਦਾ ਇਕ

ਵੇਰਵਾ ਸੀ। ਉਹ ਆਪਣੇ ਸਮਕਾਲੀ ਜੀਵਨ ਪ੍ਰਵਾਹ ਤੋਂ ਕਿੰਨਾਂ ਕੁ ਪ੍ਰੇਰਿਤ ਹੋਇਆ ਇਹ ਕਹਿਣਾ ਔਖਾ ਹੈ ਪਰ ਉਸ ਨੇ ਨਿਸ਼ਚੇ ਹੀ ਆਪਣੇ ਸਿਰਜਣਾਤਮਕ ਉੱਦਮ ਨੂੰ ਵਿਸ਼ਾਲ ਵਸਤੂ ਸਥਿਤੀ ਨਾਲ ਜੋੜਨ ਦਾ ਯਤਨ ਕੀਤਾ।"[35]

ਡਾ. ਰਵਿੰਦਰ ਸਿੰਘ ਰਵੀ ਨੇ ਪ੍ਰਗਤੀਵਾਦੀ ਲਹਿਰ ਨੂੰ ਸਾਹਿਤਕਾਰਾਂ, ਕਵੀਆਂ ਦੇ ਮੱਧਕਾਲੀਨ ਜੀਵਨ ਮੁੱਲਾਂ ਤੇ ਮਾਨਤਾਵਾਂ ਦਾ ਸੰਵਾਦ ਰਚਾਉਣ ਵਾਲੀਆਂ ਨਵੀਆਂ ਪਰਸਥਿਤੀਆਂ ਦੇ ਅਨੁਕੂਲ ਜੀਵਨ ਦ੍ਰਿਸ਼ਟੀ ਦੇ ਪੈਦਾ ਹੋਣ ਵਾਲੀ ਕਵਿਤਾ ਮੰਨਿਆ ਹੈ। ਉਹ ਲਿਖਦੇ ਹਨ "ਪ੍ਰਗਤੀਸ਼ੀਲ ਲਹਿਰ ਅੰਤਰ ਰਾਸ਼ਟਰੀ ਅਤੇ ਭਾਰਤ ਦੀ ਵਿਸ਼ੇਸ਼ ਇਤਿਹਾਸਕ ਪਰਸਥਿਤੀਆਂ ਦਾ ਇਕ ਅਜਿਹਾ ਲਾਜਮੀ ਇਤਿਹਾਸਕ ਸਿੱਟਾ ਸੀ ਜਿਸ ਨੇ ਇਕ ਵਿਸ਼ਾਲ ਸਭਿਆਚਾਰਕ ਪੁਨਰ ਸੁਰਜੀਤੀ ਦੀ ਮਹੱਤਵਪੂਰਨ ਭੂਮਿਕਾ ਨਿਭਾਈ.........ਇਕ ਵਿਸ਼ਾਲ ਪੁਨਰਸੁਰਜੀਤੀ ਦੀ ਲਹਿਰ ਦੇ ਰੂਪ ਵਿਚ ਇਸ ਨੇ ਫਾਸੀਵਾਦ, ਸਾਮਰਾਜਵਾਦ, ਪੂੰਜੀਵਾਦ, ਅੰਧ ਵਿਸ਼ਵਾਸ, ਜਾਤ-ਪਾਤ, ਛੂਤ-ਛਾਤ, ਫਿਰਕਾ ਪ੍ਰਸਤੀ, ਜਮਾਤੀ ਲੁੱਟ-ਖਸੁੱਟ, ਨਸਲਵਾਦ, ਕਿਰਤੀ ਕਿਸਾਨਾਂ ਦੇ ਹੱਕ ਵਿਚ, ਸੰਸਾਰ ਅਮਨ, ਕੌਮੀ ਆਜ਼ਾਦੀ, ਰਾਸ਼ਟਰੀ ਏਕਤਾ, ਜਮਹੂਰੀ ਕਦਰਾਂ ਕੀਮਤਾਂ ਆਦਿ ਦੇ ਪ੍ਰਚਾਰ ਅਤੇ ਪਸਾਰ ਇੰਨਾਂ ਦੀ ਸਥਾਪਤੀ ਦੀਆਂ ਭਾਵਨਾਵਾਂ ਨੂੰ ਵਿਸ਼ਾਲ ਜਨਤਕ ਉਭਾਰ ਵਿਚ ਬਦਲ ਦਿੱਤਾ।"[36]

ਜ਼ਿੰਦਗੀ ਵਿਚ ਆਏ ਦਿਖਾਵੇਪਨ ਅਤੇ ਪੱਛਮੀ ਰੋਮਾਂਸਵਾਦੀ ਕਾਵਿ-ਧਾਰਾ ਦੇ ਪ੍ਰਤੀਕਰਮ ਵਜੋਂ ਪੰਜਾਬੀ ਕਾਵਿ ਵਿਚ ਰੋਮਾਂਸਵਾਦੀ ਦੌਰ ਆਰੰਭ ਹੋਇਆ। ਇਸ ਦੌਰ ਵਾਲੇ ਕਵੀ ਪ੍ਰੋ. ਪੂਰਨ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਤੇ ਸ਼ਿਵ ਕੁਮਾਰ ਬਟਾਲਵੀ ਜਿਹੇ ਸ਼ਾਇਰ ਹਨ। ਪ੍ਰੋ. ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਤਾਂ ਇਸ ਪ੍ਰਵਿਰਤੀ ਰਾਹੀਂ ਹੀ ਕਾਵਿ ਸੰਸਾਰ ਵਿਚ ਆਉਂਦੇ ਹਨ ਤੇ ਮਗਰੋਂ ਪ੍ਰਗਤੀਵਾਦੀ ਕਾਵਿ-ਧਾਰਾ ਅਪਣਾ ਲੈਂਦੇ ਹਨ ਫਿਰ 1947 ਤੋਂ ਬਾਅਦ ਦੇ ਸਭ ਤੋਂ ਵਧੇਰੇ ਹਰਮਨ ਪਿਆਰੇ ਕਵੀ ਬਣ ਜਾਂਦੇ ਹਨ। ਰੁਮਾਂਸਵਾਦੀ ਕਵਿਤਾ ਵਿਚ ਵਿਅਕਤੀਗਤ ਜੀਵਨ ਦ੍ਰਿਸ਼ਟੀਕੋਣ, ਪੁਰਾਣੀਆਂ ਸਭਿਆਤਾਵਾਂ ਦਾ ਵਿਰੋਧ, ਕਲਪਨਾ ਦੀ ਉਡਾਰੀ, ਹੁਸਨ ਤੇ ਖੂਬਸੂਰਤੀ ਲਈ ਖਿੱਚ ਤੇ ਵਿਸਮਾਦੀ ਰੰਗਣ ਦੀ ਹੋਂਦ ਹੁੰਦੀ ਹੈ। ਅੰਮ੍ਰਿਤਾ ਪ੍ਰੀਤਮ ਨੇ ਵਿਸਮਾਦੀ ਕਲਪਨਾ ਰਾਹੀਂ ਰੁਮਾਂਸਵਾਦੀ ਕਵਿਤਾ ਨੂੰ ਕਿੰਨੇ ਸੋਹਣੇ ਸ਼ਬਦਾਂ ਵਿਚ ਉਲੀਕਿਆ ਹੈ

"ਮੈਂ ਨਦੀ ਬਣਾਂ ਤੂੰ ਚੰਨ ਬਣੀਂ

ਮੈਂ ਨਦੀ ਬਣਾਂ ਤੈਨੂੰ ਸਦ ਲਵਾਂ

ਤੂੰ ਚੰਨ ਬਣੀਂ ਮੈਨੂੰ ਖਿੱਚ ਲਵੀਂ

ਤੂੰ ਰਿਸ਼ਮਾਂ ਸੁੱਟ ਲਮਕਾ ਦੇਵੀਂ..."[37]

ਰੁਮਾਂਸਵਾਦੀ ਕਾਵਿ-ਧਾਰਾ ਨੇ ਪੰਜਾਬੀ ਕਵਿਤਾ ਨੂੰ ਅਧਿਆਤਮਕ ਕਾਵਿ ਪਰੰਪਰਾ ਵਿਚੋਂ ਕੱਢ ਕੇ ਆਕਾਸ਼ ਦੀਆਂ ਉਡਾਰੀਆਂ ਲਗਵਾਈਆਂ। ਇਸ ਕਾਵਿ-ਧਾਰਾ ਦੇ ਕਵੀਆਂ ਨੇ ਬੰਧਨਾਂ ਤੋਂ ਮੁਕਤ ਇਕ ਨਿਵੇਕਲੇ ਤੇ ਆਦਰਸ਼ ਸਮਾਜ ਦੀ ਸਿਰਜਣਾ ਵਿਚ ਯੋਗਦਾਨ ਪਾਇਆ ਜਿੱਥੇ ਮਨੁੱਖ ਪਿਆਰ ਤੇ ਹਮਦਰਦੀ ਨਾਲ ਜ਼ਿੰਦਗੀ ਜੀਅ ਸਕਣ। ਰੋਮਾਂਸਵਾਦੀ ਕਾਵਿ-ਧਾਰਾ ਨੇ ਪਰੰਪਰਾਵਾਦੀ ਅਧਿਆਤਮਕ ਪਰੰਪਰਾ ਨੂੰ ਛੱਡ ਕੇ ਜੀਵਨ ਜੁੜੀਆਂ ਉਹਨਾਂ ਦੁੱਖ-ਤਕਲੀਫਾਂ ਨੂੰ ਆਪਣੇ ਕਾਵਿ ਦਾ ਹਿੱਸਾ ਬਣਾਇਆ। ਸਮਾਜਕ ਜੀਵਨ ਦੇ ਬੰਧਨਾਂ ਪ੍ਰਤੀ ਵਿਦਰੋਹ ਅਤੇ ਆਦਰਸ਼ ਸਮਾਜ ਸਿਰਜਣ ਦੀ ਪ੍ਰਵਿਰਤੀ ਨੂੰ ਉਜਾਗਰ ਕਰਦਿਆਂ ਮਨੁੱਖ ਦੇ ਪਿਆਰ, ਹਮਦਰਦੀ ਅਤੇ ਆਦਰਸ਼ਾਂ ਨੂੰ ਮੂਲ ਰੂਪ ਵਿਚ ਪੇਸ਼ ਕਰਦਿਆਂ ਕਵਿਤਾ ਨੂੰ ਆਮ ਲੋਕਾਂ ਦੀ ਆਵਾਜ ਵਿਚ ਪੇਸ਼ ਕੀਤਾ।

## 1.8 ਤੀਜਾ ਪੜਾਅ

ਵੀਹਵੀਂ ਸਦੀ ਦੀ ਅਜੋਕੀ ਪੰਜਾਬੀ ਕਵਿਤਾ ਦਾ ਤੀਜਾ ਪੜਾਅ ਸੱਤਵੇਂ ਦਹਾਕੇ ਵਿਚ ਵੱਖਰੀ ਕਾਵਿਕ ਸੰਵੇਦਨਾ, ਵਿਸ਼ਾਗਤ ਪੇਸ਼ਕਾਰੀ ਅਤੇ ਕਾਵਿਕ ਜੁਗਤਾਂ ਸਿਰਜਣ ਦੀ ਪ੍ਰਵਿਰਤੀ ਨਾਲ ਸ਼ੁਰੂ ਹੁੰਦਾ ਹੈ। ਇਹ ਦੌਰ ਇਕੋ ਵੇਲੇ ਨਵੀਆਂ ਦੋ ਧਾਰਾਵਾਂ ਦੇ ਸਮਾਨਾਂਤਰ ਪ੍ਰਫੁੱਲਤ ਹੋਣ ਦਾ ਕਾਲ ਹੈ। ਹੌਲੀ-ਹੌਲੀ ਪੰਜਾਬੀ ਕਵਿਤਾ ਬਹੁਪੱਖੀ ਵਿਕਾਸ ਦੇ ਅਜਿਹੇ ਮੁਕਾਮ ਤੇ ਪਹੁੰਚ ਜਾਂਦੀ ਹੈ ਜਿਥੇ ਇਕ ਕਵੀ, ਇਕ ਵਾਦ ਜਾਂ ਇਕ ਪ੍ਰਵਿਰਤੀ ਸਾਰੇ ਸਾਹਿਤਕ ਸੰਸਾਰ ਦਾ ਮੁੱਦਾ ਨਹੀਂ ਰਹਿੰਦੀ ਭਾਵ ਸਿਰਜਣਾਤਮਕਤਾ ਦੇ ਦੌਰ ਵਿਚ ਵੰਨ-ਸੁਵੰਨਤਾ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਦੌਰ ਦੀਆਂ ਦੋ ਕਾਵਿ ਪ੍ਰਵਿਰਤੀਆਂ ਪ੍ਰਯੋਗਸ਼ੀਲ਼ ਕਾਵਿਧਾਰਾ, ਜੁਝਾਰਵਾਦੀ ਪ੍ਰਵਿਰਤੀ ਸ਼ਾਮਲ ਹਨ। ਪੰਜਾਬੀ ਕਾਵਿ ਖੇਤਰ ਵਿਚ ਪ੍ਰਗਤੀਵਾਦੀ ਲਹਿਰ ਦਾ ਪਤਨ ਹੋਣ ਕਾਰਨ ਪੰਜਾਬੀ ਕਾਵਿ ਵਿਚ ਪ੍ਰਯੋਗਵਾਦ ਦਾ ਕਾਵਿ ਰੂਪ ਸਾਹਮਣੇ ਆਇਆ। ਜਿਸ ਨੂੰ ਪ੍ਰਯੋਗਸ਼ੀਲ ਕਵਿਤਾ ਕਿਹਾ ਜਾਂਦਾ ਸੀ। ਇਸ ਕਾਵਿ ਪ੍ਰਵਿਰਤੀ ਦੇ ਧਾਰਨੀ ਕਵੀਆਂ ਨੇ ਇਸ ਕਾਵਿ-ਧਾਰਾ ਵਿਚ ਵੱਧ ਚੜ੍ਹ ਕੇ ਹਿੱਸਾ ਪਾਇਆ।

ਭਾਵੇਂ ਇਸ ਕਾਵਿ ਨੂੰ ਕੋਈ ਕਾਵਿ-ਧਾਰਾ ਜਾਂ ਕੋਈ ਵਾਦ ਨਹੀਂ ਮੰਨਿਆ ਗਿਆ ਪਰ ਇਸ ਬਾਰੇ ਡਾ. ਜਸਵੀਰ ਸਿੰਘ ਆਹਲੂਵਾਲੀਆ ਆਪਣੀ ਪੁਸਤਕ 'ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ' ਚ ਲਿਖਦੇ ਹਨ "ਪ੍ਰਯੋਗ ਆਪਣੇ ਆਪ ਚ ਕੋਈ ਮਨੋਰਥ ਨਹੀਂ, ਸਿਰਫ਼ ਇਕ ਸਾਧਨ ਹੈ ਨਵੀਂ ਨਰੋਈ ਪਰੰਪਰਾ ਦੇ ਵਿਕਾਸ ਲਈ।"[38]

ਪ੍ਰਯੋਗਵਾਦੀ ਸ਼ਾਇਰ ਪੁਰਾਣੀਆਂ ਪਰੰਪਰਾਵਾਂ ਤੋਂ ਟੁੱਟਦੇ ਨਹੀਂ ਸਗੋਂ ਇਸ ਨੂੰ ਨਵੇਂ ਰੂਪ ਵਿਚ ਪੇਸ਼ ਕਰਦੇ ਹਨ। ਇਸ ਧਾਰਾ ਦੇ ਪ੍ਰਤੀਨਿਧ ਕਵੀ ਡਾ. ਜਸਵੀਰ ਸਿੰਘ ਆਹਲੂਵਾਲੀਆ (ਕਾਗਜ਼ ਦਾ ਰਾਵਣ, ਕੂੜ ਰਾਜਾ ਕੂੜ ਪ੍ਰਜਾ), ਰਵਿੰਦਰ ਰਵੀ (ਬੁੱਕਲ ਦੇ ਵਿਚ ਚੋਰ, ਬਿੰਦੂ, ਦਿਲ ਟਰਾਂਸਪਲਾਂਟ ਤੋਂ ਬਾਅਦ), ਜਗਤਾਰ (ਦੁੱਧ ਪੱਥਰੀ), ਐਸ.ਐਸ. ਮੀਸ਼ਾ (ਚੌਰਸਤਾ), ਅਜਾਇਬ ਕਮਲ (ਤਾਸ਼ ਦੇ ਪੱਤੇ, ਸ਼ਤਰੰਜ ਦੀ ਖੇਡ), ਕ੍ਰਿਸ਼ਨ ਕੁਮਾਰ, ਸਤੀ ਕੁਮਾਰ, ਸੁਰਜੀਤ ਹਾਂਸ, ਸਵਰਨ ਅਜਿਹੇ ਪ੍ਰਮੁੱਖ ਨਾਮ ਹਨ। ਇਨ੍ਹਾਂ ਕਵੀਆਂ ਦੀਆਂ ਪ੍ਰਯੋਗਸ਼ੀਲ ਕਵਿਤਾਵਾਂ ਵਿਚ ਜਿਹੜੇ ਪ੍ਰਮੁੱਖ ਲੱਛਣ ਉੱਭਰਦੇ

ਹਨ, ਉਹਨਾਂ ਵਿਚੋਂ ਸਮਾਜਕ ਵਿਵੇਚਨਾ ਫਰਾਇਡ ਦੇ ਪ੍ਰਭਾਵ ਅਧੀਨ ਕਾਮ ਦਾ ਖੁੱਲ੍ਹਾ ਵਰਣਨ ਹੁੰਦਾ ਹੈ। ਪੰਜਾਬੀ ਕਾਵਿ ਧਾਰਾ ਵਿਚ ਜਿੱਥੇ ਰੁਮਾਂਸਵਾਦੀ, ਪ੍ਰਯੋਗਵਾਦੀ, ਪ੍ਰਗਤੀਸ਼ੀਲ ਕਵਿਤਾ ਦਾ ਪ੍ਰਭਾਵ ਰਿਹਾ ਤੇ ਉੱਥੇ ਇਸੇ ਦੌਰਾਨ ਕਵਿਤਾ ਦੇ ਸੁਹਜਮਈ ਪੱਖ ਨੂੰ ਪੇਸ਼ ਕਰਨ ਵਾਲੇ ਕਵੀਆਂ ਦਾ ਪ੍ਰਮੁੱਖ ਯੋਗਦਾਨ ਰਿਹਾ। ਜਿਨ੍ਹਾਂ ਨੇ ਆਪਣੇ ਕਾਵਿ-ਸੰਗ੍ਰਹਿਆਂ ਵਿਚ ਸੁਹਜਵਾਦੀ ਕਾਵਿ ਨੂੰ ਆਪਣੀ ਕਵਿਤਾ ਦਾ ਹਿੱਸਾ ਬਣਾ ਕੇ ਗੁਣਾਤਮਕ ਪੱਖ ਤੋਂ ਪੰਜਾਬੀ ਕਵਿਤਾ ਨੂੰ ਅਮੀਰ ਬਣਾਇਆ। ਜਿਨ੍ਹਾਂ ਵਿਚ ਡਾ. ਹਰਭਜਨ ਸਿੰਘ (ਲਾਸ਼ਾਂ, ਤਾਰ ਤੁਪਕਾ, ਨਾ ਧੁੱਪੇ ਨਾ ਛਾਵੇਂ), ਤਾਰਾ ਸਿੰਘ (ਮੇਘਲੇ, ਸਿੰਮਦੇ ਪੱਥਰ, ਅਸੀਂ-ਤੁਸੀਂ), ਐਸ.ਐਸ. ਮੀਸ਼ਾ (ਚੌਰਸਤਾ, ਦਸਤਕ, ਕੱਚ ਦੇ ਵਸਤਰ), ਸ਼ਿਵ ਕੁਮਾਰ ਬਟਾਲਵੀ (ਪੀੜਾਂ ਦਾ ਪਰਾਗਾ, ਆਟੇ ਦੀਆਂ ਚਿੜੀਆਂ, ਲਾਜਵੰਤੀ, ਮੈਂ ਤੇ ਮੈਂ, ਲੂਣਾ, ਆਰਤੀ) ਆਦਿ ਅਜਿਹੇ ਕਵੀ ਹਨ, ਜਿਨ੍ਹਾਂ ਨੇ ਸੁਹਜਵਾਦੀ ਕਾਵਿਧਾਰਾ ਨੂੰ ਆਪਣੀ ਕਵਿਤਾ ਵਿਚ ਪੇਸ਼ ਕਰਦਿਆਂ ਸਾਡੇ ਦਿਲਾਂ ਵਿਚ ਆਪਣੀ ਵੱਖਰੀ ਥਾਂ ਬਣਾਈ। ਪੰਜਾਬੀ ਕਵਿਤਾ ਵਿਚ ਮਨੋਵਿਗਿਆਨਕ ਪ੍ਰਵਿਰਤੀ ਨੂੰ ਵੀ ਪ੍ਰਗਟ ਕੀਤਾ ਗਿਆ ਹੈ। ਮਨੋਵਿਗਿਆਨਕ ਪ੍ਰਵਿਰਤੀ ਦੇ ਅੰਸ਼ ਡਾ. ਜਸਵੰਤ ਸਿੰਘ ਨੇਕੀ ਦੇ ਕਾਵਿ-ਸੰਗ੍ਰਹਿ ਵਿਚ ਵਿਸ਼ੇਸ਼ ਤੌਰ 'ਤੇ ਵੇਖੇ ਜਾ ਸਕਦੇ ਹਨ ਜੋ ਕਿ ਪੇਸ਼ੇ ਵਜੋਂ ਡਾਕਟਰ ਸਨ। ਉਹਨਾਂ ਦੀਆਂ ਮਨੋਵਿਗਿਆਨਕ ਅੰਸ਼ ਵਾਲੀਆਂ ਕਵਿਤਾਵਾਂ-'ਅਸਲੇ ਤੇ ਉਹਲੇ', 'ਇਹ ਮੇਰੇ ਸੰਸੇ ਇਹ ਮੇਰੇ ਗੀਤ', 'ਸਿਮਰਤੀ ਦੇ ਕਿਰਣ ਤੋਂ ਪਹਿਲਾਂ', 'ਕਰੁਣਾ ਦੀ ਛੋਹ ਤੋਂ ਮਗਰੋਂ' ਆਦਿ ਹਨ। ਮਨੋਵਿਗਿਆਨਕ ਪ੍ਰਵਿਰਤੀ ਤੋਂ ਬਾਅਦ ਪੰਜਾਬੀ ਕਾਵਿ ਵਿਚ ਜੁਝਾਰਵਾਦੀ ਕਾਵਿ ਪ੍ਰਵਿਰਤੀ ਨੇ ਰੰਗ ਫੜਿਆ। ਇਸ ਪ੍ਰਵਿਰਤੀ ਅਧੀਨ ਆਉਂਦੇ ਕਵੀਆਂ ਨੇ ਤਸ਼ੱਦਦ ਨਾਲ ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਨੂੰ ਬਿਆਨ ਕੀਤਾ। ਇਨ੍ਹਾਂ ਕਵੀਆਂ ਵਿਚ ਜਗਤਾਰ (ਲਹੂ ਦੇ ਨਕਸ਼), ਪਾਸ਼ (ਉੱਡਦੇ ਬਾਜਾਂ ਮਗਰ), ਲਾਲ ਸਿੰਘ ਦਿਲ (ਬਹੁਤ ਸਾਰੇ ਸੂਰਜ, ਨਾਗ ਲੋਕ), ਸੰਤ ਰਾਮ ਉਦਾਸੀ (ਸੈਨਤਾਂ), ਦਰਸ਼ਨ ਸਿੰਘ ਖਟਕੜ, ਹਰਭਜਨ ਹਲਵਾਰਵੀ, ਅਮਰਜੀਤ ਚੰਦਨ ਆਦਿ ਦੇ ਨਾਮ ਪ੍ਰਮੁੱਖ ਹਨ। ਇਸ ਦੇ ਨਾਲ ਹੀ ਰਾਸ਼ਟਰਵਾਦੀ ਪ੍ਰਵਿਰਤੀ ਅਧੀਨ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਪ੍ਰਭਜੋਤ ਕੌਰ ਆਦਿ ਪ੍ਰਮੁੱਖ ਕਵੀ ਕਵਿਤਰੀਆਂ ਨੇ ਚੀਨੀ ਤੇ ਪਾਕਿਸਤਾਨੀ ਹਮਲਿਆਂ ਦੀ ਮੂੰਹ ਬੋਲਦੀ ਤਸਵੀਰ ਨੂੰ ਆਪਣੀਆਂ ਕਵਿਤਾਵਾਂ ਵਿਚ ਪੇਸ਼ ਕੀਤਾ।

ਇਸ ਦੌਰ ਵਿਚ ਪੰਜਾਬੀ ਕਵਿਤਾ ਵਿਚ ਇਕ ਪ੍ਰਵਿਰਤੀ ਨਾਰੀ ਸੰਵੇਦਨਾ ਦੀ ਵੀ ਉੱਭਰ ਕੇ ਸਾਹਮਣੇ ਆਉਂਦੀ ਹੈ। ਇਹ ਸੰਵੇਦਨਾ ਮਰਦ ਪ੍ਰਧਾਨ ਦ੍ਰਿਸ਼ਟੀਕੋਣ, ਵਿਚਾਰਧਾਰਾ ਅਤੇ ਚੇਤਨਾ ਦੇ ਪ੍ਰਕਰਣਾਂ ਨੂੰ ਤੋੜਦੀ ਹੋਈ ਸਮਾਜ, ਇਨਸਾਨ, ਪ੍ਰਕਿਰਤੀ ਅਤੇ ਸਮੁੱਚੇ ਮਨੁੱਖੀ ਸਬੰਧਾਂ ਦੀ ਪੜਚੋਲ ਕਰਦੀ ਨਵੇਂ ਅਰਥਾਂ ਤੇ ਨਵੇਂ ਸੰਦਰਭਾਂ ਵਿਚ ਸਥਾਪਤ ਕਰਨ ਦਾ ਸਾਹਸ ਕਰ ਰਹੀ ਹੈ। ਅੰਮ੍ਰਿਤਾ ਪ੍ਰੀਤਮ ਇਸ ਪ੍ਰਵਿਰਤੀ ਦੀ ਪਹਿਲੀ ਬੁਲੰਦ ਆਵਾਜ਼ ਹੈ ਜਿਸ ਨੇ ਮਰਦਾਂ ਦੀ ਸਤਾਈ, ਬੇਪਰਦਾ ਕੀਤੀ ਔਰਤ ਦੇ ਦੁੱਖ ਨੂੰ ਪੇਸ਼ ਕੀਤਾ ਤੇ ਮਰਦਾਂ ਦੇ ਲੁਕਵੇਂ ਰੂਪ ਨੂੰ ਸੂਰਮਗਤੀ ਨਾਲ ਨੰਗਿਆਂ ਕਰਨ ਦਾ ਸਾਹਸ ਕੀਤਾ। ਉਸ ਤੋਂ ਅਗਲੀ ਕਵਿਤਰੀ ਮਨਜੀਤ ਟਿਵਾਣਾ ਸਾਹਿਤਕ ਮੈਦਾਨ 'ਚ ਨਿਤਰਦੀ ਹੈ ਜਿਸ ਨੇ ਮਰਦਾਂ ਦੀ ਫੋਕੀ ਹਉਮੇ ਅਤੇ ਲਿੰਗਕ ਹਿੰਸਾ ਅਤੇ ਔਰਤ ਦੀ ਹੋਂਦ ਤੇ ਹੋਣੀ ਦੇ ਤਿੱਖੇ ਸਵਾਲਾਂ ਨੂੰ ਆਪਣੀਆਂ ਰਚਨਾਵਾਂ ਵਿਚ ਉਭਾਰਿਆ। ਉਸ ਤੋਂ ਬਾਅਦ ਪ੍ਰਭਜੋਤ ਕੌਰ, ਅਜੀਤ ਕੌਰ, ਮਨਜੀਤ ਇੰਦਰਾ, ਡਾ. ਪਾਲ ਕੌਰ, ਵਨੀਤਾ, ਡਾ. ਦਲੀਪ

ਕੌਰ ਟਿਵਾਣਾ, ਕੁਲਦੀਪ ਕਲਪਨਾ, ਅਮਰ ਜਿਓਤੀ, ਭੁਪਿੰਦਰਪ੍ਰੀਤ ਆਦਿ ਪ੍ਰਮੁੱਖ ਹਨ। ਜਿਨਾਂ ਨੇ ਆਪਣੀ ਵਿਧਾ ਦੇ ਮੁਤਾਬਕ ਮਰਦ ਦੇ ਹਰ ਘਿਣੌਣੇ ਰੂਪ ਨੂੰ ਵੰਗਾਰਦਿਆਂ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ।

ਅਜੋਕੀ ਪੰਜਾਬੀ ਕਵਿਤਾ ਦਾ ਮੁੱਖ ਸਰੋਕਾਰ ਪੰਜਾਬ ਸੰਕਟ ਤੇ ਇਸ ਤੋਂ ਪੈਦਾ ਹੁੰਦੀ ਮਾਰੂ ਸਥਿਤੀ ਨਾਲ ਹੈ। ਪੰਜਾਬ ਸੰਕਟ ਦੀ ਇਸ ਡਰਾਉਣੀ ਤ੍ਰਾਸਦੀ ਨੇ ਸਮੁੱਚੇ ਜਨ-ਜੀਵਨ ਨੂੰ ਇੰਨੀ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲਿਆ ਕਿ ਤਕਰੀਬਨ ਹਰ ਪੀੜ੍ਹੀ ਦੇ ਹਰੇਕ ਕਵੀ ਬਜ਼ੁਰਗ ਪੀੜ੍ਹੀ ਤੋਂ ਲੈ ਕੇ ਸਾਹਿਤ ਖੇਤਰ ਵਿਚ ਨਵੀਆਂ ਪੁਲਾਘਾਂ ਪੁੱਟ ਰਹੇ ਹਰ ਇਕ ਕਵੀ ਨੇ ਇਸ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਇਸ ਦੇ ਮੁੱਖ ਵਿਸ਼ਿਆਂ ਵਿਚ ਖੌਫ਼ਨਾਕ ਸਥਿਤੀ, ਮੌਤ, ਦਰਦ ਅਤੇ ਚਿੰਤਾ ਪ੍ਰਮੁੱਖ ਰਹੇ ਹਨ। ਇਨ੍ਹਾਂ ਵਿਚ ਸੁਰਜੀਤ ਪਾਤਰ ਪੰਜਾਬ ਸੰਕਟ ਸਬੰਧੀ ਸਿਰਜੇ ਗਏ ਕਾਵਿ ਦਾ ਪ੍ਰਤੀਨਿਧ ਤੇ ਉੱਚਤਮ ਕਵੀ ਹੈ। ਉਸ ਨੇ ਪੰਜਾਬੀ ਸਭਿਆਚਾਰ ਦੀਆਂ ਮਾਨਵੀ ਕੀਮਤਾਂ, ਸਮੂਹ ਪੰਜਾਬੀਅਤ ਦੇ ਦਰਦ ਤੇ ਭਾਈਚਾਰਕ ਪੀੜ ਦੇ ਚਿੱਤਰ ਆਪਣੀ ਕਾਵਿ ਸੁਰ ਵਿਚ ਉਲੀਕੇ। ਉਹਨਾਂ ਨੇ ਤੇ ਡਾ. ਜਗਤਾਰ ਨੇ ਪੰਜਾਬ ਦੀ ਮਧੋਲੀ ਜਾ ਰਹੀ ਸੁਰ ਨੂੰ ਵੀ ਬਿਆਨ ਕੀਤਾ। ਇਸ ਤੋਂ ਬਿਨਾਂ ਡਾ. ਜਗਤਾਰ, ਦੇਵ ਆਦਿ ਕਵੀਆਂ ਨੇ ਵੀ ਇਸ ਵਿਸ਼ੇ ਸਬੰਧੀ ਕਲਮ ਅਜਮਾਈ। ਉਦਾਹਰਨ ਵਜੋਂ ਸੁਰਜੀਤ ਪਾਤਰ ਦੀ ਦੀਆਂ ਸਤਰਾਂ ਦੇਖਦੇ ਹਾਂ:

"ਕੁਝ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ

ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ...

ਤਮਗਿਆਂ ਦੀ ਥਾਂ 'ਤੇ ਹਿੱਕ ਵਿਚ ਗੋਲੀਆਂ

ਇਹ ਵੀ ਇਕ ਸਨਮਾਨ ਦਾ ਅੰਦਾਜ਼ ਹੈ..."[39]

## 1.9 ਚੌਥਾ ਪੜਾਅ

ਚੌਥੇ ਪੜਾਅ ਵਿਚ ਵੀਹਵੀਂ ਸਦੀ ਦੇ ਨੌਵੇਂ-ਦਸਵੇਂ ਦਹਾਕੇ ਤੋਂ ਪੰਜਾਬੀ ਕਾਵਿ ਰਚਨਾ ਕਰਨ ਵਾਲਿਆਂ ਨੇ ਪੰਜਾਬੀ ਕਵਿਤਾ ਵਿਚ ਆਪਣੇ ਨਵੇਂ ਪ੍ਰਤੀਮਾਨ ਉਲੀਕੇ ਹਨ। ਇਨਾਂ ਵਿਚ ਨਿਤ ਨਵੇਂ-ਨਵੇਂ ਸ਼ਾਇਰ ਆ ਰਹੇ ਹਨ। ਅਜੇ ਇਹ ਨਿਰਣਾ ਨਹੀਂ ਲਿਆ ਜਾ ਸਕਦਾ ਕਿ ਕਿਹੜੇ ਕਵੀ ਭਵਿੱਖ ਵਿਚ ਆਪਣੀ ਵਡੇਰੀ ਹੋਂਦ ਸਵੀਕਾਰ ਕਰਣਗੇ ਕਿ ਨਹੀਂ। ਪਰ ਇਹ ਸ਼ਾਇਰ ਦਿਨ-ਬ-ਦਿਨ ਨਵੇਂ ਵਿਸ਼ਿਆਂ ਨੂੰ ਲੈ ਕੇ ਸਮਕਾਲੀ ਕਵਿਤਾ ਵਿਚ ਨਵੀਆਂ ਤਬਦੀਲੀਆਂ ਲਿਆ ਰਹੇ ਹਨ। ਇਸ ਪੜਾਅ ਨੂੰ ਅਸੀਂ ਵਾਦ ਮੁਕਤ ਪੜਾਅ ਕਹਿ ਸਕਦੇ ਹਾਂ ਨਵੀਂ ਕਵਿਤਾ ਵਾਦਾਂ-ਪ੍ਰਤੀਵਾਦਾਂ ਤੋਂ ਮੁਕਤ ਹੈ। ਸਵੈ-ਸੰਵਾਦ, ਸਵੈ-ਕਟਾਖ਼ਸ਼, ਸਵੈ-ਵਿਅੰਗ ਤੇ ਸਵੈ-ਪ੍ਰਕਾਸ਼ ਇਸ ਦੇ ਮੁੱਖ ਸਿਰਜਣਾਤਮਕ ਸਰੋਕਾਰ ਹਨ।

ਇਸ ਨਵੀਂ ਮੁੱਲਵਾਨ ਪੰਜਾਬੀ ਸ਼ਾਇਰੀ ਦੇ ਜ਼ਿਕਰਯੋਗ ਨਾਮ ਹਨ: ਸਵਰਾਜਬੀਰ, ਗੁਰਦੇਵ ਚੌਹਾਨ, ਗੁਰਭਜਨ ਗਿੱਲ, ਅਮਰਜੀਤ ਕੌਂਕੇ, ਦਰਸ਼ਨ ਬੁੱਟਰ, ਮੋਹਨਜੀਤ, ਸੁਖਦਰਸ਼ਨ ਗਾਸੋ, ਰਾਬਿੰਦਰ ਮਸਰੂਰ, ਪਰਮਿੰਦਰ ਸੋਢੀ, ਬੀਬਾ

ਬਲਵੰਤ, ਵਨੀਤਾ, ਦੇਵ, ਜਸਵਿੰਦਰ, ਸੁਰਜੀਤ ਜੱਜ, ਸੁਖਵਿੰਦਰ ਅੰਮ੍ਰਿਤ, ਡਾ. ਰਵਿੰਦਰ, ਭੁਪਿੰਦਰਪ੍ਰੀਤ, ਦੇਵਨੀਤ ਆਦਿ ਹਨ।

ਆਧੁਨਿਕ ਦੌਰ ਦੀ ਪੰਜਾਬੀ ਕਵਿਤਾ ਨਵੇਂ ਯੁੱਗ ਦੀਆਂ ਵੰਗਾਰਾਂ, ਝਮੇਲਿਆਂ, ਸਿਰਜਣਸ਼ੀਲਤਾ, ਮਨੁੱਖੀ ਗੌਰਵ ਅਤੇ ਸੰਤਾਪ ਦੇ ਜਟਿਲ ਵਰਤਾਰਿਆਂ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕਰਨ ਵਿਚ ਅਗਰਸਰ ਹੈ। ਅਜੋਕੀ ਪੰਜਾਬੀ ਕਵਿਤਾ ਦਾ ਮੁੱਖ ਰੁਝਾਨ ਸਮਾਨਾਂਤਰ ਕਾਵਿ ਪ੍ਰਵਿਰਤੀਆਂ ਹਨ ਅਤੇ ਇਸ ਦੇ ਕੇਂਦਰੀ ਸਰੋਕਾਰ ਆਤਮ ਕੇਂਦਰਤ ਬਿਰਤੀ ਹੈ। ਅਜੋਕੀ ਪੰਜਾਬੀ ਕਵਿਤਾ ਵਿਚ ਗਿਣਾਤਮਕ ਅਤੇ ਗੁਣਾਤਮਕ ਦੋਵੇਂ ਪੱਖ ਹਨ ਭਾਵੇਂ ਗਿਣਾਤਮਕ ਪੱਖ ਪਹਿਲਾ ਅਤੇ ਗੁਣਾਤਮਕ ਪੱਖ ਦੂਜੇ ਰੂਪ ਵਿਚ ਭਾਰੂ ਹੈ। ਹਰ ਇਕ ਕਵੀ ਦੀ ਕਾਵਿ ਕਿਰਤ ਵਿਚ ਖੁੱਲ੍ਹੀ ਕਵਿਤਾ ਦੇ ਅੰਸ਼ ਮੌਜੂਦ ਹਨ। ਆਧੁਨਿਕ ਪੰਜਾਬੀ ਕਵਿਤਾ ਨਿਸ਼ਚੇ ਹੀ ਪੰਜਾਬੀ ਸਾਹਿਤ ਦੀ ਵਿਸ਼ਾਲ, ਸ਼ਕਤੀਸ਼ਾਲੀ ਅਤੇ ਸੰਭਾਵਨਾਵਾਂ ਭਰਪੂਰ ਧਾਰਾ ਹੈ।

1947 ਤੋਂ ਬਾਅਦ ਦੇਸ਼ ਜਦੋਂ ਆਪਣਾ ਲੋਕਰਾਜ ਸਥਾਪਿਤ ਕਰਦਾ ਹੈ ਤਾਂ ਇਸ ਸਮੇਂ ਕਵਿਤਾ ਦੇ ਸਾਹਮਣੇ ਨਵੀਆਂ ਸਮੱਸਿਆਵਾਂ, ਸੰਭਾਵਨਾਵਾਂ ਸਨ, ਜਿਨ੍ਹਾਂ ਕਾਰਨ 1947 ਤੋਂ ਪਿੱਛੋਂ ਦੀ ਕਵਿਤਾ ਨੇ ਜਿਹੜੀਆਂ ਨਵੀਆਂ ਕਾਵਿ ਪ੍ਰਵਿਰਤੀਆਂ ਨੂੰ ਉਭਾਰਿਆ ਉਨ੍ਹਾਂ ਵਿਚ ਰੁਮਾਂਸਵਾਦੀ ਧਾਰਾ, ਪ੍ਰਗਤੀਵਾਦੀ ਧਾਰਾ, ਪ੍ਰਯੋਗਸ਼ੀਲ ਧਾਰਾ, ਸੁਹਜਵਾਦ, ਮਨੋਵਿਗਿਆਨ, ਜੁਝਾਰਵਾਦ, ਆਧੁਨਿਕ ਵਾਦ, ਉਤਰ ਆਧੁਨਿਕ ਵਾਦ, ਬਸਤੀਵਾਦ, ਨਵ-ਬਸਤੀਵਾਦ, ਉਤਰ-ਬਸਤੀਵਾਦ ਅਤੇ ਵਿਸ਼ਵੀਕਰਨ ਨੂੰ ਕਾਵਿ ਕਲਾ ਨੇ ਆਪਣੇ ਕਲਾਵੇ ਵਿਚ ਲਿਆ।ਜਦੋਂ ਅਸੀਂ ਆਧੁਨਿਕ ਦੌਰ ਦੀ ਕਵਿਤਾ ਦੇ ਸਨਮੁੱਖ ਹੋ ਕੇ ਉਸ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਉਸ ਦੇ ਕਾਵਿ-ਰੂਪ, ਸ਼ੈਲੀ, ਸ਼ੈਲੀ ਵਿਗਿਆਨ, ਬਿੰਬ, ਰਸ, ਸਰੋਦੀ ਅੰਸ਼ ਅਜਿਹੇ ਕੁੱਝ ਪ੍ਰਮੁੱਖ ਤੱਤ ਹਨ ਜਿਹੜੇ ਸਮੁੱਚੀ ਕਵਿਤਾ ਵਿਚ ਵੱਖਰੇ-ਵੱਖਰੇ ਕਵੀਆਂ ਦੀਆਂ ਕਵਿਤਾਵਾਂ ਅਤੇ ਉਹਨਾਂ ਤੋਂ ਇਲਾਵਾ ਕੁੱਝ ਸੰਗਠਤ ਰੂਪ ਵਿਚ ਬਹੁ ਕਵੀਆਂ ਦੀਆਂ ਰਚਨਾਵਾਂ ਵਿਚ ਅਜਿਹੇ ਸਾਂਝੇ ਬਿੰਬ, ਪ੍ਰਤੀਕ, ਸੰਕਲਪ ਉਭਰਦੇ ਹਨ ਜਿਹੜੇ ਕਵਿਤਾ ਨੂੰ ਅੱਗੇ ਤੋਰਦੇ ਹਨ।

ਵੀਹਵੀਂ ਸਦੀ ਦੇ ਆਰੰਭ ਨਾਲ ਸਾਹਿਤਕ ਖੇਤਰ ਵਿਚ ਚਾਰੇ ਪਾਸੇ ਤਬਦੀਲੀਆਂ ਹੋਣ ਲੱਗੀਆਂ। ਪੰਜਾਬੀ ਭਾਸ਼ਾ ਦਾ ਰੁਖ ਬ੍ਰਿਜ ਭਾਸ਼ਾ ਵਲੋਂ ਹਟ ਕੇ ਆਪਣੀ ਮਿੱਟੀ ਵਿਚ ਰਚ-ਮਿਚ ਚੁੱਕੀ ਆਪਣੀ ਪੰਜਾਬੀ ਬੋਲੀ ਵੱਲ ਹੋਣ ਲੱਗਾ। ਹੁਣ ਵਿਸ਼ੇ ਰਵਾਇਤੀ ਨਹੀਂ ਸੀ ਰਹੇ ਬਲਕਿ ਲੋਕ ਹਿੱਤਾਂ ਦੇ ਨੇੜ ਸਮਾਜ ਸੁਧਾਰ ਵੱਲ ਮਾਤ ਭਾਸ਼ਾ ਦੀ ਉੰਨਤੀ, ਦੇਸ਼ ਭਗਤੀ ਦਾ ਪ੍ਰਗਟਾਅ, ਮਾਨਵਤਾ ਉਤੇ ਆਧਾਰਤ ਸਮਾਜਕਤਾ ਦੇ ਧਾਰਨੀ ਅਤੇ ਹਾਸ ਵਿਨੋਦ ਨਾਲ ਭਰਪੂਰ ਹੋਣ ਲੱਗੇ। ਕਾਵਿ ਵਿਚ ਨਵੇਂ ਪ੍ਰਤੀਕ, ਨਵੇਂ ਬਿੰਬ ਅਤੇ ਹਾਲਾਤ ਅਨੁਸਾਰ ਮਨੋਵਿਸ਼ਲੇਸ਼ਣ ਦੇ ਪ੍ਰਗਟਾਅ ਨੂੰ ਮਹੱਤਤਾ ਦਿੱਤੀ ਜਾਣ ਲੱਗੀ। ਨਵੇਂ ਕਾਵਿ-ਵਿਧਾਨ, ਪ੍ਰਬੰਧ ਕਾਵਿ ਵੱਲ ਰੁਚੀ ਹੋਣ ਲੱਗੀ। ਨਿੱਕੀਆਂ-ਨਿੱਕੀਆਂ ਸੁਤੰਤਰ ਕਵਿਤਾਵਾਂ ਲਿਖੀਆਂ ਜਾਣ ਲੱਗੀਆਂ। ਕੁਦਰਤ ਦਾ ਵਰਣਨ ਕਵੀਆਂ ਦਾ ਵਿਸ਼ਾ ਬਣਿਆ। ਕਲਪਨਾ ਸ਼ਕਤੀ ਨਾਲ ਕਾਵਿ ਦੇਵੀ ਦਾ ਸ਼ਿੰਗਾਰ ਕੀਤਾ ਜਾਣ ਲੱਗਾ। ਸਾਹਿਤਕਾਰਾਂ ਵਿਚ ਕਲਾ ਦੀ ਚੇਤਨਾ ਹੋਈ। ਕੇਵਲ ਕਿਸੇ ਖਾਸ ਮਤ ਜਾਂ ਨਿਰੋਲ ਫ਼ਕੀਰੀ ਰੰਗਣ ਜਾਂ ਕੇਵਲ

ਮਨ ਪਰਚਾਵੇ ਦੀ ਥਾਂ ਕਾਵਿ-ਸਿਰਜਣਾ ਦਾ ਮੂਲ ਕਾਰਨ ਸਾਹਿਤਕ ਆਦਰਸ਼ ਹੋਣ ਲੱਗਾ। ਆਧੁਨਿਕ ਕਵਿਤਾ ਵਿਚ ਵੱਖ-ਵੱਖ ਵਿਚਾਰਧਾਰਾਵਾਂ ਅਧੀਨ ਕਵਿਤਾ ਦੀ ਸਿਰਜਣਾ ਹੋਣ ਲੱਗੀ। ਇੰਨ੍ਹਾਂ ਵਿਚਾਰਧਾਰਾਵਾਂ ਨੇ ਰਵਾਇਤੀ ਵਿਸ਼ਿਆਂ ਨੂੰ ਤਿਆਗ ਕੇ ਨਵੇਂ ਵਿਸ਼ਿਆਂ ਨੂੰ ਅਪਣਾਉਂਦਿਆਂ ਸਮਾਜਕ ਸਰੋਕਾਰਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਬਣਾਇਆ ਗਿਆ। ਇਸ ਤਰ੍ਹਾਂ ਆਧੁਨਿਕ ਕਾਲ ਦੇ ਮੁੱਢਲੇ ਦੌਰ ਵਿਚ ਪੰਜਾਬੀ ਸਾਹਿਤ ਉਪਰ ਭਾਈ ਵੀਰ ਸਿੰਘ ਦਾ ਪ੍ਰਭਾਵ ਸਾਫ਼ ਝਲਕਦਾ ਹੈ। ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਤਕ ਪੰਜਾਬੀ ਸਾਹਿਤ ਵਿਚ ਕਈ ਪ੍ਰਵਿਰਤੀਆਂ ਜਾਂ ਕਾਵਿ-ਧਾਰਾਵਾਂ ਦਾ ਪੰਜਾਬੀ ਕਵਿਤਾ ਵਿਚ ਅਹਿਮ ਸਥਾਨ ਰਿਹਾ ਹੈ। ਉਨਾਂ ਵਿਚ ਆਧੁਨਿਕ ਕਾਵਿ ਦੇ ਮੁੱਢਲੇ ਦੌਰ ਤੋਂ ਬਿਨਾਂ ਰਾਸ਼ਟਰਵਾਦੀ ਕਾਵਿਧਾਰਾ, ਪ੍ਰਗਤੀਵਾਦੀ ਕਾਵਿਧਾਰਾ, ਪ੍ਰਯੋਗਵਾਦੀ ਕਾਵਿਧਾਰਾ ਅਤੇ ਜੁਝਾਰਵਾਦੀ ਕਾਵਿ-ਧਾਰਾਵਾਂ ਪ੍ਰਮੁੱਖ ਹੈ।

ਇਕਾਂਤ 'ਚ ਬੈਠ ਕੇ...ਇਕਾਂਤ ਬਾਰੇ ਸੋਚਦਾ

ਦੁਸ਼ਮਣਾਂ ਦੇ ਮਹਿਲੀਂ

ਦੋਸਤੀ ਦੇ ਕਬੂਤਰ ਪਾਲਦਾ

ਸੱਚ ਅੰਦਰ ਪਾਲਦਾ

ਝੂਠ ਦੀ ਵਕਾਲਤ ਕਰਦਾ..."[40]

ਆਧੁਨਿਕ ਪੰਜਾਬੀ ਕਵਿਤਾ ਦਾ ਸਫ਼ਰ ਭਾਈ ਵੀਰ ਸਿੰਘ ਤੋਂ ਆਰੰਭ ਹੁੰਦਾ ਹੈ। ਭਾਈ ਵੀਰ ਸਿੰਘ ਦੀ ਕਵਿਤਾ ਨੂੰ ਆਧੁਨਿਕ ਪ੍ਰਭਾਵ ਦੀ ਪਹਿਲੀ ਪ੍ਰਤਿਭਾਸ਼ਾਲੀ ਕਵਿਤਾ ਮੰਨਿਆ ਗਿਆ ਹੈ। ਭਾਈ ਵੀਰ ਸਿੰਘ ਨੇ ਕਵਿਤਾ ਵਿਚ ਅਧਿਆਤਮਵਾਦੀ ਵਿਚਾਰਧਾਰਾ ਨੂੰ ਯਥਾਰਥਵਾਦ ਦਾ ਰੰਗ ਲਾ ਕੇ ਪੰਜਾਬੀ ਕਵਿਤਾ ਵਿਚ ਆਧੁਨਿਕਤਾ ਦਾ ਰੰਗ ਭਰਿਆ। ਭਾਈ ਵੀਰ ਸਿੰਘ ਨੇ ਬਹੁਤ ਸਾਰਾ ਸਾਹਿਤ ਪੰਜਾਬੀ ਸਾਹਿਤ ਨੂੰ ਦਿੱਤਾ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਲਾਲਾ ਕਿਰਪਾ ਸਾਗਰ ਆਦਿ ਕਵੀਆਂ ਤੇ ਵਿਦਵਾਨਾਂ ਨੇ ਪੰਜਾਬੀ ਸਾਹਿਤ ਵਿਚ ਸਾਹਿਤ ਰਚਨਾ ਕੀਤੀ। ਇਸ ਤਰ੍ਹਾਂ ਆਧੁਨਿਕ ਕਾਲ ਦੇ ਮੁੱਢਲੇ ਦੌਰ ਵਿਚ ਪੰਜਾਬੀ ਸਾਹਿਤ ਉਪਰ ਭਾਈ ਵੀਰ ਸਿੰਘ ਦਾ ਪ੍ਰਭਾਵ ਸਾਫ ਝਲਕਦਾ ਹੈ। ਭਾਈ ਵੀਰ ਸਿੰਘ ਤੋਂ ਲੈ ਕੇ ਹੁਣ ਤਕ ਪੰਜਾਬੀ ਸਾਹਿਤ ਵਿਚ ਕਈ ਪਰਵਿਰਤੀਆਂ ਤੇ ਝੁਕਾਅ ਦ੍ਰਿਸ਼ਟੀਗੋਚਰ ਹੋਏ ਹਨ। ਜਿਨ੍ਹਾਂ ਕਾਵਿ-ਪ੍ਰਵਿਰਤੀਆਂ ਜਾਂ ਕਾਵ-ਧਾਰਾਵਾਂ ਦਾ ਪੰਜਾਬੀ ਕਵਿਤਾ ਵਿਚ ਅਹਿਮ ਸਥਾਨ ਰਿਹਾ ਹੈ। ਉਨਾਂ ਵਿਚ ਆਧੁਨਿਕ ਕਾਵਿ ਦੇ ਮੁੱਢਲੇ ਦੌਰ ਤੋਂ ਬਿਨਾਂ ਪ੍ਰਗਤੀਵਾਦੀ ਕਾਵਿ-ਧਾਰਾ, ਪ੍ਰਯੋਗਵਾਦੀ ਕਾਵਿ-ਧਾਰਾ ਅਤੇ ਜੁਝਾਰਵਾਦੀ ਕਾਵਿ-ਧਾਰਾਵਾਂ ਆਦਿ ਪ੍ਰਮੁੱਖ ਹਨ।

ਭਾਈ ਵੀਰ ਸਿੰਘ ਬਾਰੇ ਪ੍ਰੋ. ਪੂਰਨ ਸਿੰਘ ਲਿਖਦੇ ਹਨ "ਉਹ (ਭਾਈ ਵੀਰ ਸਿੰਘ) ਉਨਾਂ ਪੁਰਾਤਨ ਸਿੱਖ ਕਵੀਆਂ ਦਾ ਵਰਤਮਾਨ ਕਾਲ ਦਾ ਪ੍ਰਤੀਨਿੱਧ ਹੈ ਜੋ ਪਿਆਰੇ ਦੇ ਤਖ਼ਤ ਦੁਆਲੇ ਉਪਾਸਨਾ ਤੇ ਵਿਸਮਾਦ ਵਿਚ ਫੇਰੀਆਂ ਲੈਂਦੇ ਹਨ।"[41]

"ਭਾਈ ਵੀਰ ਸਿੰਘ ਨੇ ਮੱਧਕਾਲੀ ਧਾਰਮਿਕ ਚੇਤਨਾ ਨੂੰ ਬਦਲਦੇ ਯੁੱਗ ਨਾਲ ਮੇਲ ਕੇ ਪੇਸ਼ ਕਰਦਿਆਂ ਪ੍ਰਕਿਰਤੀ ਦੇ ਸੁਹਜ, ਸੱਚ ਅਤੇ ਕਦੀਮੀ ਸਰੋਕਾਰਾਂ ਅਤੇ ਸਿੱਖ ਧਰਮ ਦੇ ਮੂਲ ਆਦਰਸ਼ਾਂ ਤੇ ਮਰਿਯਾਦਾਵਾਂ ਨੂੰ ਖੂਬਸੂਰਤ ਅੰਦਾਜ਼ ਵਿੱਚ ਚਿਤਰਿਆ।"[42]

ਭਾਈ ਵੀਰ ਸਿੰਘ ਦੀਆਂ ਰਚਨਾਵਾਂ ਵਿਚ ਰਹੱਸਵਾਦੀ ਰੰਗਣ ਦੇ ਨਾਲ-ਨਾਲ ਕੁਦਰਤ ਵਰਣਨ ਵੀ ਸਪੱਸ਼ਟ ਨਜਰੀਂ ਪੈਂਦਾ ਹੈ। ਭਾਈ ਵੀਰ ਸਿੰਘ ਨੂੰ ਪ੍ਰਕਿਰਤੀ ਪ੍ਰੇਮੀ ਵੀ ਕਿਹਾ ਗਿਆ ਹੈ। ਆਲੋਚਕ ਉਹਨਾਂ ਦੀ ਲੇਖਣੀ ਤੇ ਅੰਗਰੇਜ਼ੀ ਕਵੀ ਵਰਡਜ਼ਵਰਥ ਦਾ ਪ੍ਰਭਾਵ ਵੀ ਮੰਨਦੇ ਹਨ। ਪ੍ਰੋ. ਪੂਰਨ ਸਿੰਘ ਕਹਿੰਦੇ ਹਨ: "ਵਰਡਜ਼ਵਰਥ ਪ੍ਰਤੱਖ ਸੁੰਦਰਤਾ ਦੇ ਨੈਤਿਕ ਸੰਦੇਸ਼ ਦਾ ਉਪਦੇਸ਼ ਦੇਣ ਦੀ ਖੁਸ਼ੀ ਵਿਚ ਹੀ ਆਪਣੇ ਆਪ ਨੂੰ ਥਕਾ ਲੈਂਦਾ ਹੈ।......ਉਹ ਕਵੀ ਨਾਲੋਂ ਉਪਦੇਸ਼ਕ ਵਧੇਰੇ ਹੈ ਅਤੇ ਆਪਣੇ ਉਪਦੇਸ਼ਾਂ ਵਿਚ ਉਹ ਅਕਸਰ ਨੀਰਸ, ਬੋਝਲ, ਅਕਾਊ ਤੇ ਥਕਾ ਦੇਣ ਵਾਲਾ ਹੋ ਨਿਬੜਦਾ ਹੈ।"[43]

ਆਧੁਨਿਕ ਕਾਲ ਵਿਚ ਪੰਜਾਬੀਅਤ ਦੀ ਸਿਰਜਣਾ ਲਈ ਉਨ੍ਹਾਂ ਇਕੱਲਿਆਂ ਹੀ ਸੰਸਥਾ ਬਰਾਬਰ ਕੰਮ ਕੀਤਾ।

ਡਾ. ਗੁਰਭਗਤ ਸਿੰਘ ਕਹਿੰਦੇ ਹਨ: "ਜਦੋਂ ਬਰਤਾਨਵੀ ਸਾਮਰਾਜ ਸਿੱਖ ਪਰਿਪੇਖ ਦਾ ਨਾਸ਼ ਕਰ ਚੁੱਕਣ ਤੋਂ ਪਿਛੋਂ ਇਸ ਦੇ ਕ੍ਰਾਂਤੀਕਾਰੀ ਅਤੇ ਵਿਲੱਖਣ ਰੂਪ ਨੂੰ ਸਮੇਟ ਰਿਹਾ ਸੀ, ਭਾਈ ਵੀਰ ਸਿੰਘ ਨਾਵਲਾਂ ਅਤੇ ਅਨੇਕ ਕਵਿਤਾਵਾਂ ਰਾਹੀਂ ਉਸ ਨੂੰ ਮੁੜ ਸਥਾਪਤ ਕਰ ਰਿਹਾ ਸੀ।"[44]

ਆਧੁਨਿਕ ਪੰਜਾਬੀ ਕਵਿਤਾ ਸੰਬੰਧੀ ਪੰਜਾਬੀ ਦੇ ਆਲੋਚਕਾਂ ਦੇ ਭਾਵੇਂ ਵੱਖ-ਵੱਖ ਮਤ ਹਨ ਪਰ ਇਕ ਥਾਂ ਤੇ ਸਾਰੇ ਹੀ ਆਲੋਚਕ ਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਹੁੰਦੇ ਹਨ ਕਿ ਆਧੁਨਿਕ ਕਵਿਤਾ ਦਾ ਮੋਢੀ ਭਾਈ ਵੀਰ ਸਿੰਘ ਹੈ। ਵੀਹਵੀਂ ਸਦੀ ਦੇ ਆਰੰਭ ਨਾਲ ਪੰਜਾਬੀ ਸਾਹਿਤ ਵਿਚ ਨਵਾਂ ਯੁੱਗ ਆਉਂਦਾ ਹੈ। ਉਸ ਸਮੇਂ ਭਾਰਤ ਬਦਲ ਰਿਹਾ ਸੀ ਤੇ ਬਦਲ ਰਹੇ ਸਮਾਜ ਵਿਚ ਪੰਜਾਬ ਵੀ ਪਿੱਛੇ ਨਹੀਂ ਸੀ ਰਿਹਾ। ਜੀਵਨ ਦੇ ਹਰ ਖੇਤਰ ਸਮਾਜਿਕ, ਰਾਜਸੀ, ੳਾਰਥਕ, ਵਿਦਿਅਕ ਅਤੇ ਧਾਰਮਿਕ ਖੇਤਰ ਵਿਚ ਨਵੀਂ ਤਬਦੀਲੀ ਆ ਰਹੀ ਸੀ। ਪੁਰਾਣੇ ਵਿਸ਼ਿਆਂ ਨਾਲੋਂ ਨਜ਼ਰਾਂ ਹਟਾ ਕੇ ਨਵੇਂ ਵੱਲ ਆਸ ਭਰੀਆਂ ਨਜ਼ਰਾਂ ਨਾਲ ਵੇਖਿਆ ਜਾ ਰਿਹਾ ਸੀ। ਕਵਿਤਾ ਦਾ ਰੁਝਾਨ ਵੱਧ ਰਿਹਾ ਸੀ। ਕਵਿਤਾ ਵਿਚ ਨਵੇਂ ਵਿਸ਼ੇ ਲੱਭੇ ਜਾ ਰਹੇ ਸਨ ਅਤੇ ਉਹਨਾਂ ਦੇ ਪ੍ਰਗਟਾਅ ਲਈ ਨਵੀਆਂ ਵਿਧੀਆਂ ਨੂੰ ਅਪਣਾਇਆ ਤੇ ਪੇਸ਼ ਕੀਤਾ ਜਾ ਰਿਹਾ ਸੀ। ਵੀਹਵੀਂ ਸਦੀ ਦੇ ਆਰੰਭ ਨਾਲ ਸਾਹਿਤਕ ਖੇਤਰ ਵਿਚ ਚਾਰੇ ਪਾਸੇ ਤਬਦੀਲੀ ਆਉਣ ਲੱਗੀ। ਪੰਜਾਬੀ ਭਾਸ਼ਾ ਦਾ ਰੁਖ ਬ੍ਰਿਜ ਭਾਸ਼ਾ ਨਾਲੋਂ ਹੱਟ ਕੇ ਆਪਣੀ ਮਿੱਟੀ ਵਿਚ ਰੱਚ-ਮਿਚ ਚੁੱਕੀ ਆਪਣੀ ਪੰਜਾਬੀ ਬੋਲੀ ਵੱਲ ਹੋਣ ਲੱਗਾ। ਹੁਣ

ਵਿਸ਼ੇ ਰਵਾਇਤੀ ਨਹੀਂ ਸੀ ਰਹੇ ਬਲਕਿ ਲੋਕ ਹਿਤਾਂ ਦੇ ਨੇੜ ਸਮਾਜ ਸੁਧਾਰ ਵੱਲ, ਮਾਤ ਭਾਸ਼ਾ ਦੀ ਉੱਨਤੀ, ਦੇਸ਼ ਭਗਤੀ ਦਾ ਪ੍ਰਗਟਾਉ, ਮਾਨਵਤਾ ਤੇ ਆਧਾਰਿਤ ਅਤੇ ਹਾਸ ਵਿਨੋਦ ਨਾਲ ਭਰਪੂਰ ਹੋਣ ਲੱਗੇ। ਕਾਵਿ ਵਿਚ ਨਵੇਂ ਬਿੰਬ, ਨਵੇਂ ਪ੍ਰਤੀਕ ਅਤੇ ਮਨੋਵਿਸ਼ਲੇਸ਼ਣ ਦੇ ਪ੍ਰਗਟਾਉ ਨੂੰ ਮਹੱਤਤਾ ਦਿੱਤੀ ਜਾਣ ਲੱਗੀ। ਨਿੱਕੀਆਂ-ਨਿੱਕੀਆਂ ਸੁਤੰਤਰ ਕਵਿਤਾਵਾਂ ਲਿਖੀਆਂ ਜਾਣ ਲੱਗੀਆਂ। ਕੁਦਰਤ ਦਾ ਵਰਨਣ ਕਵੀਆਂ ਦਾ ਵਿਸ਼ਾ ਬਣਿਆ। ਕਲਪਨਾ ਸ਼ਕਤੀ ਨਾਲ ਕਾਵਿ ਦੇਵੀ ਦਾ ਸ਼ਿੰਗਾਰ ਕੀਤਾ ਜਾਣ ਲੱਗਾ। ਸਾਹਿਤਕਾਰਾਂ ਵਿਚ ਕਲਾ ਦੀ ਚੇਤਨਾ ਹੋਈ। ਕੇਵਲ ਕਿਸੇ ਖਾਸ ਮਤ ਜਾਂ ਨਿਰੋਲ ਫ਼ਕੀਰੀ ਰੰਗਣ ਜਾਂ ਕੇਵਲ ਮਨ ਪਰਚਾਵੇ ਦੀ ਥਾਂ ਕਾਵਿ ਸਿਰਜਣਾ ਦਾ ਕਾਰਨ ਸਾਹਿਤਕ ਆਦਰਸ਼ ਹੋਣ ਲੱਗਾ। ਆਧੁਨਿਕ ਕਵਿਤਾ ਵਿਚ ਵੱਖ-ਵੱਖ ਵਿਚਾਰਧਾਰਾਵਾਂ ਅਧੀਨ ਕਾਵਿ ਸਿਰਜਣਾ ਹੋਣ ਲੱਗੀ। ਇਨ੍ਹਾਂ ਵਿਚਾਰਧਾਰਾਵਾਂ ਨੇ ਰਵਾਇਤੀ ਵਿਸ਼ਿਆਂ ਨੂੰ ਤਿਆਗ ਕੇ ਨਵੇਂ ਵਿਸ਼ਿਆਂ ਨੂੰ ਅਪਣਾਉਂਦਿਆਂ ਸਮਾਜਿਕ ਸਰੋਕਾਰਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਵਸਤੂ ਬਣਾਇਆ।

ਸਮੁੱਚੇ ਤੌਰ ਤੇ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਦਾ ਕੰਮ ਕੇਵਲ ਸੁਹਜ ਸਵਾਦ ਦੀ ਤ੍ਰਿਪਤੀ ਕਰਵਾਉਣਾ ਹੀ ਨਹੀਂ ਹੈ ਬਲਕਿ ਸਾਹਿਤ ਰਾਹੀਂ ਉਸ ਵਿਰਸੇ ਦੀ ਸੰਸਕ੍ਰਿਤੀ ਦੇ ਦਰਸ਼ਨ ਕਰਵਾਉਣੇ ਹਨ ਜਿੱਥੇ ਅਸੀਂ ਵਿਚਰ ਰਹੇ ਹਾਂ। ਇਹ ਗੱਲ ਬਿਲਕੁਲ ਠੀਕ ਹੈ ਕਿ ਜੇਕਰ ਕਿਸੇ ਦੇਸ਼ ਦੀ ਸੰਸਕ੍ਰਿਤੀ ਬਾਰੇ ਜਾਣਕਾਰੀ ਲੈਣੀ ਹੋਵੇ ਤਾਂ ਉੱਥੋਂ ਦੇ ਸਾਹਿਤ ਦਾ ਨਿੱਠ ਕੇ ਅਧਿਐਨ ਕਰ ਲਿਆ ਜਾਵੇ ਤਾਂ ਅਸੀਂ ਉੱਥੋਂ ਦੇ ਸਭਿਆਚਾਰ, ਸੰਸਕ੍ਰਿਤੀ ਤੋਂ ਭਲੀ-ਭਾਂਤੀ ਜਾਣੂ ਹੋ ਸਕਦੇ ਹਾਂ। ਸਾਹਿਤ ਵਿਚ ਕਵਿਤਾ, ਨਾਵਲ, ਨਾਟਕ, ਕਹਾਣੀਆਂ ਆਦਿ ਸਭ ਕੁੱਝ ਹੀ ਆ ਜਾਂਦੇ ਹਨ।ਕਵਿਤਾ ਤਾਂ ਆਪ-ਮੁਹਾਰੇ ਹੀ ਸੁਤੇ-ਸਿਧ ਹੀ ਦਿਲ ਵਿਚੋਂ ਨਿਕਲਦੀ ਹੈ। ਜਦੋਂ ਅਸੀਂ ਬਹੁਤ ਖੁਸ਼ ਹੁੰਦੇ ਹਾਂ ਜਾਂ ਫਿਰ ਉਦਾਸ ਹੁੰਦੇ ਹਾਂ ਤਾਂ ਆਪਣੀਆਂ ਭਾਵਨਾਵਾਂ ਕਵਿਤਾਵਾਂ ਰਾਹੀਂ ਵਿਅਕਤ ਕਰ ਦਿੰਦੇ ਹਾਂ। ਕਵੀ ਆਪਣੀ ਕਲਪਨਾ ਰਾਹੀਂ ਆਪਣੀਆਂ ਰਚਨਾਵਾਂ ਵਿਚ ਅਣਦਿਸਦੇ ਤੋਂ ਪਾਰ ਦੀਆਂ ਵਸਤਾਂ ਵੀ ਦਿਖਾ ਦਿੰਦਾ ਹੈ ਤੇ ਪਾਠਕ ਨੂੰ ਅਨੰਦਿਤ ਕਰ ਦਿੰਦਾ ਹੈ।

## ਹਵਾਲੇ ਅਤੇ ਟਿੱਪਣੀਆਂ:-


1. ਡਾ. ਅਰਵਿੰਦਰ ਕੌਰ, ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ, ਪੰਨਾ-9
2. ਡਾ. ਹਰਭਜਨ ਸਿੰਘ, ਪਾਰਗਾਮੀ, ਪੰਨਾ-56
3. "I should define poetry as the expression of exquisite impression."
   Joseph Roux: Meditations of a Parish Priest, page-3
4. "Art is active and helps to transform the world, a work an art produces an ideological and aesthetic impact, involving people in purposeful and value oriented activity are encourages social reformer artistic creation itself means using imagination to transform the impressions and facts of life." Yuri Boreu, Aesthetics, page-110
5. ਮੈਕਾਲੇ, ਹਵਾਲਾ-ਖੋਜ ਪੱਤ੍ਰਿਕਾ, ਆਧੁਨਿਕ ਕਾਵਿ-ਅੰਕ, ਪੰਨਾ-91
6. ਜੀ.ਐਲ. ਸ਼ਰਮਾ, ਕਵਿਤਾ ਦੇ ਤੱਤ ਰੂਪ, ਪੰਨਾ-9
7. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਪੰਨਾ-11
8. ਜੀ.ਐਲ. ਸ਼ਰਮਾ, ਕਵਿਤਾ ਦੇ ਤੱਤ ਰੂਪ, ਪੰਨਾ-9
9. ਉਧਰਿਤ, ਪ੍ਰੋ. ਪਿਆਰਾ ਸਿੰਘ, ਮੱਧਕਾਲੀਨ ਪੰਜਾਬੀ ਕਵਿਤਾ, ਪੰਨਾ 2-3
10. ਪ੍ਰੋ. ਪਿਆਰਾ ਸਿੰਘ, ਮੱਧਕਾਲੀਨ ਪੰਜਾਬੀ ਕਵਿਤਾ, ਪੰਨਾ-5
11. ਟੀ.ਐਸ. ਇਲੀਅਟ, ਆਨ ਪੋਇਟਰੀ ਐਂਡ ਪੋਇਟਸ, ਪੰਨਾ-25
12. ਡਾ. ਚੰਦਰਕਲਾ, ਸੌਂਦਰਯ ਸ਼ਾਸਤਰ: ਸਵਰੂਪ ਐਵਮ ਵਿਕਾਸ, ਪੰਨਾ-75
13. Encyclopeadia Britanica, page-158
14. ਡਾ. ਚੰਦਰਕਲਾ, ਸੌਂਦਰਯ ਸ਼ਾਸਤਰ: ਸਵਰੂਪ ਐਵਮ ਵਿਕਾਸ, ਪੰਨਾ-75
15. ਕੇਦਾਰਨਾਥ ਸਿੰਘ, ਕਲਪਨਾ ਔਰ ਛਾਇਆਵਾਦ, ਪੰਨਾ-78
16. C. G. Jung, Collective works, vol-9, page-43
17. ਪੰਜਾਬੀ ਸੂਫੀ ਕਵਿਤਾ ਦਾ ਕਾਵਿ-ਬਿੰਬ, ਪੰਨਾ-7
18. Encyclopeadia Britanica, page-103
19. ਡਾ. ਤਰਲੋਕ ਸਿੰਘ ਕੰਵਰ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨਾ-90, 91
20. ਡਾ. ਰਾਜਿੰਦਰ ਸਿੰਘ ਸੇਖੋਂ, ਆਲੋਚਨਾ ਅਤੇ ਪੰਜਾਬੀ ਆਲੋਚਨਾ, ਪੰਨਾ-53
21. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਭਾਰਤੀ ਕਾਵਿ ਸ਼ਾਸਤਰ, ਪੰਨਾ-125
22. ਉਧਰਿਤ, ਡਾ. ਤਰਲੋਕ ਸਿੰਘ ਕੰਵਰ, ਸਾਹਿਤ ਅਧਿਐਨ ਦੇ ਬਦਲਦੇ ਪਰਿਪੇਖ, ਪੰਨਾ-54

23. ਪ੍ਰੇਮ ਪ੍ਰਕਾਸ਼, ਕਾਵਿ ਦੇ ਤੱਤ, ਪੰਨਾ-41

24. ਡਾ. ਰਵਿੰਦਰ ਸਿੰਘ ਰਵੀ, ਰਵੀ ਚੇਤਨਾ, ਪੰਨਾ-160

25. ਰਾਜਿੰਦਰ ਪਾਲ ਸਿੰਘ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-10 ਪੰਜਾਬੀ ਅਕਾਦਮੀ ਦਿੱਲੀ, ਪਹਿਲਾ ਐਡੀਸ਼ਨ, 2006

26. ਸ਼੍ਰੀ ਲਕਸ਼ਮੀ ਕਾਂਤ ਵਰਮਾ, ਨਈ ਕਵਿਤਾ ਕੇ ਪ੍ਰਤੀਮਾਨ, ਪੰਨਾ-265, 66

27. ਡਾ. ਧਰਮਪਾਲ ਸਿੰਗਲ, ਪੰਜਾਬੀ ਕਵਿਤਾ ਦਾ ਵਿਕਾਸ, ਪੰਨਾ-53

28. ਡਾ. ਗੁਰਬਚਨ ਸਿੰਘ, ਨਵੀਂ ਪੰਜਾਬੀ ਕਵਿਤਾ, ਪੰਨਾ-16

29. ਪ੍ਰਿੰ. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ, ਪੰਨਾ-9

30. ਉਧਰਿਤ (ਭਾਈ ਵੀਰ ਸਿੰਘ) ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਪੰਨਾ-13

31. ਡਾ. ਬਲਜੀਤ ਕੌਰ, ਵੀਹਵੀਂ ਸਦੀ ਦੀ ਪੰਜਾਬੀ ਕਵਿਤਾ ਸਰੂਪ ਤੇ ਵਿਕਾਸ, ਪੰਨਾ-68

32. ਹੀਰਾ ਸਿੰਘ ਦਰਦ, ਫੁੱਲਵਾੜੀ, ਪੰਨਾ-170

33. ਕੇਸਰ ਸਿੰਘ ਕੇਸਰ, ਪ੍ਰਗਤੀਵਾਦੀ ਪੰਜਾਬੀ ਸਾਹਿਤ ਦੇ ਪੰਜਾਹ ਸਾਲ, ਪੰਨਾ-87

34. ਬਾਵਾ ਬਲਵੰਤ, ਜਵਾਲਾ ਮੁਖੀ, ਪੰਨਾ-33

35. ਹਰਿਭਜਨ ਸਿੰਘ, ਕਾਵਿ ਕਿਰਤੀ, ਭੂਮਿਕਾ

36. ਡਾ. ਰਵਿੰਦਰ ਰਵੀ, ਰਵੀ ਚੇਤਨਾ, ਪੰਨਾ-91,92

37. ਅੰਮ੍ਰਿਤਾ ਪ੍ਰੀਤਮ, ਜਿਉਂਦਾ ਜੀਵਨ, ਪੰਨਾ-71

38. ਡਾ. ਜਸਵੀਰ ਸਿੰਘ ਆਹਲੂਵਾਲੀਆ, ਪ੍ਰਯੋਗਸ਼ੀਲ ਲਹਿਰ ਦਾ ਸਿਧਾਂਤਕ ਪਿਛੋਕੜ, ਪੰਨਾ-77

39. ਉਧਰਿਤ (ਸੁਰਜੀਤ ਪਾਤਰ), ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਪੰਨਾ-30

40. ਉਧਰਿਤ (ਦਰਸ਼ਨ ਬੁੱਟਰ), ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਪੰਨਾ-35

41. ਪ੍ਰੋ. ਪੂਰਨ ਸਿੰਘ, ਪੂਰਬੀ ਕਵਿਤਾ ਦੀ ਆਤਮਾ, ਪੰਨਾ-85

42. ਡਾ. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਪੰਨਾ-12

43. ਪ੍ਰੋ. ਪੂਰਨ ਸਿੰਘ, ਪੂਰਬੀ ਕਵਿਤਾ ਦੀ ਆਤਮਾ, ਪੰਨਾ-20

44. ਡਾ. ਗੁਰਭਗਤ ਸਿੰਘ, ਵਿਸ਼ਵ ਚਿੰਤਨ ਤੇ ਪੰਜਾਬੀ ਸਾਹਿਤ, ਪੰਨਾ-125

# ਅਧਿਆਇ ਦੂਜਾ

# ਦਰਸ਼ਨ ਬੁੱਟਰ ਦਾ ਜੀਵਨ ਅਤੇ ਰਚਨਾਤਮਕ ਸਫ਼ਰ

2.1 ਜੀਵਨ ਬਾਰੇ

2.2 ਪਰਿਵਾਰ:

2.3 ਸ਼ਖ਼ਸੀਅਤ:

2.4 ਸਾਹਿਤਕ ਪਿਛੋਕੜ:

2.5 ਕਾਵਿ-ਪ੍ਰੇਰਣਾ:

2.6 ਵਿਦੇਸ਼ ਯਾਤਰਾ:

2.7 ਮਾਨ-ਸਨਮਾਨ:

2.8 ਮੌਜੂਦਾ ਰੁਝੇਵੇਂ:

2.9 ਰਚਨਾ ਸੰਸਾਰ:

2.9.1 ਔੜ ਦੇ ਬੱਦਲ

2.9.2 ਸਲ੍ਹਾਬੀ ਹਵਾ

2.9.3 ਸ਼ਬਦ ਸ਼ਹਿਰ ਤੇ ਰੇਤ

2.9.4 ਖੜਾਵਾਂ

2.9.5 ਦਰਦ ਮਜੀਠੀ,

2.9.6 ਮਹਾਂਕੰਬਣੀ

# ਅਧਿਆਇ ਦੂਜਾ

# ਦਰਸ਼ਨ ਬੁੱਟਰ ਦਾ ਜੀਵਨ ਅਤੇ ਰਚਨਾਤਮਕ ਸਫ਼ਰ

ਦਰਸ਼ਨ ਬੁੱਟਰ ਨਵੀਨ ਪੰਜਾਬੀ ਕਵਿਤਾ ਵਿਚ ਸਰਗਰਮ ਕਵੀਆਂ ਵਿਚੋਂ ਇਕ ਹੈ। ਉਹ ਲਗਾਤਾਰ ਪਿਛਲੇ ਇਕ ਦਹਾਕੇ ਤੋਂ ਕਾਵਿ ਕਰਮ ਨਾਲ ਜੁੜਿਆ ਹੋਇਆ ਹੈ। ਇਕੋ ਜਿਹੇ ਕਾਵਿ ਮੁਹਾਂਦਰੇ ਵਾਲੀ ਬਹੁਤੀ ਅਜੋਕੀ ਪੰਜਾਬੀ ਕਵਿਤਾ ਦੀ ਭੀੜ ਨਾਲੋਂ ਦਰਸ਼ਨ ਬੁੱਟਰ ਦੀ ਨਿਵੇਕਲੀ ਪਛਾਣ ਹੈ। ਵਿਲੱਖਣਤਾ ਦਾ ਇਹ ਵਿਸ਼ੇਸ਼ਣ ਹੀ ਉਸ ਦੀ ਕਾਵਿ ਪ੍ਰਾਪਤੀ ਦਾ ਵੱਡਾ ਹਾਸਿਲ ਹੈ। ਉਹ ਕਵਿਤਾ ਰਚਣ ਵਿਚ ਜਿਸ ਕਿਸਮ ਦੀ ਸ਼ਿੱਦਤ ਅਤੇ ਸਿਆਣਪ ਵਰਤਦਾ ਹੈ ਉਸੇ ਤਰ੍ਹਾਂ ਦੀ ਹੀ ਸ਼ਿੱਦਤ ਅਤੇ ਸਿਆਣਪ ਕਵਿਤਾ ਨੂੰ ਪੁਸਤਕ ਰੂਪ ਵਿਚ ਪਾਠਕਾਂ ਸਾਹਮਣੇ ਪੇਸ਼ ਕਰਨ ਵਿਚ ਵੀ ਅੰਗ ਸੰਗ ਰੱਖਦਾ ਹੈ। ਜੇਕਰ ਅਸੀਂ ਸਮਕਾਲੀ ਪੰਜਾਬੀ ਕਵਿਤਾ ਦੀ ਗੱਲ ਕਰੀਏ ਤਾਂ ਦਰਸ਼ਨ ਬੁੱਟਰ ਦੇ ਨਾਮ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਬਹੁ-ਪੱਖੀ ਪ੍ਰਤਿਭਾ ਵਾਲੇ ਇਸ ਸ਼ਾਇਰ ਨੇ ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਵਿਲੱਖਣ ਕਾਵਿ ਰਚਨਾ ਕਰਦਿਆਂ ਪੰਜਾਬੀ ਕਾਵਿ ਵਿਚ ਇੱਕ ਵੱਡਮੁੱਲਾ ਯੋਗਦਾਨ ਪਾਇਆ ਹੈ। ਦਰਸ਼ਨ ਬੁੱਟਰ ਨੇ ਭਾਵੇਂ ਨਜ਼ਮ, ਗੀਤ ਅਤੇ ਗ਼ਜ਼ਲ ਦੀ ਨਿਰੰਤਰ ਸਾਧਨਾ ਕੀਤੀ ਪਰ ਉਸ ਨੂੰ ਵਧੇਰੇ ਮਕਬੂਲੀਅਤ ਇਕ ਕਵੀ ਵਜੋਂ ਪ੍ਰਾਪਤ ਹੋਈ। ਅੱਜ ਦੇ ਸਮੇਂ ਦੇ ਪੂੰਜੀਵਾਦੀ ਯੁੱਗ ਵਿਚ ਵਾਪਰਦੀਆਂ ਘਟਨਾਵਾਂ ਅਤੇ ਜੋ ਨਿੱਤ ਨਵੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਦਰਸ਼ਨ ਬੁੱਟਰ ਉਹਨਾਂ ਤੋਂ ਇਕ ਪਲ ਵੀ ਅਛੋਹ ਨਹੀਂ ਹੈ। ਬੁੱਟਰ ਉਹਨਾਂ ਮਾਣਯੋਗ ਸ਼ਾਇਰਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਸਮੇਂ ਦੀ ਨਜ਼ਾਕਤ ਦੇ ਮੁਤਾਬਕ ਉਸ ਨੂੰ ਇਕ ਚਿੰਤਨ ਦੇ ਰੂਪ ਵਿਚ ਸਵੀਕਾਰਿਆ ਹੈ। ਉਹ ਪੰਜਾਬੀ ਕਾਵਿ ਜਗਤ ਵਿਚ ਵਿਲੱਖਣ ਕਾਵਿ ਪ੍ਰਤਿਭਾ ਲੈ ਕੇ ਇਕ ਨਿਵੇਕਲੇ ਅੰਦਾਜ਼ ਵਿਚ ਪੇਸ਼ ਹੋਇਆ ਹੈ। ਡਾ. ਦਲੀਪ ਕੌਰ ਟਿਵਾਣਾ ਨੇ ਬੁੱਟਰ ਬਾਰੇ 'ਆਲੋਚਕ ਆਖਦੇ ਨੇ' ਕਿਤਾਬ ਵਿਚ ਲਿਖਿਆ ਹੈ :

'ਸਮੇਂ ਦੀਆਂ ਹਨੇਰੀਆਂ 'ਚ

ਉੱਡ ਗਏ ਵਰਕਿਆਂ ਵਿਚੋਂ

ਕਿਧਰੇ ਤੁਹਾਨੂੰ ਕਵਿਤਾ ਵਾਲਾ

ਪੰਨਾ ਹੱਥ ਲੱਗੇ

ਤਾਂ ਪਤਾ ਦੇਣਾ...... ਖ਼ਤ ਲਿਖ਼ਣਾ'

ਹਰ ਵਾਰ ਇਹੀ ਪੜ੍ਹ ਕੇ ਕਿਤਾਬ ਬੰਦ ਕਰਕੇ ਬੈਠ ਜਾਂਦੀ ਹਾਂ ਕਿ ਪਤਾ ਨਹੀਂ ਇਹ ਸਤਰਾਂ ਰਾਹੀਂ ਦਰਸ਼ਨ ਬੁੱਟਰ ਨੇ ਕਿਹਨੂੰ ਕੀ ਆਖਣਾ ਚਾਹਿਆ ਹੈ ਪਰ ਹਰ ਵਾਰੀ ਪੜ੍ਹਦਿਆਂ ਮੇਰੀਆਂ ਅੱਖਾਂ ਵਿਚ ਪਾਣੀ ਸਿੰਮ ਆਉਂਦਾ ਹੈ। ਕਦੇ-ਕਦੇ ਇਉਂ ਵੀ ਲੱਗਦਾ ਹੈ ਜਿਵੇਂ ਇਹ ਸਤਰਾਂ ਬੁੱਟਰ ਨੇ ਨਹੀਂ, ਮੈਂ ਲਿਖੀਆਂ ਹੋਣ।"[1]

ਦਰਸ਼ਨ ਬੁੱਟਰ ਸਮਕਾਲੀ ਪੰਜਾਬੀ ਕਵਿਤਾ ਦਾਸ਼ਾਇਰ ਬਣ ਚੱਕਾ ਹੈ ਜਿਸ ਦੀ ਕਿਸੇ ਨੂੰ ਵੀ ਉਸ ਬਾਰੇ ਜਾਣ-ਪਛਾਣ ਕਰਾਉਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਉਹ ਪਾਠਕਾਂ ਨੂੰ ਟੁੰਬਣ ਵਾਲੀਆਂ ਆਪਣੀਆਂ ਕਾਵਿ ਰਚਨਾਵਾਂ ਕਰ ਕੇ ਪ੍ਰਸਿੱਧ ਹੈ। ਉਸਨੇ ਪੰਜਾਬੀ ਕਾਵਿ ਜਗਤ ਵਿਚ ਆਪਣੀ ਇਕ ਵੱਖਰੀ ਤੇ ਨਾ ਮਿਟਣ ਵਾਲੀ ਛਾਪ ਬਣਾ ਲਈ ਹੈ। ਦਰਸ਼ਨ ਬੁੱਟਰ ਦੀ ਕਵਿਤਾ ਪੰਜਾਬੀ ਕਾਵਿ ਰੂਪੀ ਚਿੱਤਰਕਾਰੀ ਨੂੰ ਵੱਖੋ-ਵੱਖਰੇ ਚਿੱਤਰਾਂ ਨਾਲ ਉਲੀਕਦੀ ਹੈ। ਦਰਸ਼ਨ ਬੁੱਟਰ ਆਪਣੀ ਸ਼ਾਇਰੀ ਵਿਚ ਇੰਨੇ ਮਗਨ ਰਹਿੰਦੇ ਹਨ ਕਿ ਆਉਂਦੇ ਜਾਂਦੇ, ਕੰਮ-ਕਾਜ ਕਰਦੇ ਕੁੱਝ ਨਾ ਕੁੱਝ ਗੁਣਗੁਣਾਉਂਦੇ ਹੀ ਰਹਿੰਦੇ ਹਨ। ਉਹਨਾਂ ਦੀ ਕਵਿਤਾ ਪ੍ਰਤੀ ਸਾਧਨਾ ਸਭ ਨੂੰ ਕੀਲ ਕੇ ਰੱਖ ਦਿੰਦੀ ਹੈ ਕਿਉਂਕਿ ਉਹ ਆਪਣੀ ਸੁਚੇਤ ਸਾਧਨਾ ਨਾਲ ਆਪਣੇ ਪ੍ਰਸ਼ੰਸਕਾਂ ਦੀ ਝੋਲੀ ਵਿਚ ਕੁਝ ਨਵਾਂ ਦੇ ਦਿੰਦੇ ਹਨ। ਦਰਸ਼ਨ ਬੁੱਟਰ ਉੱਚ ਕੋਟੀ ਦੇ ਵਿਦਵਾਨਾਂ,ਲੇਖਕਾਂ ਅਤੇ ਪਾਠਕਾਂ ਵੱਲੋਂ ਇਕ ਪ੍ਰਮੁੱਖ ਸੂਝਵਾਨ ਅਤੇ ਸਫ਼ਲ ਕਵੀ ਦੇ ਤੌਰ 'ਤੇ ਨਾਮਣਾ ਖੱਟ ਚੁੱਕੇ ਹਨ। ਸਮਕਾਲੀ ਪੰਜਾਬੀ ਕਾਵਿ ਜਗਤ ਵਿਚ ਉਹਨਾਂ ਦੇ ਜੀਵਨ ਅਨੁਭਵਾਂ, ਪਰਿਵਾਰਕ ਅਤੇ ਸਮਾਜਕ ਸਥਿਤੀਆਂ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਉਹਨਾਂ ਦੇ ਜੀਵਨ ਅਨੁਭਵਾਂ,ਪਰਿਵਾਰਕ ਅਤੇ ਸਮਾਜਕ ਸਥਿਤੀਆਂ ਬਾਰੇ ਰੂ-ਬ-ਰੂ ਹੋਣਾ ਬਹੁਤ ਜ਼ਰੂਰੀ ਹੈ, ਜਿਸ ਵਿਚੋਂ ਉਹਨਾਂ ਦੀ ਕਵਿਤਾ ਦਾ ਜਨਮ ਹੁੰਦਾ ਹੈ। ਇਸ ਸੰਦਰਭ ਵਿਚ ਸੁਰਜੀਤ ਪਾਤਰ ਦੇ ਵਿਚਾਰ ਉਸ ਦੀ ਕਵਿਤਾ ਦੀ ਗਵਾਹੀ ਦਿੰਦੇ ਹਨ:-

> "ਸ਼ਖ਼ਸੀਅਤ ਤੇ ਸਿਰਜਣਾ ਦਾ ਰਿਸ਼ਤਾ ਬਹੁਤ ਗਹਿਰਾ ਹੈ। ਕਿਸੇ ਵੀ ਕਵੀ ਦੀ ਕਵਿਤਾ ਉਸ ਦੇ ਮਨ ਅਤੇ ਸੰਸਾਰ ਦੇ ਆਪਸੀ ਸੰਬੰਧਾਂ 'ਚੋਂ ਪੈਦਾ ਹੁੰਦੀ ਹੈ। ਸਿਰਫ਼ ਹੁਨਰ ਦੇ ਸਹਾਰੇ ਕਵਿਤਾ ਨਹੀਂ ਲਿਖੀ ਜਾਂਦੀ। ਉਸ ਵਿਚ ਸੰਵੇਦਨਾ ਦਾ, ਸੰਸਕਾਰਾਂ ਦਾ ਤੇ ਸਿਮਰਤੀਆਂ ਦਾ ਵੱਡਾ ਰੋਲ ਹੈ ਜੋ ਕਿ ਸ਼ਖ਼ਸੀਅਤ ਦਾ ਹਿੱਸਾ ਹਨ।"[2]

## 2.1 ਜੀਵਨ ਬਾਰੇ

ਦਰਸ਼ਨ ਬੁੱਟਰ ਦਾ ਜਨਮ 7 ਅਕਤੂਬਰ, 1954 ਈ. ਨੂੰ ਜ਼ਿਲ੍ਹਾ ਪਟਿਆਲਾ ਦੇ ਪਿੰਡ ਥੂਹੀ ਵਿਚ ਸ.ਪ੍ਰੀਤਮ ਸਿੰਘ ਅਤੇ ਮਾਤਾ ਮੁਖ਼ਤਿਆਰ ਕੌਰ ਦੇ ਘਰ ਹੋਇਆ। ਬੁੱਟਰ ਆਪਣੇ ਮਾਤਾ-ਪਿਤਾ ਦੀ ਪਲੇਠੀ ਸੰਤਾਨ ਹੋਣ ਕਰਕੇ ਸਭ ਤੋਂ ਲਾਡ-ਪਿਆਰ ਲੈਂਦੇ ਰਹੇ। ਇਨ੍ਹਾਂ ਦੇ ਤਿੰਨ ਭਰਾ ਹੋਰ ਹਨ ਜੋ ਉਹਨਾਂ ਤੋਂ ਛੋਟੇ ਹਨ-ਸ.ਸੁਰਜੀਤ ਸਿੰਘ, ਸ. ਗੁਰਮੀਤ ਸਿੰਘ ਅਤੇ ਸ. ਭਗਵੰਤ ਸਿੰਘ। ਆਪ ਜੀ ਦੇ ਪਿਤਾ ਸ. ਪ੍ਰੀਤਮ ਸਿੰਘ ਆਪਣੇ ਸਮੇਂ ਦੇ ਸਟੇਜੀ ਕਵੀ ਰਹੇ ਹਨ। ਇਸ ਤਰ੍ਹਾਂ ਘਰ ਵਿਚ ਸਾਹਿਤਕ ਮਾਹੌਲ ਹੋਣ ਕਰਕੇ ਬੁੱਟਰ ਨੂੰ ਸਾਹਿਤ ਦੀ ਲਗਨ ਲੱਗ ਗਈ। ਬੁੱਟਰ ਆਪਣੇ ਪਿਤਾ ਜੀ ਨਾਲ ਸਾਹਿਤਕ ਸਰਗਰਮੀਆਂ ਵਿਚ ਭਾਗ ਲੈਂਦੇ ਹੀ ਰਹਿੰਦੇ ਸਨ। ਉਹਨਾਂ ਅੰਦਰ ਲੁਕੀ ਹੋਈ ਪ੍ਰਤਿਭਾ ਨੂੰ ਉਹਨਾਂ ਦੇ ਸਤਿਕਾਰ

ਯੋਗ ਅਧਿਆਪਕ ਸ੍ਰੀ ਸੁਖਦੇਵ ਵਰਮਾ ਨੇ ਪਛਾਣਿਆ ਤੇ ਹੋਰ ਨਿਖਾਰਿਆ। ਆਪਣੇ ਮਾਣ ਯੋਗ ਅਧਿਆਪਕ ਦੀ ਪ੍ਰੇਰਣਾ ਸਦਕਾ ਤੇ ਯੋਗ ਅਗਵਾਈ ਤਹਿਤ ਹੀ ਦਰਸ਼ਨ ਬੁੱਟਰ ਨੇ ਕਵਿਤਾ ਲਿਖਣੀ-ਪੜ੍ਹਨੀ ਅਤੇ ਗਾਉਣੀ ਆਰੰਭ ਕੀਤੀ। ਇਹ ਗੱਲ ਸਾਰੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਕ ਵਧੀਆ ਲਿਖਾਰੀ ਹੋਣ ਲਈ ਪਹਿਲਾਂ ਇਕ ਵਧੀਆ ਤੇ ਸੂਝਵਾਨ ਪਾਠਕ ਬਣਨਾ ਪੈਂਦਾ ਹੈ। 'ਬਾਲ ਸੰਦੇਸ਼' ਅਤੇ 'ਪ੍ਰੀਤਲੜੀ' ਮਾਸਿਕ ਪੱਤ੍ਰਿਕਾ ਪੜ੍ਹਨ ਨਾਲ ਦਰਸ਼ਨ ਬੁੱਟਰ ਸਾਹਿਤ ਨੂੰ ਹੋਰ ਡੂੰਘੇਰੀ ਨਜ਼ਰੀਂ ਪਛਾਨਣ ਲੱਗ ਪਏ ਅਤੇ ਦਿਨ-ਬ-ਦਿਨ ਹੋਰ ਸਾਹਿਤ ਪੜ੍ਹਨ ਤੇ ਸੁਣਨ ਦੀ ਰੁਚੀ ਨੇ ਉਹਨਾਂ ਨੂੰ ਹੋਰ  ਪਰਿਪੱਕ ਬਣਾ ਦਿੱਤਾ। ਦਰਸ਼ਨ ਬੁੱਟਰ ਨੇ ਛੋਟੇ ਹੁੰਦਿਆਂ ਗੁਰਦੁਆਰਿਆਂ ਵਿਚ ਮੱਸਿਆ, ਸੰਗਰਾਂਦ, ਪੂਰਨਮਾਸ਼ੀ, ਗੁਰਪੁਰਬ ਆਦਿ ਧਾਰਮਿਕ ਦਿਹਾੜਿਆਂ ਤੇ ਧਾਰਮਿਕ ਕਵਿਤਾ ਪੜ੍ਹੀ ਜਿਸ ਕਾਰਨ ਉਸ ਅੰਦਰ ਸਾਹਿਤਕ ਰੁਚੀ ਦੀਆਂ ਜੜ੍ਹਾਂ ਡੂੰਘੇਰੀਆਂ ਹੁੰਦੀਆਂ ਗਈਆਂ। ਉਹਨਾਂ ਦੇ ਪਿਤਾ ਜੀ ਵੀ ਛੰਦ-ਬੱਧ ਕਵਿਤਾ ਲਿਖਦੇ ਹਨ ਤੇ ਬੁੱਟਰ ਨੂੰ ਉਹਨਾਂ ਨਾਲ ਸਾਹਿਤਕ ਸਮਾਗਮਾਂ ਤੇ ਕਵੀ ਦਰਬਾਰਾਂ ਵਿਚ ਜਾਣ ਦਾ ਖੂਬ ਮੌਕਾ ਮਿਲਿਆ।

ਦਰਸ਼ਨ ਬੁੱਟਰ ਦਾ ਬਚਪਨ ਬਹੁਤ ਹੀ ਲਾਡਾਂ ਤੇ ਪਿਆਰਾਂ ਨਾਲ ਬੀਤਿਆ ਪਰ ਕਹਿੰਦੇ ਹੁੰਦੇ ਨੇ ਕਿ ਖੁਸ਼ੀਆਂ ਨੂੰ ਜਲਦੀ ਨਜ਼ਰ ਲੱਗ ਜਾਂਦੀ ਹੈ। ਅਜਿਹਾ ਹੀ ਕੁਝ ਦਰਸ਼ਨ ਬੁੱਟਰ ਨਾਲ ਹੋਇਆ। ਦਰਸ਼ਨ ਬੁੱਟਰ ਅਜੇ ਮਸਾਂ ਹੀ ਦਸਾਂ ਗਿਆਰਾਂ ਸਾਲਾਂ ਦੇ ਹੀ ਹੋਏ ਸਨ ਕਿ ਉਹਨਾਂ ਦੀ ਮਾਂ ਦਾ ਸਾਇਆ ਸਦਾ ਲਈ ਉਹਨਾਂ ਦੇ ਸਿਰ ਤੋਂ ਉੱਠ ਗਿਆ। ਆਪਣੀ ਮਾਤਾ ਜੀ ਦੀ ਅਚਨਚੇਤ ਮੌਤ ਨਾਲ ਦਰਸ਼ਨ ਬੁੱਟਰ ਅੰਦਰੂਨੀ ਤੌਰ 'ਤੇ ਟੁੱਟਗਿਆ। ਭਾਵੁਕ ਤੌਰ 'ਤੇ ਇਹ ਦਰਦ ਉਸ ਦੀ ਕਾਵਿ ਸਿਰਜਣਾ ਦਾ ਵੀ ਆਧਾਰ ਬਣਿਆ। ਆਪਣਿਆਂ ਨੂੰ ਗਵਾਉਣ ਦਾ ਦੁੱਖ ਤਾਂ ਹੱਡਾਂ ਨਾਲ ਹੀ ਜਾਂਦਾ ਹੈ ਪਰ ਸਮਾਂ ਉਨ੍ਹਾਂ ਜਖ਼ਮਾਂ 'ਤੇ ਮਰਹਮ ਲਗਾ ਦਿੰਦਾ ਹੈ ਜਾਂ ਇੰਝ ਕਹਿ ਲਈਏ ਕਿ ਸਮਾਂ ਇੰਨਾ ਸ਼ਕਤੀਵਾਨ ਹੁੰਦਾ ਹੈ ਕਿ ਸਾਰੇ ਜਖ਼ਮ ਭਰ ਤਾਂ ਦਿੰਦਾ ਹੈ ਪਰ ਆਪਣਿਆਂ ਦੇ ਦੂਰ ਜਾਣ ਦੇ ਜ਼ਖ਼ਮ ਨਾਸੂਰ ਵੀ ਬਣ ਜਾਂਦੇ ਹਨ। ਸਾਰੇ ਮਨੁੱਖਾਂ (ਇਨਸਾਨਾਂ) ਦੀ ਪਹਿਲੀ ਗੁਰੂ ਇਕ 'ਮਾਂ' ਹੀ ਹੁੰਦੀ ਹੈ ਜਿਸ ਤੋਂ ਮਨੁੱਖ ਜ਼ਿੰਦਗੀ ਦਾ ਪਹਿਲਾ ਪਾਠ ਸਿੱਖਦਾ ਹੈ। ਮਾਂ ਨਾਲ ਬਤੀਤ ਕੀਤੇ ਉਹ ਸੁਖਦ ਪਲ ਬੁੱਟਰ ਨੂੰ ਅੱਜ ਵੀ ਚੇਤੇ ਆਉਂਦੇ ਹਨ। ਉਸ ਦੀ ਮਾਂ ਉਸ ਨੂੰ ਇਕ ਵੱਡਾ ਆਦਮੀ ਜਾਂ ਅਫ਼ਸਰ ਬਣਦੇ ਹੋਏ ਵੇਖਣਾ ਚਾਹੁੰਦੀ ਸੀ ਜਿਸ ਦਾ ਜ਼ਿਕਰ ਬੁੱਟਰ ਨੇ ਆਪਣੇ ਕਾਵਿ-ਸੰਗ੍ਰਹਿ 'ਸਲ੍ਹਾਬੀ ਹਵਾ' ਵਿਚ ਮਾਂ ਦੇ ਨਿੱਕੀ ਉਮਰੇ ਤੁਰ ਜਾਣ 'ਤੇ ਕੀਤਾ ਹੈ:

"ਮਾਂ

ਦੀਵੇ ਦੀ ਲੋਅ 'ਚ ਮੇਰੇ ਕਾਇਦਿਆਂ ਦੇ ਵਰਕੇ ਰੋਸ਼ਨ ਕਰਦੀ ਰਹੀ

ਵਾਹੁੰਦੀ ਰਹੀ ਆਪਣੇ ਪੋਟਿਆਂ ਨਾਲ

ਮੇਰੇ ਹੱਥਾਂ 'ਤੇ ਚੰਗੀ ਕਿਸਮਤ ਦੀਆਂ ਲਕੀਰਾਂ

ਮੇਰੀ ਮਾਂ ਦੀਆਂ ਅੱਖਾਂ 'ਚ ਵੀ ਸਨ

ਮੇਰੇ ਸਾਹਿਬ ਬਣਨ ਦੇ ਸੁਪਨੇ”[3]

……………

“ਮਾਂ

ਅਜੇ ਤੂੰ ਕਿਹੜਾ ਸੁੱਖ ਵੇਖਿਆ ਸੀ

ਮੇਰੇ ਜੰਮਣ ਦੀ ਪੀੜਾ ਤੋਂ ਬਿਨਾਂ

ਉਦੋਂ ਤਾਂ ਮੈਂ ਤੇਰੀ ਮੜੀ ਤੇ ਛਾਂ ਕਰਨ

ਜੋਗਾ ਬਿਰਖ ਵੀ ਨਹੀਂ ਸਾਂ

ਤੇਰੀ ਕਿਹੜੀ ਉਮਰ ਸੀ ਤੁਰ ਜਾਣ ਦੀ

ਬਾਪੂ ਦੀ ਦਾੜ੍ਹੀ ਤਾਂ ਅਜੇ ਵੀ ਕਾਲੀ”[4]

ਦਰਸ਼ਨ ਬੁੱਟਰ ਨੇ ਆਪਣੀ ਮਾਂ ਨੂੰ ਗਵਾਉਣ ਦੀ ਜਿਸ ਅਸਹਿ ਪੀੜ ਨੂੰ ਆਪਣੇ ਤਨ 'ਤੇ ਹੰਢਾਇਆ ਤੇ ਉਸ ਵਿਚੋਂ ਅਜਿਹਾ ਦਰਦ ਖ਼ੂਨ ਬਣ ਕੇ ਸਿੰਮਦਾ ਹੈ ਤਾਂ ਸਭ ਦਾ ਦਰਦ ਉਸ ਨੂੰ ਆਪਣਾ ਦੁੱਖ, ਆਪਣੀ ਪੀੜ ਜੋ ਉਸ ਨੇ ਬਹੁਤ ਨੇੜਿਉਂ ਹੰਢਾਈ ਜਾਂ ਮਹਿਸੂਸ ਕੀਤੀ ਹੈ। ਉਹ ਆਪਣੀ ਹੀ ਮਹਿਸੂਸ ਹੋਣ ਲੱਗ ਜਾਂਦੀ ਹੈ।ਦਰਸ਼ਨ ਬੁੱਟਰ ਆਪਣੇ ਜੱਦੀ ਪਿੰਡ ਥੂਹੀ ਤੋਂ ਪੰਜਵੀਂ ਪਾਸ ਕਰ ਕੇ ਸਰਕਾਰੀ ਸੰਕੈਂਡਰੀ ਸਕੂਲ ਨਾਭਾ ਵਿਖੇ ਦਾਖਲ ਹੋ ਗਿਆ। ਪੜ੍ਹਾਈ ਵਿਚ ਤਾਂ ਬੁੱਟਰ ਸ਼ੁਰੂ ਤੋਂ ਹੀ ਹੁਸ਼ਿਆਰ ਰਹੇ ਸਨ ਪਰ ਖੇਡਾਂ ਵਿਚ ਵੀ ਪਿੱਛੇ ਨਹੀਂ ਰਹੇ। ਉਹ ਆਪਣੇ ਸਕੂਲ ਦੀ ਟੀਮ ਦੇ ਹਾਕੀ ਦੇ ਖਿਡਾਰੀ ਰਹੇ। ਉਹਨਾਂ ਨੇ 1970-71 ਵਿਚ ਹਾਈ ਸੈਕੰਡਰੀ ਕਲਾਸ ਵਧੀਆ ਨੰਬਰਾਂ ਵਿਚ ਪਾਸ ਕਰ ਕੇ ਨਾਭਾ ਦੇ ਰਿਪੁਦਮਨ ਕਾਲਜ ਵਿਚ ਬੀ.ਏ ਭਾਗ ਪਹਿਲਾ ਵਿਚ ਦਾਖਲਾ ਲੈ ਲਿਆ। ਬੀ.ਏ. ਦੀ ਪੜ੍ਹਾਈ ਦੌਰਾਨ ਬੁੱਟਰ ਪ੍ਰੋ. ਹਰਚਰਨ ਸਿੰਘ ਬਾਠ ਅਤੇ ਪ੍ਰੋ. ਤਰਲੋਚਨ ਸਿੰਘ ਦੇ ਸੰਪਰਕ ਵਿਚ ਆਏ। ਉਹਨਾਂ ਦੀ ਪ੍ਰੇਰਣਾ ਨਾਲ ਬੁੱਟਰ ਦੀ ਕਾਵਿ ਪ੍ਰਤਿਭਾ ਵਿਚ ਹੋਰ ਨਿਖ਼ਾਰ ਆਇਆ ਅਤੇ ਅੰਤਰ ਕਾਲਜ ਮੁਕਾਬਲਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਜਿਸ ਦੇ ਫ਼ਲਸਰੂਪ ਬੁੱਟਰ ਦੋ ਸਾਲ ਰਿਪੁਦਮਨ ਕਾਲਜ ਨਾਭਾ ਦੀ ਮੈਗਜ਼ੀਨ ‘ਲਿੱਲੀ’ ਦੇ ਸੰਪਾਦਕ ਵੀ ਰਹੇ। ਉਸ ਮੈਗਜ਼ੀਨ ਵਿਚ ਉਹਨਾਂ ਦੇ ਲੇਖ ਅਤੇ ਕਵਿਤਾਵਾਂ ਛਪਦੇ ਰਹੇ। ਉਹ ਆਪਣੀਆਂ ਕਾਵਿ-ਸਤਰਾਂ ਰਾਹੀਂ ਆਪਣੇ ਉਸਤਾਦਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਨਜ਼ਰ ਆਉਂਦੇ ਹਨ:

“ਜਿੰਨਾਂ ਲੋਕਾਂ ਨੇ ਮੇਰੇ ਹੱਥ ਵਿਚ ਕਲਮ ਫੜਾਈ

ਰੱਬ ਵਰਗੇ ਸਨ ਉਹ

ਉਜੜੀਆਂ ਰਾਹਾਂ 'ਤੇ ਪੈਰਾਂ ਨੇ ਦਸਤਕ

ਦੇਣੀ ਚਾਹੀ

ਉਹਨਾਂ ਮੇਰੇ ਲਈ, ਸੜਕਾਂ ਬਣਾ ਦਿੱਤੀਆਂ

ਆਪਣੀਆਂ ਤਲੀਆਂ 'ਤੇ

ਸੱਚੀਮੁੱਚੀਂ ਰੱਬ ਵਰਗੇ ਸਨ ਉਹ।"[5]

ਉਹਨਾਂ ਨੇ ਆਪਣੇ ਪੜ੍ਹਾਈ ਪ੍ਰਤੀ ਸ਼ੌਂਕ ਤੇ ਰੁਝਾਨ ਨੂੰ ਮੁੱਖ ਰੱਖਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਮ.ਏ. ਪੰਜਾਬੀ ਵਿਚ ਦਾਖਲਾ ਲੈ ਲਿਆ। ਉਸ ਨੇ ਐਮ.ਏ. ਪੰਜਾਬੀ ਪਹਿਲੇ ਸਾਲ ਦੀ ਪੜ੍ਹਾਈ ਤਾਂ ਯੂਨੀਵਰਸਿਟੀ ਵਿਚ ਰਹਿ ਕੇ ਕੀਤੀ ਪਰ ਦੂਜੇ ਸਾਲ ਦੀ ਪੜ੍ਹਾਈ ਪੱਤਰ-ਵਿਹਾਰ ਰਾਹੀਂ ਮੁਕੰਮਲ ਕੀਤੀ ਕਿਉਂਕਿ ਇਸ ਦੌਰਾਨ ਬੁੱਟਰ ਨੂੰ ਪੰਜਾਬ ਐਂਡ ਸਿੰਧ ਵਿਚ ਮੁਲਾਜ਼ਮ ਦੇ ਤੌਰ 'ਤੇ ਨੌਕਰੀ ਮਿਲ ਗਈ ਸੀ। ਬੁੱਟਰ ਜਿੰਨੇ ਆਪਣੇ ਕਾਵਿ ਸਿਰਜਣਾ ਪ੍ਰਤੀ ਚੇਤੰਨ ਰਹਿੰਦੇ ਹਨ, ਉਨੇ ਹੀ ਸ਼ਿੱਦਤ ਨਾਲ ਉਹਨਾਂ ਨੇ ਆਪਣਾ ਕਿੱਤਾ ਵੀ ਬਾਖੂਬੀ ਨਿਭਾਇਆ ਹੈ। ਹਾਲ ਹੀ ਵਿਚ 31 ਅਕਤੂਬਰ 2014 ਵਿਚ ਬੈਂਕ ਮੁਲਾਜ਼ਮ ਵਾਲੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਦਰਸ਼ਨ ਬੁੱਟਰ ਨੇ ਸ਼ੁਰੂ ਵਿਚ ਤੁਕਾਂਤ ਲੈਅ-ਬੱਧ ਕਵਿਤਾ ਹੀ ਵਧੇਰੇ ਲਿਖੀ ਪਰ ਸਮੇਂ ਦੀ ਤੇਜ਼ ਚਾਲ ਨਾਲ ਬੁੱਟਰ ਦੀ ਲੇਖਣ ਕਲਾ ਵਿਚ ਤਬਦੀਲੀ ਆਈ। ਉਸ ਨੇ ਪ੍ਰੋ. ਪੂਰਨ ਸਿੰਘ ਦਾ ਪ੍ਰਭਾਵ ਕਬੂਲਿਆ ਤੇ ਛੰਦ-ਬੱਧ ਕਵਿਤਾ ਨੂੰ ਨਵਾਬੀ ਪੈਰ ਦੀ ਜੁੱਤੀ ਸਮਝਿਆ ਤੇ ਉਹਨਾਂ ਦਾ ਰੁਝਾਨ ਖੁੱਲ੍ਹੀ ਕਵਿਤਾ ਵੱਲ ਹੋਇਆ। ਕਾਵਿ ਸੰਸਾਰ ਵਿਚ ਉਹਨਾਂ ਦੀ ਸ਼ੁਰੂਆਤ ਗ਼ਜ਼ਲ, ਗੀਤ ਅਤੇ ਨਜ਼ਮ ਕਾਵਿ-ਰੂਪਾਂ ਵਿਚ ਹੋਈ। ਉਸ ਨੇ ਕਹਾਣੀ ਲੇਖਣ ਵਿਚ ਵੀ ਹੱਥ ਅਜਮਾਈ ਕੀਤੀ ਪਰ ਅੰਦਰੋਂ ਸੰਤੁਸ਼ਟੀ ਮਹਿਸੂਸ ਨਾ ਹੋਈ। ਦਰਸ਼ਨ ਬੁੱਟਰ ਦਾ ਵਿਸ਼ੇਸ਼ ਰੁਝਾਨ ਸੰਗੀਤ ਤੇ ਚਿਤਰਕਾਰੀ ਵਿਚ ਬਹੁਤ ਰਿਹਾ ਜੋ ਕਿ ਕੋਮਲ ਕਲਾਵਾਂ ਮੰਨੀਆਂ ਜਾਂਦੀਆਂ ਹਨ ਅਤੇ ਕੋਮਲ ਮਨ ਵੱਲ ਸੰਕੇਤ ਕਰਦੀਆਂ ਹਨ। ਉਹਨਾਂ ਦੁਆਰਾ ਬਣਾਈਆਂ ਕੋਮਲ ਕਲਾਵਾਂ ਨਾਲ ਉਹਨਾਂ ਦੇ ਰੈਣ-ਬਸੇਰੇ ਦੀ ਸ਼ਾਨ ਦੁੱਗਣੀ ਵੱਧ ਜਾਂਦੀ ਹੈ। ਉਸ ਨੇ ਆਪਣੇ ਸੰਗੀਤ ਤੇ ਚਿੱਤਰਕਾਰੀ ਦੇ ਸ਼ੋਂਕ ਦਾ ਪ੍ਰਗਟਾਵਾ ਆਪਣੇ ਕਾਵਿ-ਸੰਗ੍ਰਹਿ ਖੜਾਵਾਂ ਵਿਚ ਬਾਖੂਬੀ ਕੀਤਾ ਹੈ:

"ਇੱਕੋ ਸਮੇਂ

ਜਿਹਨ'ਚ ਉਭਰ ਆਏ

ਰੰਗ...ਸ਼ਬਦ...ਸਾਜ

ਰੰਗ ਬਖੇਰਾਂ

ਨਜ਼ਮ ਲਿਖਾਂ

ਕਿ ਬੰਸਰੀ ਬੁੱਲਾਂ 'ਤੇ ਧਰਾਂ"[6]

"ਕੋਈ-ਕੋਈ ਰੰਗ

ਕੈਨਵਸ ਦਾ ਨੂਰ ਬਣਦਾ ਹੈ

ਕੋਈ-ਕੋਈ ਸੁਰ

ਸਾਹਾਂ ਦੇ ਕੋਲ ਵੱਸਦਾ ਹੈ"[7]

ਦਰਸ਼ਨ ਬੁੱਟਰ ਨਜ਼ਮ ਤੇ ਕਵਿਤਾ ਵਿਚ ਆਪਣੇ ਆਪ ਨੂੰ ਜ਼ਿਆਦਾ ਸੁਖਦ ਮਹਿਸੂਸ ਕਰਦਾ ਹੈ। ਖਾਸ ਕਰਕੇ ਖੁੱਲ੍ਹੀਕਵਿਤਾ ਵਿਚ ਤਾਂ ਉਸ ਦੇ ਸ਼ਬਦ ਤੇ ਬੋਲ ਉਡਾਰੀਆਂ ਲਾਉਣ ਲੱਗ ਜਾਂਦੇ ਹਨ ਕਿਉਂਕਿ ਉਹ ਕਿਸੇ ਦੀ ਕੈਦ ਵਿਚ ਜਕੜੇ ਨਹੀਂ ਹੁੰਦੇ। ਖੁੱਲ੍ਹੀ ਕਵਿਤਾ ਦੀ ਰਚਨਾ ਕਰਨ ਸਮੇਂ ਬੁੱਟਰ ਵਿਚ ਇਕ ਸੰਤੁਸ਼ਟੀ ਤੇ ਅਜਿੱਤ ਦਾ ਅਹਿਸਾਸ ਮੱਲੋਮੱਲੀ ਠਾਠਾਂ ਮਾਰ ਰਿਹਾ ਹੁੰਦਾ ਹੈ। ਇਸ ਸੰਦਰਭ ਵਿਚ ਉਹ 'ਦਰਦ ਮਜੀਠੀ' ਕਾਵਿ-ਸੰਗ੍ਰਹਿ ਰਾਹੀਂ ਕੁੱਝ ਸਤਰਾਂ ਲਿਖਦਾ ਹੈ:

"ਸੀਨੇ ਵਿਚਲੀਆਂ ਗੰਢਾਂ ਨੂੰ

ਹਵਾ'ਚ ਉਛਾਲ ਦੇ

ਆਪੇ ਖੁੱਲ੍ਹ ਜਾਣਗੀਆਂ

ਬੇਚੈਨ ਬੋਲਾਂ ਨੂੰ

ਅੰਬਰ 'ਚ ਉਡਾ ਦੇ

ਆਪੇ ਸ਼ਾਂਤ ਹੋ ਜਾਣਗੇ"[8]

## 2.2 ਪਰਿਵਾਰ

ਦਰਸ਼ਨ ਬੁੱਟਰ ਦੇ ਸਿਰ ਤੋਂ ਮਾਂ ਦਾ ਹੱਥ ਤਾਂ ਛੋਟੀ ਉਮਰੇ ਹੀ ਉੱਠ ਗਿਆ ਸੀ। ਉਸ ਦੇ ਪਰਿਵਾਰ ਵਿਚ ਉਨਾਂ ਦੇ ਪਿਤਾ ਜੀ ਸ. ਪ੍ਰੀਤਮ ਸਿੰਘ ਤੇ ਬੁੱਟਰ ਸਮੇਤ ਚਾਰ ਭਰਾ ਹਨ। ਬੁੱਟਰ ਦੇ ਦੋ ਭਰਾ ਤਾਂ ਉਨਾਂ ਦੇ ਜੱਦੀ ਪਿੰਡ ਥੂਹੀ ਵਿਚ ਖੇਤੀਬਾੜੀ ਕਰ ਕੇ ਖੁਸ਼ਹਾਲ ਜੀਵਨ ਬਤੀਤ ਕਰ ਰਹੇ ਹਨ ਪਰ ਉਹਨਾਂ ਦਾ ਇਕ ਭਰਾ ਜੋ ਕਿ ਥੋੜ੍ਹਾ ਸਮਾਂ ਪਹਿਲਾਂ ਤੋਂ ਹੀ ਘਰ ਤੋਂ ਲਾਪਤਾ ਹੋ ਚੁੱਕਾ ਹੈ। ਉਹ ਧਾਰਮਿਕ ਪ੍ਰਵਿਰਤੀ ਵਾਲਾ ਸੀ। ਬੁੱਟਰ ਪਰਿਵਾਰ ਨੇ ਉਸ ਨੂੰ ਲੱਭਣ ਲਈ ਹਰ ਵਾਹ ਲਾ ਦਿੱਤੀ ਪਰ ਸਭ ਵਿਅਰਥ। ਹਾਲੇ ਤੱਕ ਵੀ ਬੁੱਟਰ ਦੇ ਉਸ ਭਰਾ ਦੀ ਕੋਈ ਖ਼ਬਰ -ਸਾਰ ਨਹੀਂ ਮਿਲੀ।

ਦਰਸ਼ਨ ਬੁੱਟਰ ਜੋ ਕਿ ਹੀਰਾ ਮਹਿਲ ਨਾਭਾ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਉਹਨਾਂ ਦੇ ਪਰਿਵਾਰ ਵਿਚ ਉਹਨਾਂ ਦੀ ਧਰਮ ਪਤਨੀ ਸ਼੍ਰੀਮਤੀ ਹਰਮਿੰਦਰ ਕੌਰ, ਬੇਟਾ ਸਤਿੰਦਰਜੀਤ ਸਿੰਘ, ਨੂੰਹ ਅਮਨਪ੍ਰੀਤ ਕੌਰ ਤੇ ਛੋਟਾ ਜਿਹਾ ਪਿਆਰਾ ਪੋਤਾ ਗੋਵਨਗੀਤ ਸਿੰਘ ਹੈ। ਦਰਸ਼ਨ ਬੁੱਟਰ ਆਪਣੇ ਪਰਿਵਾਰ ਨਾਲ ਬਹੁਤ ਸਨੇਹ ਕਰਦੇ ਹਨ ਖਾਸ ਕਰ ਕੇ ਆਪਣੇ ਪੋਤੇ ਗੋਵਨਗੀਤ ਨਾਲ ਤਾਂ ਬਹੁਤ ਜਿਆਦਾ। ਇਹ ਤਾਂ ਉਹ ਸੱਚ ਹੈ ਜਿਸ ਨੂੰ ਅਸੀਂ ਅੱਖੋਂ ਪਰੋਖੇ ਨਹੀਂ ਕਰ ਸਕਦੇ 'ਬਈ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ'। ਪੋਤਰੇ ਗੋਬਨਗੀਤ ਪ੍ਰਤੀ ਨਿੱਘ ਭਰਿਆ ਸਨੇਹ ਉਹਨਾਂ ਦੇ ਕਾਵਿ ਸੰਗ੍ਰਹਿ 'ਦਰਦ ਮਜੀਠੀ' ਵਿਚ ਰੂਪਮਾਨ ਹੋ ਜਾਂਦਾ ਹੈ।

'ਮੇਰੀਆਂ

ਰੀਝਾਂ ਦੀ ਕਿਆਰੀ 'ਚ ਖਿੜੇ

ਨਵੇਂ ਫੁੱਲ

ਗੋਵਨਗੀਤ ਦੇ ਨਾਂ......"[9]

## 2.3 ਸ਼ਖ਼ਸੀਅਤ

ਦਰਸ਼ਨ ਬੁੱਟਰ ਇਕ ਪ੍ਰਭਾਵਸ਼ਾਲੀ ਸ਼ਖ਼ਸੀਅਤ ਦਾ ਮਾਲਕ ਹੈ। ਪਹਿਲੀ ਮਿਲਣੀ 'ਤੇ ਉਹ ਹਰੇਕ ਮਿਲਣ ਵਾਲੇ 'ਤੇ ਆਪਣਾ ਅਨੂਠਾ ਪ੍ਰਭਾਵ ਛੱਡਦਾ ਹੈ। ਉਸ ਦੇ ਪੰਜ ਫੁੱਟ ਦਸ ਇੰਚ ਲੰਮੇ ਕੱਦ-ਕਾਠ ਤੋਂ ਉਹ ਸ਼ਾਇਰ ਘੱਟ ਤੇ ਖਿਡਾਰੀ ਹੋਣ ਦਾ ਭੁਲੇਖਾ ਵੱਧ ਪੈਂਦਾ ਹੈ। ਉਹ ਆਪਣੇ ਸਕੂਲ ਅਤੇ ਕਾਲਜ ਸਮੇਂ ਤੋਂ ਹਾਕੀ ਦਾ ਵਧੀਆ ਖਿਡਾਰੀ ਰਿਹਾ ਹੈ। ਉਸ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਘੱਟ ਬੋਲਣ ਤੇ ਵੱਧ ਸੁਣਨ ਵਾਲੀ ਹੈ ਜੋ ਪਰਾਏ ਨੂੰ ਵੀ ਆਪਣਾ ਬਣਾ ਲੈਂਦੀ ਹੈ। ਮੈਂ ਉਹਨਾਂ (ਕਵੀ ਦਰਸ਼ਨ ਬੁੱਟਰ) ਨੂੰ ਪਹਿਲੀ ਵਾਰ ਪੰਜਾਬੀ ਭਵਨ ਵਿਖੇ ਪ੍ਰੋ. ਮੋਹਨ ਸਿੰਘ ਮੇਲੇ (20 ਅਕਤੂਬਰ, 2014)

ਦੌਰਾਨ ਮਿਲੀ ਸੀ। ਉਹਨਾਂ ਨੂੰ ਮਿਲ ਕੇ ਇਸ ਤਰ੍ਹਾਂ ਬਿਲਕੁਲ ਵੀ ਨਹੀਂ ਸੀ ਲੱਗਾ ਕਿ ਮੈਂ ਉਹਨਾਂ ਨੂੰ ਪਹਿਲੀ ਵਾਰ ਮਿਲ ਰਹੀ ਹੋਵਾਂ।

> ਮੈਨੂੰ ਮਿਲਣ 'ਤੇ ਉਹਨਾਂ ਨੇ ਮੇਰੇ ਸਿਰ 'ਤੇ ਹੱਥ ਰੱਖ ਕੇ ਬਹੁਤ ਪਿਆਰ ਨਾਲ ਕਿਹਾ ਸੀ "ਬੱਚੇ ਜ਼ਿੰਦਗੀ ਵਿਚ ਕਿਸੇ ਵੀ ਫ਼ੀਲਡ ਵਿਚ ਜਾਓ, ਪੂਰੀ ਮਿਹਨਤ ਤੇ ਲਗਨ ਨਾਲ, ਸਫ਼ਲਤਾ ਤੁਹਾਨੂੰ ਨਾ ਮਿਲੇ ਇਹ ਹੋ ਹੀ ਨਹੀਂ ਸਕਦਾ।"[10]

ਦਰਸ਼ਨ ਬੁੱਟਰ ਹਰੇਕ ਬੰਦੇ ਨੂੰ ਦਿਲੋਂ ਮਿਲਦਾ ਹੈ, ਉਸ ਕੋਲ ਦਿਖਾਵੇ ਦੀ ਕੋਈ ਥਾਂ ਨਹੀਂ ਹੈ। ਉਹਨਾਂ ਦੀ ਮਹਾਨ ਸ਼ਖ਼ਸੀਅਤ ਦਾ ਇੱਕ ਵਿਲੱਖਣ ਤੇ ਪ੍ਰਭਾਵ ਪਾਉਣ ਵਾਲਾ ਗੁਣ ਇਹ ਨਜ਼ਰੀਂ ਪੈਂਦਾ ਹੈ ਕਿ ਉਹ ਸਮਾਜ ਸੇਵਾ ਦੇ ਕੰਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ। ਹਰੇਕ ਚੰਗੇ ਕੰਮਾਂ ਵਿਚ ਬੁੱਟਰ ਦਾ ਹੱਥ ਜ਼ਰੂਰ ਹੁੰਦਾ ਹੈ ਭਾਵੇਂ ਕੋਈ ਸਭਿਆਚਾਰਕ ਮੇਲਾ ਹੋਵੇ, ਕੋਈ ਸਾਹਿਤਕ ਪ੍ਰੋਗਰਾਮ ਹੋਣ ਜਾਂ ਖ਼ੂਨਦਾਨ ਕੈਂਪ ਹੋਵੇ ਹਰ ਕਿਤੇ ਦਰਸ਼ਨ ਬੁੱਟਰ ਜ਼ਰੂਰ ਆਪਣਾ ਯੋਗਦਾਨ ਪਾਉਂਦਾ ਹੈ। ਆਪਾਂ ਇਹ ਅਕਸਰ ਸੁਣਦੇ ਹਾਂ ਜਾਂ ਮਹਿਸੂਸ ਕਰਦੇ ਹਾਂ ਕਿ ਜਦੋਂ ਬੰਦਾ ਆਰਥਿਕ ਪੱਖੋਂ ਅਮੀਰ ਹੋ ਜਾਂਦਾ ਹੈ ਤਾਂ ਉਹ ਦਿਲ ਦਾ ਗਰੀਬ ਹੋ ਜਾਂਦਾ ਹੈ ਪਰ ਇਹ ਗੱਲ ਦਰਸ਼ਨ ਬੁੱਟਰ ਦੀ ਸ਼ਖਸੀਅਤ ਨੂੰ ਦੇਖ ਕੇ ਝੂਠੀ ਜਿਹੀ ਲਗਦੀ ਹੈ। ਉਸ ਇਨਸਾਨ ਕੋਲ ਰੁਤਬਾ, ਪੈਸਾ ਸਭ ਕੁੱਝ ਹੈ ਪਰ ਘੁਮੰਡ ਕਿਤੇ ਦੂਰ-ਦੂਰ ਤੱਕ ਵੀ ਨਜ਼ਰੀਂ ਨਹੀਂ ਪੈਂਦਾ। ਸਨ 2012 ਦਾ "ਭਾਰਤੀ ਸਾਹਿਤ ਅਕਾਦਮੀ" ਦਾ ਪੁਰਸਕਾਰ ਜਿੱਤਣ ਵਾਲਾ ਕਵੀ ਦਰਸ਼ਨ ਬੁੱਟਰ ਹੈ ਜਿਸ ਨੂੰ ਕਿ ਆਪਣੇ ਕਾਵਿ-ਸੰਗ੍ਰਹਿ 'ਮਹਾਂਕੰਬਣੀ' 'ਤੇ ਮਿਲਿਆ ਹੈ।ਆਪਣੇ ਨੌਕਰੀ ਦੇ ਕਾਰਜਕਾਲ ਦੌਰਾਨ ਉਹ ਹਮੇਸ਼ਾ ਢੇਰਾਂ ਰੁਪਇਆਂ ਚ ਘਿਰੇ ਰਹਿੰਦੇ ਸਨ ਪਰ ਪੈਸੇ ਪ੍ਰਤੀ ਉਹਨਾਂ ਦਾ ਨਜ਼ਰੀਆ ਉਹਨਾਂ ਦੇ ਕਾਵਿ-ਸੰਗ੍ਰਹਿ 'ਖੜਾਵਾਂ' ਵਿਚੋਂ ਸਾਫ਼ ਝਲਕਦਾ ਹੈ:

"ਮੇਰੇ ਆਲੇ ਦੁਆਲੇ

ਖ਼ਿਲਰੇ ਪਏ ਨੇ ਨੋਟ...

ਨਾ ਮੇਰੇ ਪੋਟਿਆਂ 'ਚ

ਸਰਗਮ ਛਿੜੀ

ਨਾ ਹੀ ਕਦੇ

ਮੋਹ ਉਪਜਿਆ

ਮਨ ਵਿਚ

ਇਨ੍ਹਾਂ ਨੋਟਾਂ ਵਿਚ ਤਾਂ

ਕਵਿਤਾ ਜਿਨ੍ਹਾਂ ਵਜ਼ਨ ਨਹੀਂ

ਖ਼ਤਾਂ ਜਿਨ੍ਹਾਂ ਵੀ ਭਾਰ ਨਹੀਂ"[11]

ਦਰਸ਼ਨ ਬੁੱਟਰ ਇੱਕ **ਆਸ਼ਾਵਾਦੀ ਸ਼ਖ਼ਸੀਅਤ** ਦੀ ਸਿਰਜਣਾ ਵੀ ਕਰਦਾ ਹੈ। ਉਹ ਨਿਰਾਸ਼ਾਵਾਦੀ ਕਵੀ ਨਹੀਂ ਸਗੋਂ ਆਸ਼ਾਵਾਦੀ ਕਵੀ ਹੈ। ਉਸ ਦੇ ਸ਼ਬਦਕੋਸ਼ ਵਿਚ ਅਸੰਭਵ ਸ਼ਬਦਾਂ ਦੀ ਕੋਈ ਥਾਂ ਨਹੀਂ ਹੈ ਇਹ ਗੱਲ ਉਹਨਾਂ ਨੇ ਮੇਰੇ ਨਾਲ ਕੀਤੀ ਮੁਲਾਕਾਤ ਵਿਚ ਦੱਸਿਆ ਸੀ। ਉਹ ਹਰ ਉਸ ਅਸੰਭਵ ਚੀਜ਼ ਨੂੰ ਸੰਭਵ ਕਰਨ ਦੇ ਪੱਖ ਤੋਂ ਵਿਚਰਦਾ ਹੈ ਤੇ ਹਾਂ ਪੱਖੀ ਨਜ਼ਰੀਆ ਰੱਖਦਾ ਹੈ। ਉਹਨਾਂ ਦਾ ਇਹ ਆਸਵੰਦ ਨਜ਼ਰੀਆ ਉਨ੍ਹਾਂ ਦੇ ਕਾਵਿ-ਸੰਗ੍ਰਹਿ 'ਸ਼ਬਦ ਸ਼ਹਿਰ ਤੇ ਰੇਤ' ਵਿਚੋਂ ਭਲੀ ਭਾਂਤੀ ਰੂਪਮਾਨ ਹੁੰਦਾ ਹੈ:

"ਮਿੱਟੀ ਮੈਨੂੰ ਇਕ ਦਿਨ ਆਖਣ ਲੱਗੀ

ਹੱਥਾਂ ਦੇ ਪੋਟਿਆਂ 'ਤੇ ਜੇ ਚਾਹਤ ਹੋਵੇ

ਮਿੱਟੀ ਫ਼ਰੋਲਿਆਂ ਵੀ ਕੁੱਝ ਲੱਭ ਜਾਂਦਾ ਹੈ"[12]

"ਮੇਰੀਆਂ ਰੀਝਾਂ ਦੀ ਕਣਕ ਨੂੰ

ਕਈ ਵੇਰ

ਪੈ ਚੁੱਕੀ......

ਕਾਂਗਿਆਰੀ

ਪਰ ਕਾਂਗਿਆਰੀ

ਮੈਨੂੰ ਫ਼ਸਲ ਬੀਜਣ ਤੋਂ

ਕਦ ਰੋਕ ਸਕੀ......"[13]

ਦਰਸ਼ਨ ਬੁੱਟਰ ਨੇ ਆਪਣੀ ਮਿਲਣੀ ਦੌਰਾਨ ਕੁੱਝ ਗੱਲਾਂ ਸਾਂਝੀਆਂ ਕੀਤੀਆਂ ਸਨ-"ਮੇਰੀ ਕਵਿਤਾ ਮਨੁੱਖ ਅੰਦਰਲੇ ਮਨੁੱਖ ਦੀ ਤਲਾਸ਼ ਹੈ, ਬੰਦੇ ਵਿਚਲੇ ਬੰਦੇ ਦੀ ਭਾਲ ਹੈ। ਸੱਚ ਅੰਦਰਲੀ ਸੁੱਚ ਦੀ ਤਾਂਘ ਹੈ। ਬੇਗਾਨਿਆਂ ਵਿਚੋਂ

ਅਪਣੱਤ ਦੀ ਤਲਾਸ਼ ਹੈ। ਮਕਾਨਾਂ ਅੰਦਰੋਂ ਘਰ ਦੀ ਖੋਜ ਹੈ। ਸ਼ੋਰ ਵਿਚੋਂ ਸੁਰਾਂ ਦੀ ਤਲਾਸ਼ ਹੈ। ਰੌਲੇ ਵਿਚੋਂ ਚੁੱਪ ਦੀ ਭਾਲ ਹੈ ਅਤੇ ਵੀਰਾਨਗੀਆਂ ਵਿਚੋਂ ਰੰਗਾਂ ਦੀ...... ਅਸਲ ਵਿਚ ਨਜ਼ਮ ਤਾਂ ਸਮਾਂ ਲਿਖ਼ਦਾ ਹੈ, ਸ਼ਾਇਰ ਤਾਂ ਸਿਰਫ਼ ਅਹਿਸਾਸ ਪਰੋਅ ਕੇ ਹਰਫ਼ਾਂ ਨੂੰ ਤਰਤੀਬ ਦਿੰਦਾ ਹੈ। ਬਦਲਦੇ ਰਹਿੰਦੇ ਨੇ ਰਿਸ਼ਤੇ ਰਾਹਵਾਂ ਨਾਲ, ਬਾਹਵਾਂ ਨਾਲ, ਦਿਸ਼ਾਵਾਂ ਨਾਲ। ਸਮੇਂ-ਸਮੇਂ ਬੰਦੇ ਦਾ ਆਪਣੇ ਆਪ ਨਾਲ ਵੀ ਰਿਸ਼ਤਾ ਬਦਲਦਾ ਹੈ।"[14]

ਦਰਸ਼ਨ ਬੁੱਟਰ ਦੇ ਵਿਅਕਤਿਤਵ ਬਾਰੇ ਵਿਚਾਰ ਕਰਦਿਆਂ ਅਸੀਂ ਇਸ ਗੱਲ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ ਕਿ ਕਾਵਿ-ਰਚਨਾ ਵਿਚ ਉਸ ਦੇ ਵਿਚਾਰ ਤੇ ਜਜ਼ਬੇ ਇੰਨੇ ਘੁੱਲੇ-ਮਿਲੇ ਹੁੰਦੇ ਹਨ ਕਿ ਉਹਨਾਂ ਨੂੰ ਅਸੀਂ ਅੱਡ ਨਹੀਂ ਕਰ ਸਕਦੇ। ਸਾਹਿਤਕਾਰ ਦੀ ਰਚਨਾ ਤੋਂ ਹੀ ਉਸ ਦੀ ਸ਼ਖ਼ਸੀਅਤ ਦੇ ਗੁਣ ਉਸ ਦੀਆਂ ਭਵਿੱਖੀ ਯੋਜਨਾਵਾਂ , ਵਰਤਮਾਨ ਦੀਆਂ ਗੱਲਾਂ, ਸੁੱਖ-ਦੁੱਖ ਸਾਰੇ ਹੀ ਉਸ ਦੀਆਂ ਕਵਿਤਾਵਾਂ ਵਿਚੋਂ ਹੀ ਝਲਕਦੇ ਹਨ। ਜਿਵੇਂ:

"? ਕੀ ਤੇਰਾ ਵਜ਼ੂਦ

ਕਿਸੇ ਰਾਤ ਦੀ ਬਾਤ

ਹੋਵਾਂ ਨਾ ਹੋਵਾਂ

ਹੁੰਗਾਰਾ ਜ਼ਰੂਰ ਹਾਂ....."[15]

... ਖੜਾਵਾਂ ...

ਰਾਹਾਂ ਤੋਂ ਮੰਜ਼ਿਲ ਨਹੀਂ ਪੁੱਛਦੀਆਂ

ਤੁਰਨ ਦੀ ਸਮਰੱਥਾ ਰੱਖਦੀਆਂ

ਬੁਲੰਦੀਆਂ 'ਤੇ ਪੁੱਜਣ ਲਈ

ਝੁਕ ਕੇ

ਤਹਿ ਕਰਨਾ ਪੈਂਦਾ ਹੈ ਪੈਂਡਾ

ਪੈਰ ਥੱਕ ਜਾਣ ਜਦੋਂ

ਸਿਰ ਦੇ ਭਾਰ

ਤੁਰਦੀਆਂ ਨੇ ਪੈੜਾਂ…"[16]

## 2.4 ਸਾਹਿਤਕ ਪਿਛੋਕੜ

ਇਕ ਵਧੀਆ ਲੇਖਕ ਬਣਨ ਲਈ ਵਧੀਆ ਪਾਠਕ ਦਾ ਹੋਣਾ ਵੀ ਅਤਿਅੰਤ ਜ਼ਰੂਰੀ ਹੈ। ਦਰਸ਼ਨ ਬੁੱਟਰ ਨੂੰ ਸ਼ੁਰੂ ਤੋਂ ਹੀ ਪੰਜਾਬੀ ਸਾਹਿਤ ਨਾਲ ਵਿਸ਼ੇਸ਼ ਲਗਾਉ ਰਿਹਾ ਹੈ। ਇਸ ਦਾ ਸਿਹਰਾ ਤਾਂ ਸਿੱਧਾ-ਸਿੱਧਾ ਬੁੱਟਰ ਦੇ ਘਰ ਦੇ ਮਾਹੌਲ ਤੇ ਜਾਂਦਾ ਹੈ ਕਿਉਂਕਿ ਉਹਨਾਂ ਦੇ ਪਿਤਾ ਜੀ ਸ.ਪ੍ਰੀਤਮ ਸਿੰਘ ਸਟੇਜੀ ਕਵੀ ਤੇ ਛੰਦ-ਬੱਧ ਕਵਿਤਾ ਦੇ ਧਾਰਨੀ ਹਨ, ਜਿਸ ਕਾਰਨ ਸਾਹਿਤ ਦੀ ਰੁਚੀ ਦਾ ਮਾਹੌਲ ਤਾਂ ਘਰ ਵਿਚ ਬਚਪਨ ਤੋਂ ਹੀ ਮਿਲਿਆ। ਉਸ ਤੋਂ ਬਿਨਾਂ ਬੁੱਟਰ ਉੱਤੇ ਪੰਜਾਬੀ ਸਾਹਿਤਕਾਰਾਂ ਦਾ ਪ੍ਰਭਾਵ ਮੁੱਖ ਰੂਪ ਵਿਚ ਪਿਆ ਉਹ ਕਵੀ ਹਨ: ਸ਼ਿਵ ਕੁਮਾਰ ਬਟਾਲਵੀ, ਪ੍ਰੋ.ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਬਾਵਾ ਬਲਵੰਤ, ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ, ਐਸ.ਐਸ.ਮੀਸ਼ਾ, ਜਗਤਾਰ, ਸੁਰਜੀਤ ਪਾਤਰ ਆਦਿ। ਦਰਸ਼ਨ ਬੁੱਟਰ ਨੇ ਪੰਜਾਬੀ ਸਾਹਿਤ ਅਧਿਐਨ ਤੋਂ ਬਿਨਾਂ ਹਿੰਦੀ ਤੇ ਵਿਦੇਸ਼ੀ ਸਾਹਿਤ (ਪੱਛਮੀ ਸਾਹਿਤ) ਦਾ ਵੀ ਨਿੱਠ ਕੇ ਅਧਿਐਨ ਕੀਤਾ। ਉਸ ਨੇ ਮੁੱਖ ਤੌਰ 'ਤੇ ਰਸੂਲ ਹਮਜ਼ਾਤੋਵ, ਬਰਤੋਕਤ ਬਰੈਖ਼ਤ, ਸਾਰਤਰ, ਲੋਰਕਾ, ਮੈਕਸਿਮ ਗੋਰਕੀ, ਪੁਸ਼ਕਿਨ, ਲੀਉ ਟਾਲਸਟਾਏ, ਪਾਬਲੋ ਨਰੂਦਾ, ਚੈਖ਼ੋਵ ਆਦਿ ਸਾਹਿਤਕਾਰਾਂ ਦੀਆਂ ਰਚਨਾਵਾਂ ਪੜ੍ਹੀਆਂ। ਬੁੱਟਰ ਇਨ੍ਹਾਂ ਚਿੰਤਕਾਂ ਦੇ ਕਾਵਿ ਚਿੰਤਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕੇ।ਇਹਨਾਂ ਸਾਹਿਤਕਾਰਾਂ ਦੀਆਂ ਰਚਨਾਵਾਂ ਤੋਂ ਪ੍ਰੇਰਣਾ ਲੈ ਕੇ ਦਰਸ਼ਨ ਬੁੱਟਰ ਨੇ ਆਪਣੀ ਕਾਵਿ ਪ੍ਰਤਿਭਾ ਵਿਚ ਨਿਖਾਰ ਲਿਆਂਦਾ।ਜਿਸ ਕਾਰਨ ਉਹਨਾਂ ਨੇ ਆਪਣੀ ਸੁਚੇਤ ਦ੍ਰਿਸ਼ਟੀਕੋਣ ਰਾਹੀਂ ਵਿਲੱਖਣ ਕਾਵਿ ਪ੍ਰਤਿਭਾ ਵਿਚ ਹਸਤਾਖ਼ਰ ਉਲੀਕੇ।

## 2.5 ਕਾਵਿ-ਪ੍ਰੇਰਣਾ

ਦਰਸ਼ਨ ਬੁੱਟਰ ਨੇ ਮਾਤਾ-ਪਿਤਾ ਦੀ ਪਲੇਠੀ ਸੰਤਾਨ ਹੋਣ ਕਰ ਕੇ ਆਪਣੇ ਬਚਪਨ ਦੇ ਦਿਨ ਚਾਵਾਂ, ਲਾਡਾਂ ਤੇ ਪਿਆਰਾਂ ਨਾਲ ਮਾਣੇ। ਉਸ ਦੇ ਘਰ ਵਿਚ ਸਾਹਿਤਕ ਮਾਹੌਲ ਤਾਂ ਸ਼ੁਰੂ ਤੋਂ ਹੀ ਸੀ ਕਿਉਂਕਿ ਪਿਤਾ ਸ. ਪ੍ਰੀਤਮ ਸਿੰਘ ਨਾਲ ਸਾਹਿਤਕ ਪ੍ਰੋਗਰਾਮਾਂ 'ਤੇ ਜਾਣਾ, ਘਰ ਵਿਚ ਪੰਜਾਬੀ ਮੈਗਜ਼ੀਨ ਪੜ੍ਹਨਾ ਇਸ ਤਰ੍ਹਾਂ ਦੇ ਮਾਹੌਲ ਨੇ ਬੁੱਟਰ ਨੂੰ ਕਵੀ ਬਣਨ ਲਈ ਪ੍ਰੇਰਿਤ ਕੀਤਾ। ਸਕੂਲਸਮੇਂ ਦੌਰਾਨ ਮਾਸਟਰ ਸੁਖਦੇਵ ਵਰਮਾ ਨੇ ਬੁੱਟਰ ਦੀ ਕਾਬਲੀਅਤ ਨੂੰ ਪਛਾਣ ਕੇ ਉਸ ਨੂੰ ਪ੍ਰੇਰਿਆ ਅਤੇ ਸਾਹਿਤ ਅਤੇ ਕਵਿਤਾਵਾਂ ਪੜ੍ਹਨ ਤੇ ਲਿਖਣ ਦਾ ਸ਼ੌਕੀਨ ਬਣਾਇਆ। ਇਸ ਸ਼ੌਂਕ ਨੂੰ ਹੋਰ ਹਵਾ ਦੇਣ ਵਾਲੇ ਮਾਣਯੋਗ ਪ੍ਰੋ. ਹਰਚਰਨ ਸਿੰਘ ਬਾਠ ਤੇ ਪ੍ਰੋ. ਤਰਲੋਚਨ ਸਿੰਘ ਸਨ ਜੋ ਕਿ ਬੁੱਟਰ ਦੇ ਕਾਲਜ ਅਧਿਆਪਕ ਸਨ। ਉਹਨਾਂ ਨੇ ਬੁੱਟਰ ਅੰਦਰਲੀ ਚਿਣਗ ਨੂੰ ਹਵਾ ਦੇ ਕੇ ਹੋਰ ਭਖਾਇਆ ਤੇ ਜਿਸ ਸਦਕਾ ਦਰਸ਼ਨ ਬੁੱਟਰ ਕਾਲਜ ਵਿਚ ਕਵਿਤਾ ਮੁਕਾਬਲਿਆਂ ਦਾ ਮੋਢੀ ਤੇ ਕਾਲਜ ਮੈਗਜ਼ੀਨ 'ਲਿੱਲੀ' ਦਾ ਵਿਦਿਆਰਥੀ ਸੰਪਾਦਕ ਵੀ ਰਿਹਾ। ਸਭ ਦੀ ਪ੍ਰੇਰਣਾ ਤੇ

ਸਖ਼ਤ ਮਿਹਨਤ ਸਦਕਾ ਦਰਸ਼ਨ ਬੁੱਟਰ ਨੇ ਕਾਵਿ-ਜਗਤ ਨੂੰ ਛੇ ਕਾਵਿ-ਸੰਗ੍ਰਹਿ ਦਿੱਤੇ ਤੇ 2012 ਵਿਚ 'ਮਹਾਂਕੰਬਣੀ' ਕਾਵਿ-ਸੰਗ੍ਰਹਿ ਤੇ ਭਾਰਤੀ ਸਾਹਿਤ ਅਕਾਡਮੀ ਦਾ ਪੁਰਸਕਾਰ ਹਾਸਿਲ ਕਰ ਸਿਰ ਕੱਢਵਾਂ ਸ਼ਾਇਰ ਬਣਿਆ। ਉਹ ਆਪਣੀ ਸਫ਼ਲਤਾ ਪਿੱਛੇ ਆਪਣੇ ਪਿਤਾ ਜੀ ਅਤੇ ਆਪਣੇ ਕਾਲਜ ਪ੍ਰੋਫ਼ੈਸਰਾਂ ਦਾ ਵੱਡਾ ਯੋਗਦਾਨ ਮੰਨਦਾ ਹੈ ਤੇ ਉਹਨਾਂ ਨੂੰ ਯਾਦ ਕਰਦਿਆਂ ਲਿਖ਼ਦਾ ਹੈ:

"ਕੋਈ ਕੋਈ ਸੁਫ਼ਨਾ

ਉਮਰ ਭਰ ਯਾਦ ਰਹਿੰਦਾ ਹੈ

ਕੋਈ ਕੋਈ ਸਫ਼ਰ

ਯੁੱਗਾਂ ਤੱਕ ਨਾਲ ਰਹਿੰਦਾ ਹੈ

ਕੋਈ ਕੋਈ ਪੈੜ

ਮੰਜ਼ਿਲ ਦਾ ਰਾਹ ਦੱਸਦੀ ਹੈ"[17]

## 2.6 ਵਿਦੇਸ਼ ਯਾਤਰਾ

ਦਰਸ਼ਨ ਬੁੱਟਰ ਨੇ ਆਪਣੇ ਜੀਵਨ ਕਾਲ ਦੌਰਾਨ ਕਈ ਵਿਦੇਸ਼ੀ ਥਾਵਾਂ ਤੇ ਪ੍ਰਮੁੱਖ ਕਵੀ ਵਜੋਂ ਸ਼ਿਰਕਤ ਕੀਤੀ। 19 ਜੁਲਾਈ ਤੋਂ 21 ਜੁਲਾਈ 1998 ਵਿਚ ਰਿਆਸਤ ਵਿਸ਼ਕਾਨਸਿਨ (ਯੂ. ਐਸ. ਏ) ਦੇ ਸ਼ਹਿਰੀ ਮਿਲਵਾਕੀ ਵਿਚ ਵਿਸ਼ਵ ਪੰਜਾਬੀ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ। ਇਸ ਕਾਨਫ਼ਰੰਸ ਵਿਚ ਦਰਸ਼ਨ ਬੁੱਟਰ ਜਿਹੇ ਸਿਰਕੱਢਵੇਂ ਕਵੀ ਨੇ ਵੀ ਸ਼ਿਰਕਤ ਕੀਤੀ ਜਿਸ ਨੂੰ ਅਸੀਂ ਉਸ ਦੀ ਨਿੱਕੀ ਉਮਰੇ ਵੱਡੀ ਪ੍ਰਾਪਤੀ ਕਹਿ ਸਕਦੇ ਹਾਂ। ਉੱਥੇ ਦਰਸ਼ਨ ਬੁੱਟਰ ਨਾਲ ਵਾਸ਼ਿੰਗਟਨ, ਡੀ. ਸੀ. ਸ਼ਿਕਾਗੋ, ਵਾਲਟੀਮੋਰ, ਗੈਦਰਜ਼ਬਰਗ (ਮੈਰੀਲੈਂਡ), ਮਿਲਵਾਕੀ ਦੀਆਂ ਸਾਹਿਤਕ ਮਿਲਣੀਆਂ ਕਰਵਾਈਆਂ ਗਈਆਂ।

## 2.7 ਮਾਨ-ਸਨਮਾਨ

ਦਰਸ਼ਨ ਬੁੱਟਰ ਭਾਈ ਕਾਹਨ ਸਿੰਘ ਨਾਭਾ ਰਚਨਾ ਵਿਚਾਰ ਮੰਚ ਦੇ ਪ੍ਰਧਾਨ ਹਨ ਜਿਸ ਸੰਸਥਾ ਅਧੀਨ ਉਹ ਪਿਛਲੇ ਵੀਹ ਵਰਿਆਂ ਤੋਂ ਨਾਭਾ ਵਿਖੇ 'ਨਾਭਾ ਕਵਿਤਾ ਉਤਸਵ' ਦਾ ਆਯੋਜਨ ਕਰਦੇ ਹਨ। ਜਿਸ ਵਿਚ ਦੁਨੀਆ ਭਰ ਤੋਂ ਸੈਂਕੜੇ ਕਵੀ ਹਰ ਸਾਲ ਭਾਗ ਲੈਂਦੇ ਹਨ।ਦਰਸ਼ਨ ਬੁੱਟਰ ਨੇ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਕਾਨਫ਼ਰੰਸਾਂ ਵਿਚ ਅਮਰੀਕਾ,

ਕੈਨੇਡਾ, ਇੰਗਲੈਂਡ, ਪਾਕਿਸਤਾਨ, ਨੇਪਾਲ, ਸ਼੍ਰੀ ਲੰਕਾ ਅਤੇ ਭਾਰਤ ਸਮੇਤ ਹੋਰ ਬਹੁਤ ਸਾਰੇ ਦੇਸ਼ਾਂ ਵਿਚ ਵਿਸ਼ੇਸ਼ ਕਵੀ ਵਜੋਂ ਸ਼ਮੂਲੀਅਤ ਕੀਤੀ। ਦਰਸ਼ਨ ਬੁੱਟਰ ਨੂੰ ਮਿਲੇ ਪੁਰਸਕਾਰਾਂ ਦੀ ਗਿਣਤੀ ਬਹੁਤ ਲੰਮੀ ਹੈ।

ਉਹਨਾਂ ਨੂੰ ਭਾਸ਼ਾ ਵਿਭਾਗ ਦੇ "ਸ਼ਰੋਮਣੀ ਪੰਜਾਬੀ ਕਵੀ ਪੁਰਸਕਾਰ" ਤੋਂ ਲੈ ਕੇ "ਭਾਰਤੀ ਸਾਹਿਤ ਅਕਾਦਮੀ, ਨਵੀਂ ਦਿੱਲੀ ਦਾ ਵਕਾਰੀ ਪੁਰਸਕਾਰ ਉਹਨਾਂ ਦੇ 2009 ਵਿਚ ਛਪੇ ਕਾਵਿ-ਸੰਗ੍ਰਹਿ 'ਮਹਾਂਕੰਬਣੀ' ਉੱਤੇ 2012 ਵਿਚ ਮਿਲਿਆ। ਇਸ ਤੋਂ ਬਿਨਾਂ ਉਨਾਂ ਨੂੰ ਜਨਵਾਦੀ ਕਵਿਤਾ ਪੁਰਸਕਾਰ ਵੀ ਮਿਲਿਆ। ਬੁੱਟਰ ਨੂੰ ਆਪਣੇ ਛੇ ਕਾਵਿ-ਸੰਗ੍ਰਹਿ ਤੋਂ ਵੱਖ਼ਰੇ-ਵੱਖ਼ਰੇ ਇਨਾਮ ਮਿਲ ਚੁੱਕੇ ਹਨ।

ਪੰਜਾਬ ਐਂਡ ਸਿੰਧ ਬੈਂਕ ਵੱਲੋਂ ਪੁਸਤਕ 'ਔੜ ਦੇ ਬੱਦਲ' ਨੂੰ ਸਨਮਾਨਿਤ ਕੀਤਾ ਗਿਆ। 1996 ਵਿਚ ਸਫ਼ਦਰ ਹਾਸ਼ਮੀ ਪੁਰਸਕਾਰ ਲੇਖ਼ਕ ਸਭਾ ਪੰਜਾਬ ਵੱਲੋਂ ਪੰਜਾਬ ਰਾਜ ਬਿਜਲੀ ਬੋਰਡ ਵਲੋਂ ਮਿਲਿਆ। 1996 ਵਿਚਭਾਸ਼ਾ ਵਿਭਾਗ ਪੰਜਾਬ ਵਲੋਂ ਵਧੀਆ ਛਪਾਈ ਪੁਸਤਕ ਪੁਰਸਕਾਰ ਕਾਵਿ-ਸੰਗ੍ਰਹਿ 'ਸ਼ਬਦ ਸ਼ਹਿਰ ਤੇ ਰੇਤ' ਨੂੰ ਦਿੱਤਾ ਗਿਆ। ਭਾਸ਼ਾ ਵਿਭਾਗ ਪੰਜਾਬ ਵੱਲੋਂ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ ਪੁਰਸਕਾਰ; ਸਿਰਦਾਰ ਕਪੂਰ ਸਿੰਘ ਪੁਰਸਕਾਰ; ਬਾਬਾ ਚਰਨ ਸਿੰਘ ਪੁਰਸਕਾਰ; ਜਨਵਾਦੀ ਕਵਿਤਾ ਪੁਰਸਕਾਰ; ਭਾਈ ਵੀਰ ਸਿੰਘ ਪੁਰਸਕਾਰ; ਪ੍ਰੋ. ਪੀਤਮ ਸਿੰਘ ਪੁਰਸਕਾਰ; ਕਰਤਾਰ ਸਿੰਘ ਧਾਲੀਵਾਲ ਪੁਰਸਕਾਰ; ਸ.ਸ. ਮੀਸ਼ਾ ਪੁਰਸਕਾਰ; ਸੰਤ ਰਾਮ ਉਦਾਸੀ ਪੁਰਸਕਾਰ; ਬਾਵਾ ਬਲਵੰਤ ਪੁਰਸਕਾਰ; ਸੰਤ ਚਰਨ ਸਿੰਘ ਆਸੀ ਯਾਦਗਾਰੀ ਪੁਰਸਕਾਰ; ਗੁਰਨਾਮ ਭੱਠਲ ਪੁਰਸਕਾਰ; ਸੰਤ ਅਤਰ ਸਿੰਘ ਭੁੱਲਰ ਪੁਰਸਕਾਰ; ਅਜਾਇਬ ਕਮਲ ਪੁਰਸਕਾਰ; ਮਾਤਾ ਪ੍ਰੀਤਮ ਕੌਰ ਔਜਲਾ ਪੁਰਸਕਾਰ।

ਇਸ ਤਰ੍ਹਾਂ ਦੇ ਅਨੇਕਾਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ। ਦਰਸ਼ਨ ਬੁੱਟਰ ਦਾ ਮੇਰੇ ਨਾਲ ਹੋਈ ਮੁਲਾਕਾਤ ਵਿਚ ਇਹ ਕਹਿਣਾ ਸੀ ਕਿ ਭਾਵੇਂ ਉਸ ਨੂੰ ਅਨੇਕਾਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ ਪਰ ਉਸ ਲਈ ਸਭ ਤੋਂ ਸਿਖ਼ਰਲਾ ਤੇ ਅਭੁੱਲ ਮਾਨ-ਸਨਮਾਨ ਉਹ ਹੁੰਦਾ ਹੈ ਜਦੋਂ ਪਾਠਕ ਉਸ ਦੀਆਂ ਰਚਨਾਵਾਂ ਨੂੰ ਭਰਵਾਂ ਹੁੰਗਾਰਾ ਦਿੰਦੇ ਹਨ ਤੇ ਉਸ ਨੂੰ ਫੋਨ ਰਾਹੀਂ ਹੋਰ ਲਿਖਣ ਲਈ ਪ੍ਰੇਰਦੇ ਹਨ। ਉਸ ਨੇ ਪੰਜਾਬੀ ਕਾਵਿ ਜਗਤ ਨੂੰ ਗਿਣਾਤਮਕ ਨਹੀਂ ਸਗੋਂ ਗੁਣਾਤਮਕ ਰਚਨਾਵਾਂ ਦਿੱਤੀਆਂ ਹਨ। ਜਿਨ੍ਹਾਂ ਨੂੰ ਸਭ ਪਾਠਕਾਂ, ਆਲੋਚਕਾਂ ਤੇ ਸਾਹਿਤਕਾਰਾਂ ਨੇ ਬਹੁਤ ਸੰਜੀਦਗੀ ਨਾਲ ਪੜ੍ਹਿਆ ਤੇ ਵਿਚਾਰਿਆ।

## 2.8 ਮੌਜੂਦਾ ਰੁਝੇਵੇਂ

ਦਰਸ਼ਨ ਬੁੱਟਰ ਹਰ ਸਾਹਿਤਕ ਸਰਗਰਮੀਆਂ, ਸਭਿਆਚਾਰਕ ਮੇਲੇ, ਖ਼ੂਨਦਾਨ ਕੈਂਪ ਆਦਿ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਂਦੇ ਹਨ। ਬੁੱਟਰ ਰਚਨਾ ਵਿਚਾਰ ਮੰਚ ਨਾਭਾ ਦੇ ਪ੍ਰਧਾਨ ਹਨ। ਉਹ ਕੌਮਾਂਤਰੀ ਲੇਖ਼ਕ ਮੰਚ ਫ਼ਗਵਾੜਾ ਦੇ ਪ੍ਰਧਾਨ ਹਨ। ਅਮਨਦੀਪ ਮੈਮੋਰੀਅਲ ਟਰੱਸਟ ਦੇ ਪ੍ਰਧਾਨ ਹਨ ਜੋ ਕਿ ਉਹਨਾਂ ਦੇ ਆਪਣੇ ਹੀ ਜੱਦੀ ਪਿੰਡ ਥੂਹੀ ਵਿਖੇ ਹੈ। ਨਾਭਾ

ਸੋਸ਼ਲ ਵੈਲਫੇਅਰ ਐਂਡ ਕਲਚਰਲ ਕਲੱਬ ਦੇ ਜਰਨਲ ਸਕੱਤਰ ਹਨ। ਕੇਂਦਰੀ ਪੰਜਾਬ ਲੇਖ਼ਕ ਸਭਾ ਪੰਜਾਬ ਦੇ ਕਾਰਜਕਾਰੀ ਮੈਂਬਰ ਹਨ। ਪੰਜਾਬ ਲੋਕ ਕਲਾ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਹਨ।

## 2.9 ਦਰਸ਼ਨ ਬੁੱਟਰ ਦਾ ਰਚਨਾ ਸੰਸਾਰ

ਦਰਸ਼ਨ ਬੁੱਟਰ ਪੰਜਾਬੀ ਸਾਹਿਤ ਵਿਚ ਅਮਿੱਟ ਛਾਪ ਛੱਡਣ ਵਾਲੇ ਕਵੀਆਂ ਵਿਚੋਂ ਪ੍ਰਮੁੱਖ ਨਾਮ ਹੈ। ਜੇਕਰ ਅਸੀਂ ਉਸ ਦੇ ਰਚਨਾ ਸੰਸਾਰ ਵੱਲ ਨਿਗਾਹ ਮਾਰੀਏ ਤਾਂ ਉਸ ਤੋਂ ਇਹ ਪਤਾ ਲੱਗਦਾ ਹੈ ਕਿ ਬੁੱਟਰ ਨੇ ਗਿਣਾਤਮਕ ਨਹੀਂ ਗੁਣਾਤਮਕ ਪੱਖੋਂ ਪੰਜਾਬੀ ਕਾਵਿ-ਜਗਤ ਨੂੰ ਵੱਡਮੁੱਲਾ ਖਜ਼ਾਨਾ ਦਿੱਤਾ ਹੈ। ਦਰਸ਼ਨ ਬੁੱਟਰ ਨੇ ਪੰਜਾਬੀ ਕਾਵਿ-ਸੰਸਾਰ ਵਿਚ ਹੁਣ ਤੱਕ ਆਪਣੇ ਛੇ ਕਾਵਿ-ਸੰਗ੍ਰਹਿ ਦਿੱਤੇ ਹਨ। ਦਰਸ਼ਨ ਬੁੱਟਰ ਦੇ ਹੁੱਣ ਤੱਕ ਦੇ ਛੇ ਅਹਿਮ ਕਾਵਿ-ਸੰਗ੍ਰਹਿਆਂ ਦਾ ਵੇਰਵਾ ਇਸ ਤਰ੍ਹਾਂ ਹੈ:

| | |
|---|---|
| **ਔੜ ਦੇ ਬੱਦਲ** | **(1984)** |
| **ਸਲ੍ਹਾਬੀ ਹਵਾ** | **(1994)** |
| **ਸ਼ਬਦ ਸ਼ਹਿਰ ਤੇ ਰੇਤ** | **(1996)** |
| **ਖੜਾਵਾਂ** | **(2001)** |
| **ਦਰਦ ਮਜੀਠੀ** | **(2006)** |
| **ਮਹਾਂਕੰਬਣੀ** | **(2009)** |

ਦਰਸ਼ਨ ਬੁੱਟਰ ਦੀ ਸੋਚ ਅਨੁਸਾਰ ਸਾਡੇ ਆਲੇ ਦੁਆਲੇ ਦੀ ਆਰਥਕ ਮੰਦਹਾਲੀ, ਉਪਭੋਗਤਾ ਨੇ, ਰਿਸ਼ਤਿਆਂ ਵਿਚਲੀ ਦੂਰੀ ਨੇ, ਟੁੱਟਦੇ ਤਿੜਕਦੇ ਰਿਸ਼ਤਿਆਂ ਨੇ ਸਾਡੇ ਅੰਦਰਲੇ ਮਨੁੱਖ ਨੂੰ ਡਰਾ ਕੇ ਤੇ ਦਬਾ ਕੇ ਰੱਖਿਆ ਹੋਇਆ ਹੈ। ਬੁੱਟਰ ਦੇ ਸਾਰੇ ਕਾਵਿ-ਸੰਗ੍ਰਹਿ ਉਸ ਲੁਕੇ, ਡਰੇ ਤੇ ਦੱਬ ਕੇ ਬੈਠੇ ਮਨੁੱਖ ਨੂੰ ਹਲੂਣ ਕੇ ਜਗਾਉਂਦੇ ਹਨ। ਦਰਸ਼ਨ ਬੁੱਟਰ ਦੀ ਸਮੁੱਚੀ ਕਵਿਤਾ ਮਾਨਵੀ ਸਰੋਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਓਤ-ਪ੍ਰੋਤ ਹੈ। ਸਮਕਾਲੀ ਪੰਜਾਬੀ ਕਵਿਤਾ ਦੇ ਮਹੱਤਵਪੂਰਨ ਮਸਲੇ ਨਾਰੀ, ਪਰਵਾਸੀ ਅਤੇ ਦੇਹਵਾਦੀ ਸਰੋਕਾਰਾਂ ਨੂੰ ਬੁੱਟਰ ਆਪਣੀਆਂ ਕਵਿਤਾਵਾਂ ਤੇ ਭਾਰੂ ਨਹੀਂ ਪੈਣ ਦਿੰਦਾ। ਮੁੱਢਲੇ ਪੱਧਰ ਦੇ ਕਾਵਿ-ਸੰਗ੍ਰਹਿਆਂ ਵਿਚੋਂ ਬੁੱਟਰ ਦੇ ਜੀਵਨ ਅਤੇ ਪਿਆਰ ਅਨੁਭਵ ਦਾ ਝਾਉਲਾ ਜਿਹਾ ਪੈਂਦਾ ਹੈ ਪਰ ਸਹਿਜੇ-ਸਹਿਜੇ ਉਸ ਦੀ ਕਵਿਤਾ ਅਗਲੇ ਕਾਵਿ-ਸੰਗ੍ਰਹਿਆਂ ਵਿਚ ਬੌਧਿਕ ਸੁਰ ਨਾਲ ਦਗ-ਦਗ ਕਰਦੀ ਨਜ਼ਰ ਆਉਂਦੀ ਹੈ, ਜੋ ਕਿ ਬੁੱਟਰ ਨੂੰ ਸਮਕਾਲੀ ਪ੍ਰਸਿੱਧ ਕਵੀਆਂ ਦੀ ਕਤਾਰ ਵਿਚ ਖੜਾ ਕਰਨ ਦੀ ਸਮਰੱਥਾ ਬਖ਼ਸ਼ਦੀ ਹੈ। ਉਸ ਦੀ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕਾਵਿ-ਸੰਗ੍ਰਹਿ 'ਮਹਾਂਕੰਬਣੀ' ਵਿਚ ਉਹਨਾਂ ਨੇ ਕਈ ਅੱਡ-

ਅੱਡ ਵਿਸ਼ਿਆਂ ਨੂੰ ਛੂਹਿਆ ਹੈ, ਜਿਸ ਵਿਚ ਗੁਰਦੇਵ ਤੇ ਜਗਿਆਸਾ ਨਾਮੀ ਪਾਤਰਾਂ ਨੂੰ ਜ਼ੁਬਾਨ ਦੇ ਕੇ ਵਿਚਾਰ ਚਰਚਾ ਕਰਵਾਈ ਹੈ।

ਅਸੀਂ ਦਰਸ਼ਨ ਬੁੱਟਰ ਦੇ ਛੇ ਕਾਵਿ-ਸੰਗ੍ਰਹਿਆਂ ਦਾ ਥੋੜ੍ਹਾ-ਥੋੜ੍ਹਾ ਅਧਿਐਨ ਜ਼ਰੂਰ ਕਰਾਂਗੇ।

## 2.9.1 ਔੜ ਦੇ ਬੱਦਲ

ਦਰਸ਼ਨ ਬੁੱਟਰ ਨੇ 1984 ਵਿਚ ਆਪਣਾ ਪਹਿਲਾ ਕਾਵਿ-ਸੰਗ੍ਰਹਿ 'ਔੜ ਦੇ ਬੱਦਲ' ਪਾਠਕਾਂ ਦੀ ਝੋਲੀ ਪਾਇਆ। ਬੁੱਟਰ ਦੇ ਇਸ ਕਾਵਿ-ਸੰਗ੍ਰਹਿ ਵਿਚ 42 ਕਵਿਤਾਵਾਂ, 3 ਗੀਤ, 6 ਗ਼ਜ਼ਲਾਂ ਤੇ 4 ਲੋਕ ਬੋਲੀਆਂ ਸ਼ਾਮਿਲ ਹਨ। ਇਸ ਕਾਵਿ-ਸੰਗ੍ਰਹਿ ਨੇ ਬੁੱਟਰ ਨੂੰ ਸਾਹਿਤਕ ਖੇਤਰ ਵਿਚ ਪਛਾਣ ਦੁਆਈ। ਇਹ ਕਾਵਿ-ਸੰਗ੍ਰਹਿ ਪ੍ਰੇਮ ਪਿਆਰ ਨਾਲ ਓਤ-ਪ੍ਰੋਤ ਹੈ ਤੇ ਇਸ ਵਿਚ ਰੁਮਾਂਟਿਕ ਰੰਗਣ ਭਾਰੂ ਹੈ। ਇਸ ਵਿਚ ਕਵੀ ਨੇ ਪ੍ਰੇਮ-ਪਿਆਰ ਦੇ ਮਿੱਠੇ-ਮਿੱਠੇ ਜਿਹੇ ਖਿਆਲਾਂ, ਸ਼ਿਕਵੇ ਸ਼ਿਕਾਇਤਾਂ, ਬਿਰਹਾ-ਮਿਲਾਪ ਦੇ ਪਲਾਂ ਨੂੰ ਦਿਲ ਖਿੱਚਵੇਂ ਢੰਗ ਨਾਲ ਪੇਸ਼ ਕੀਤਾ ਹੈ। ਕਵੀ ਨੂੰ ਆਪਣੇ ਪ੍ਰੀਤਮ ਪਿਆਰੇ ਦੀ ਅਣਹੋਂਦ ਦਾ ਦੁੱਖ ਭਰਿਆ ਅਹਿਸਾਸ ਕੰਡਿਆਂ ਦੀ ਤਰ੍ਹਾਂ ਚੁੱਭਦਾ ਹੈ ਅਤੇ ਉਹ ਪਿਆਰੇ ਦੀ ਹੋਂਦ ਦੀ ਤਾਂਘ ਕਰਦਾ ਹੈ ਜੋ ਕਿ ਉਸ ਦੀਆਂ ਸਤਰਾਂ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ:

"ਤੇਰਾ ਸਾਥ ਹੁੰਦਾ
ਅਸੀਂ ਇਕ ਦੂਜੇ ਦੀ ਪਰਿਕਰਮਾ ਕਰ ਕੇ ਕਲਪਨਾ ਦੇ ਆਸਣ ਲਾਉਂਦੇ
ਅਸੀਂ ਅੱਖਾਂ ਦੀ ਮੰਡੀ ਪਲ-ਪਲ ਨੀਲਾਮ ਨਾ ਹੁੰਦੇ
ਅਸੀਂ ਸੂਰਜ ਨੂੰ ਵਾਰ-ਵਾਰ ਨਾ ਡੁੱਬਣ ਦਿੰਦੇ
ਜੇ ਕਿਤੇ ਤੇਰਾ ਸਾਥ ਹੁੰਦਾ..."[18]

## 2.9.2 ਸਲ੍ਹਾਬੀ ਹਵਾ

ਦਰਸ਼ਨ ਬੁੱਟਰ ਨੇ ਆਪਣਾ ਦੂਜਾ ਕਾਵਿ-ਸੰਗ੍ਰਹਿ 'ਸਲ੍ਹਾਬੀ ਹਵਾ' 1994 ਵਿਚ ਪਾਠਕਾਂ ਦੇ ਰੂ-ਬ-ਰੂ ਕਰਵਾਇਆ। ਇਸ ਕਿਤਾਬ ਵਿਚ 38 ਕਵਿਤਾਵਾਂ ਹਨ। ਇਸ ਕਾਵਿ-ਸੰਗ੍ਰਹਿ ਦਾ ਦੂਜਾ ਅਡੀਸ਼ਨ ਵੀ ਪਾਠਕ ਪੜ੍ਹ ਚੁੱਕੇ ਹਨ। ਉਸ ਵਿਚ 56 ਕਵਿਤਾਵਾਂ ਹਨ। ਸਲਾਬੀ ਹਵਾ ਦੇ ਪਹਿਲੇ ਐਡੀਸ਼ਨ ਵਿਚ ਕਵੀ ਨੇ ਸੰਬੋਧਨੀ ਸ਼ੈਲੀ ਨੂੰ ਅਪਣਾਇਆ ਹੈ। ਉਸ ਦੇ ਸਵਾਲ ਵੀ ਆਪਣੇ ਆਪ ਨਾਲ ਹਨ ਤੇ ਜਵਾਬ ਵੀ। ਇਸ ਕਿਤਾਬ ਦੇ ਪਾਠਕਾਂ ਦੇ ਹੱਥਾਂ ਵਿਚ ਆਉਣ ਤੇ ਪੰਜਾਬੀ ਕਾਵਿ-ਸੰਸਾਰ ਵਿਚ ਦਰਸ਼ਨ ਬੁੱਟਰ ਬਾਰੇ ਚਰਚਾ ਛਿੜ ਪਈ। ਬੁੱਟਰ ਦੇ ਇਸ ਕਾਵਿ-ਸੰਗ੍ਰਹਿ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ। ਉਦਾਹਰਣ ਵਜੋਂ:

"ਬੜਾ ਔਖਾ ਹੈ

ਮਹਿਬੂਬ ਨੂੰ ਛੂਹ ਕੇ ਦਿਲ ਦੀ ਧੜਕਣ ਮੱਧਮ ਰੱਖਣਾ

ਪਰ ਤਾਰਿਆਂ ਦੀ ਲੋਅ 'ਚ

ਆਪਣਿਆਂ ਸੰਗ ਦੋ ਕਦਮ ਤੁਰਨਾ ਕਿਹੜਾ ਸੌਖਾ ਏ'।"[19]

## 2.9.3 ਸ਼ਬਦ ਸ਼ਹਿਰ ਤੇ ਰੇਤ

ਦਰਸ਼ਨ ਬੁੱਟਰ ਦਾ ਤੀਜਾ ਕਾਵਿ-ਸੰਗ੍ਰਹਿ 'ਸ਼ਬਦ ਸ਼ਹਿਰ ਤੇ ਰੇਤ' ਦਾ ਪਹਿਲਾ ਅਡੀਸ਼ਨ 1996 ਵਿਚ, ਦੂਜਾ 1997 ਵਿਚ, ਤੀਜਾ 1999 ਵਿਚਛਪਿਆ। ਇਸ ਕਾਵਿ-ਸੰਗ੍ਰਹਿ ਦੀ ਖਾਸੀਅਤ ਇਹ ਹੈ ਕਿ ਇਹ ਅੰਗਰੇਜ਼ੀ ਭਾਸ਼ਾ ਵਿਚ ਵੀ ਪਾਠਕਾਂ ਕੋਲ ਪਹੁੰਚ ਚੁੱਕਾ ਹੈ। ਇਸ ਕਾਵਿ-ਸੰਗ੍ਰਹਿ ਬਾਰੇ ਮਰਿਹੂਮ ਸਮਕਾਲੀ ਕਵੀ ਪ੍ਰਮਿੰਦਰਜੀਤ ਜੋ ਕਿ ਬੀਤੀ 23 ਮਾਰਚ 2015 ਦੀ ਸ਼ਾਮ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ, ਨੇ ਬਹੁਤ ਹੀ ਸੋਹਣੇ ਸ਼ਬਦਾਂ ਵਿਚ ਕਿਹਾ ਸੀ :

"ਇਹ ਨਜ਼ਮਾਂ ਬਾਹਰਲੇ ਸ਼ੋਰ ਵਿਚ ਨਹੀਂ ਅੰਦਰਲੇ ਸੁਰਮਈ ਹਨੇਰੇ ਵਿਚਵਿਚਰਦੀਆਂ ਹਨ। ਇਨ੍ਹਾਂ ਦਾ ਸ਼ਾਬਦਿਕ ਸੰਗੀਤ ਕੰਨਾਂ ਨੂੰ ਨਹੀਂ ਰੂਹ ਨੂੰ ਸੁਣਦਾ ਹੈ। ਇਹਨਾਂ ਨਜ਼ਮਾਂ ਵਿਚ ਸ਼ਬਦ ਦੇ ਬਾਹਰੀ ਰੂਪ ਨੂੰ ਨਹੀਂ, ਉਸ ਦੇ ਅੰਤਰੀਵੀ ਸੱਚ ਤੇ ਉਸ ਦੀ ਤਪਸ਼ ਨੂੰ ਅੰਗੀਕਾਰ ਕੀਤਾ ਹੈ।"[20]

ਸ਼ਬਦ ਸ਼ਹਿਰ ਤੇ ਰੇਤ ਕਾਵਿ-ਸੰਗ੍ਰਹਿ ਵਿਚ ਮਹੀਨ ਤੇ ਮਿੱਠੇ ਅਹਿਸਾਸ, ਪਿਆਰੇ-ਪਿਆਰੇ ਹਾਸੇ ਤੇ ਘੋਰ ਉਦਾਸੀਆਂ ਨੂੰ ਸ਼ਬਦਾਂ ਦਾ ਰੂਪ ਦੇ ਕੇ ਬਿਆਨ ਕੀਤਾ ਹੈ।

"ਉਡੀਕ

ਕੱਲ ਵੀ ਸੱਜਰੀ ਸੀ

ਉਡੀਕ

ਅੱਜ ਵੀ ਸੱਜਰੀ ਹੈ

ਉਡੀਕ

ਜਦ ਉਹ ਪਰਤੇਗਾ

ਉਦੋਂ ਵੀ ਸੱਜਰੀ ਹੋਵੇਗੀ..."[21]

ਕਵੀ ਬੁੱਟਰ ਦੇ ਸ਼ਬਦ ਉਸ ਦੀਆਂ ਕਵਿਤਾਵਾਂ ਵਿਚ ਜਾਨ ਪਾ ਦਿੰਦੇ ਹਨ। ਉਹ ਇਸ ਤਰੀਕੇ ਨਾਲ ਸਵਾਲਾਂ-ਜਵਾਬਾਂ ਦੇ ਸਿਲਸਿਲੇ ਨੂੰ ਨਿਭਾਉਂਦਾ ਹੈ ਕਿ ਬਸ ਪਾਠਕ ਨੂੰ ਉਹ ਸੱਚ-ਮੁੱਚ ਹੀ ਆਪਣੇ ਨਾਲ ਬਤੀਤ ਹੁੰਦਾ ਲੱਗਦਾ ਹੈ।

"? ਦੋ ਅੱਖ਼ਰ ਹੀ ਲਿਖ਼ ਦਿਆ ਕਰ

ਸਿਰਨਾਵੇਂ ਨਿਤ ਨਾ ਬਦਲਿਆ ਕਰ

? ਆਉਂਦਾ ਨਹੀਂ

ਤੂੰ ਆਪਣੇ ਕੋਲ ਹੋਵੇਂ

ਤਾਂ ਆਵਾਂ..."[22]

## 2.9.4 ਖੜਾਵਾਂ

ਦਰਸ਼ਨ ਬੁੱਟਰ ਦਾ ਚੌਥਾ ਕਾਵਿ-ਸੰਗ੍ਰਹਿ 'ਖੜਾਵਾਂ' 2001 ਵਿਚ ਪ੍ਰਕਾਸ਼ਿਤ ਹੋਇਆ। ਖੜਾਵਾਂ ਕਾਵਿ ਸੰਗ੍ਰਹਿ ਸਮਕਾਲੀ ਕਵਿਤਾ ਦੀ ਉਹ ਪੁਸਤਕ ਹੈ ਜਿਸ ਬਾਰੇ ਸਭ ਤੋਂ ਵਧੇਰੇ ਚਰਚਾ ਛਿੜੀ। ਖੜਾਵਾਂ ਨੇ ਤਾਂ ਬੁੱਟਰ ਨੂੰ ਪੰਜਾਬੀ ਦੇ ਨਾਮਵਰ ਕਵੀਆਂ ਦੀ ਕਤਾਰ ਵਿਚ ਖੜਾ ਕਰ ਦਿੱਤਾ। ਇਸ ਵਿਚ ਕਵੀ ਨਿੱਜਵਾਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਸਮਾਜਕ ਪਰਿਪੇਖ ਪੇਸ਼ ਕਰਨ ਵਿਚ ਸਫ਼ਲ ਹੋਇਆ। ਇਹ ਇਸ ਤਰ੍ਹਾਂ ਦੀ ਕਾਵਿ ਪੁਸਤਕ ਹੈ ਜਿਸ ਬਾਰੇ ਹਰੇਕ ਤਰ੍ਹਾਂ ਦੇ ਵਿਚਾਰਵਾਨ ਜਾਂ ਆਲੋਚਕਾਂ ਦੀ ਦਲੀਲ਼ ਸਾਹਮਣੇ ਆਈ ਹੈ। ਡਾ. ਹਰਿਭਜਨ ਸਿੰਘ ਨੇ ਦਰਸ਼ਨ ਬੁੱਟਰ ਨੂੰ ਨਿਵੇਕਲੇ ਹਸਤਾਖ਼ਰ ਵਾਲਾ ਕਵੀ ਮੰਨਿਆ ਹੈ ਕਿਉਂਕਿ ਇੰਨੇ ਡੂੰਘਾਈ ਵਾਲੇ ਖ਼ੇਤਰ ਵਿਚਸਵੀਕਾਰਿਆ ਜਾਣ ਵਾਲਾ ਪੰਜਾਬੀ ਦਾ ਇਹ ਨਿਵੇਕਲਾ ਕਾਵਿ-ਸੰਗ੍ਰਹਿ ਹੈ।

ਖੜਾਵਾਂ ਬਾਰੇ ਕਵੀ ਅਜਾਇਬ ਕਮਲ ਪੁਸਤਕ 'ਆਲੋਚਕ ਆਖਦੇ ਨੇ' ਵਿਚ ਕਹਿੰਦਾ ਹੈ:

"ਖੜਾਵਾਂ ਆਪਣੇ ਨਾਲ ਨਵੀਂ ਚੇਤਨਾ ਲੈ ਕੇ ਆਈਆਂ ਹਨ। ਨਵੇਂ ਰਾਹ ਸਿਰਜਦੀਆਂ ਹਨ। ਇਸ ਕਵਿਤਾ ਵਿਚ ਨਜ਼ਾਕਤ, ਨਫ਼ਾਸਤ ਵਿਦਮਾਨ ਹੈ। ਸੁਹਜ ਅਤੇ ਸਹਿਜ ਦਾ ਸੁਮੇਲ ਹੈ। ਬੁੱਟਰ ਸ਼ਬਦਾਂ ਦੀ ਫ਼ਜ਼ੂਲ ਖ਼ਰਚੀ ਤੋਂ ਬਚਦਾ ਹੈ, ਇਸੇ ਲਈ ਉਸ ਦੀ ਸ਼ਾਇਰੀ ਕਸ਼ੀਦ ਕੀਤੀ ਹੋਈ ਸ਼ਾਇਰੀ ਹੈ। ਬੁੱਟਰ ਕਵਿਤਾ ਹੀ ਨਹੀਂ ਲਿਖਦਾ...... ਕਵਿਤਾ ਵੀ ਉਸ ਨੂੰ ਲਿਖਦੀ ਹੈ......"[23]

ਦਰਸ਼ਨ ਬੁੱਟਰ ਦੀਆਂ ਖੜਾਵਾਂ ਵਿਚ ਨਵੀਆਂ ਰਾਹਵਾਂ, ਨਵੇਂ ਹਾਲਾਤ ਤੇ ਨਵਾਂ ਮੂੰਹ-ਮੱਥਾ ਉੱਕਰ ਕੇ ਸਾਹਮਣੇ ਆਉਂਦਾ ਹੈ। ਡਾ. ਜਗਤਾਰ ਦਰਸ਼ਨ ਬੁੱਟਰ ਦੀਆਂ ਖੜਾਵਾਂ ਬਾਰੇ ਲਿਖਦਾ ਹੈ।

"ਦਰਸ਼ਨ ਬੁੱਟਰ ਦੀ ਕਵਿਤਾ ਪੁਰਾਣੀਆਂ ਲੀਹਾਂ ਦੀ ਧਾਰਨੀ ਨਹੀਂ ਸਗੋਂ ਨਵੇਂ ਰਾਹ ਅਤੇ ਨਵਾਂ ਮੁਹਾਂਦਰਾ ਸਿਰਜਦੀ ਹੈ।"[24]

'ਖੜਾਵਾਂ' ਵਿਚ ਬੁੱਟਰ ਨੇ ਸਮਕਾਲੀਨ ਸਥਿਤੀਆਂ ਦੇ ਦੁਖਾਂਤ ਸੰਬੰਧੀ ਪਰੰਪਰਾ ਤੇ ਉਦਰੇਵੇਂਪਨ ਦੀ ਗੱਲ ਕੀਤੀ ਹੈ। ਉਹ ਪੰਜਾਬੀ ਦੀ ਗੌਰਵਮਈ ਸਭਿਆਚਾਰਕ ਪਰੰਪਰਾ ਦਾ ਗੁਣਗਾਣ ਨਹੀਂ ਕਰਦਾ। ਬੁੱਟਰ ਉਸ ਦਰਦਨਾਕ ਸੰਤਾਪ ਤੋਂ ਅਛੋਹ ਨਹੀਂ ਹੈ ਜੋ ਪੰਜਾਬ ਦੇ ਲੋਕਾਂ ਨੇ ਆਪਣੇ ਤਨ ਤੇ ਹੰਢਾਇਆ ਹੈ।

"ਪਰਿੰਦੇ ਨਹੀਂ ਪਰਤਣਗੇ

ਬੁਲਬੁਲ

ਗੀਤ ਨਹੀਂ ਗਾਏਗੀ

ਦਾਦੀ

ਹੁਣ ਚਿੜੀ ਦੀ ਬਾਤ ਨਹੀਂ ਸੁਣਾਏਗੀ..."[25]

ਅਜਿਹੇ ਹਾਲਾਤਾਂ ਵਿਚ ਮਨ ਵਿਚਲੇ ਅਹਿਸਾਸ ਮਰ ਚੱਕੇ ਹਨ ਪਰ ਉਨਾਂ ਅਹਿਸਾਸਾਂ ਵਿਚਲੀ ਕਿਸੇ ਦੀ ਧੁੰਧਲੀ ਜਿਹੀ ਤਸਵੀਰ ਅਜੇ ਬਾਕੀ ਹੈ। ਜਿਸ ਨੂੰ ਚੇਤੇ ਕਰ ਕੇ ਫ਼ਿਰ ਤੋਂ ਉਸ ਨਾਲ ਸਾਂਝ ਪਾਉਣ ਦੀ ਤਾਂਘ ਬਿਹਬਲ ਹੋ ਉੱਠਦੀ ਹੈ।

"ਹੁਣ ਅਸੀਂ

ਲਿਫਾਫ਼ਿਆਂ ਨੂੰ ਗੂੰਦ ਨਹੀਂ ਲਾਉਂਦੇ

ਅੰਦਰ ਕੋਈ

ਅਹਿਸਾਸ ਹੋਵੇ ਤਾਂ ਬੰਦ ਕਰੀਏ"[26]

## 2.9.5 ਦਰਦ ਮਜੀਠੀ

'ਦਰਦ ਮਜੀਠੀ' ਦਰਸ਼ਨ ਬੁੱਟਰ ਦਾ 2006 ਵਿਚ ਪ੍ਰਕਾਸ਼ਿਤ ਹੋਇਆ ਪੰਜਵਾਂ ਕਾਵਿ-ਸੰਗ੍ਰਹਿ ਹੈ। ਇਸ ਕਾਵਿ-ਸੰਗ੍ਰਹਿ ਵਿਚ ਕਵੀ ਨੇ ਕੁੱਝ ਨਵਾਂ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਤੇ ਵੱਖ਼ਰਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਕਵੀ ਨੇ ਪ੍ਰਸ਼ਨ-ਉੱਤਰ ਵਿਧੀ ਨੂੰ ਅਪਣਾਇਆ ਹੈ। ਅਜੋਕਾ ਮਨੁੱਖ ਸਵਾਲਾਂ ਦੀਆਂ ਕਣੀਆਂ ਵਿਚ ਹਰ ਦਮ ਭਿੱਜਿਆ ਰਹਿੰਦਾ ਹੈ ਤੇ ਜਵਾਬਾਂ ਦੀ ਛੱਤਰੀ ਹੇਠ ਉਨ੍ਹਾਂ ਸਵਾਲਾਂ ਰੂਪੀ ਕਣੀਆਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਹੈ। ਉਦਾਹਰਨ ਵਜੋਂ:

"ਜ਼ਰੂਰੀ ਨਹੀਂ

ਸੁਨਹਿਰੀ ਫਰੇਮਾਂ ਵਾਲੇ

ਸ਼ੀਸ਼ਿਆਂ ਵਿਚਲੇ

ਅਕਸ ਵੀ ਸੁਨਹਿਰੀ ਹੋਣ...

ਇਹ ਵੀ ਜ਼ਰੂਰੀ ਨਹੀਂ

ਤਿੜਕੇ ਸ਼ੀਸ਼ੇ 'ਚੋਂ

ਸਾਬਤ ਚਿਹਰਾ

ਨਜ਼ਰ ਨਾ ਆਵੇ..."[27]

ਦਰਦ ਮਜੀਠੀ ਕਾਵਿ-ਸੰਗ੍ਰਹਿ ਵਿਚ ਕਵੀ ਨੇ ਇਨਸਾਨ ਦੀਆਂ ਹਰ ਪੱਖੋਂ ਉਠਦੀਆਂ ਤੇਹਾਂ ਨੂੰ ਬੁਝਾਉਣ ਦੀ ਹਰ ਪੱਖੋਂ ਕੋਸ਼ਿਸ਼ ਕੀਤੀ ਹੈ। ਜਿਸ ਦੌਰਾਨ ਇਸ ਤਰ੍ਹਾਂ ਲੱਗਦਾ ਹੈ ਕਿ ਨਜ਼ਮਾਂ ਨੇ ਕਵੀ ਨੂੰ ਬਹੁਤ ਗ਼ਮਗੀਨ ਕੀਤਾ ਹੈ।

"ਮਖ਼ਮਲੀ ਲਿਬਾਸ ਪਹਿਨ

ਸੰਘਣੀਆਂ ਝਾੜੀਆਂ ਚੋਂ

ਲੰਘ ਨਈਂ ਹੁੰਦਾ......ਪੱਲਾ ਬਚਾਅ ਕੇ

ਕਦੇ ਨਾ ਕਦੇ

ਕਿਤੇ ਨਾ ਕਿਤੇ

ਲੱਗ ਹੀ ਜਾਂਦੀ ਟੋਕ ਚੋਲੇ ਨੂੰ"[28]

## 2.9.6 ਮਹਾਂਕੰਬਣੀ

'ਮਹਾਂਕੰਬਣੀ' ਦਰਸ਼ਨ ਬੁੱਟਰ ਦਾ ਛੇਵਾਂ ਕਾਵਿ-ਸੰਗ੍ਰਹਿ ਹੈ ਜੋ ਕਿ 2009 ਵਿਚ ਪ੍ਰਕਾਸ਼ਿਤ ਹੋਇਆ। ਇਸ ਵਿਚ 44 ਕਾਂਡ ਅਤੇ ਇਸ ਕਾਵਿ-ਸੰਗ੍ਰਹਿ ਵਿਚ 94 ਕਵਿਤਾਵਾਂ ਹਨ। ਇਸ ਕਾਵਿ-ਸੰਗ੍ਰਹਿ ਦੁਆਰਾ ਕਵੀ ਨੇ ਜਿਗਿਆਸਾ ਤੇ ਗੁਰੂਦੇਵ ਰੂਪੀ ਦੋ ਪਾਤਰਾਂ ਵਿਚਾਲੇ ਸਵਾਲ-ਜਵਾਬ ਕਰਵਾ ਕੇ ਛਿੜਦੀ ਕੰਬਣੀ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਵਿ-ਸੰਗ੍ਰਹਿ ਰਾਹੀਂ ਕਵੀ ਬੁੱਟਰ ਬੌਧਿਕ ਸ਼ੈਲੀ ਰਾਹੀਂ ਦਾਰਸ਼ਨਿਕ ਤੇ ਰਹੱਸਮਈ ਅੰਦਰਲੀਆਂ ਭਾਵਨਾਵਾਂ ਨੂੰ ਅਧਿਆਤਮਕ ਸਰੂਪ ਪ੍ਰਦਾਨ ਕਰਦੇ ਹਨ। ਪਾਤਰ ਜਿਗਿਆਸਾ ਗੁਰੂਦੇਵ ਕੋਲੋਂ ਜਿੰਨੀ ਉਤਸੁਕਤਾ ਤੇ ਖ਼ੂਬਸੂਰਤੀ ਨਾਲ ਪ੍ਰਸ਼ਨ ਪੁੱਛਦਾ ਹੈ, ਗੁਰੂਦੇਵ ਉਨੇ ਹੀ ਸੋਹਣੇ ਢੰਗ ਨਾਲ ਜਵਾਬ ਦੇ ਕੇ ਉਸ ਦੀ ਉਤਸੁਕਤਾ ਦੂਰ ਕਰਦੇ ਹਨ।

"ਕਿਵੇਂ ਰੱਖੀਦੇ ਜਗਦੇ ਚਿਰਾਗ

ਰੂਹ ਦੀ ਦੇਹਲੀ 'ਤੇ

ਕਿਵੇਂ ਵੇਖੀਦਾ ਬੰਦ ਨੇਤਰਾਂ ਨਾਲ

ਝਿਲਮਿਲਾਉਂਦਾ ਆਕਾਸ਼

ਜ਼ਰੂਰੀ ਨਹੀਂ

ਕਿ ਚਰਖ਼ੇ ਦੀ ਘੂਕ ਸੁਣ ਕੇ

ਜੋਗੀ ਪਹਾੜੋਂ ਉਤਰ ਆਉਣ

ਜ਼ਰੂਰੀ ਨਹੀਂ

ਹਰ ਦਸਤਕ ਨਾਲ ਬੂਹੇ ਖੁੱਲ੍ਹ ਜਾਣ''[29]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਦੀਆਂ ਰਗਾਂ ਵਿਚ ਹੀ ਕਵਿਤਾ ਦੇ ਅੰਸ਼ ਹਨ ਕਿਉਂ ਕਿ ਉਹ ਮਾਹੌਲ ਉਸ ਨੂੰ ਵਿਰਾਸਤ ਵਿਚ ਮਿਲਿਆ ਜਿਸ ਸਦਕਾ ਬੁੱਟਰ ਗੁਣਾਤਮਕ ਪੱਖੋਂ ਵਧੀਆ ਸ਼ਾਇਰੀ ਪਾਠਕਾਂ ਨੂੰ ਦੇਣ ਦੇ ਯੋਗ ਬਣੇ।ਉਹਨਾਂ ਦੀਆਂ ਪਹਿਲੀਆਂ ਤਿੰਨ ਕਾਵਿ ਪੁਸਤਕਾਂ ਵਿਚ ਨਿੱਜ ਦੀ ਝਲਕ ਮਿਲਦੀ ਹੈ ਤੇ ਮਗਰਲੀਆਂ ਤਿੰਨ ਕਾਵਿ ਪੁਸਤਕਾਂ ਵਿਚ ਉਸ ਨੇ ਨਿੱਜ ਤੋਂ ਉੱਪਰ ਉੱਠ ਕੇ ਪਰ ਦੀ ਵੀ ਗੱਲ ਕੀਤੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਦਲੀਪ ਕੌਰ ਟਿਵਾਣਾ, ਆਲੋਚਕ ਆਖਦੇ ਨੇ, ਪੰਨਾ-22
2. ਸੁਰਜੀਤ ਪਾਤਰ, ਖੜਾਵਾਂ (ਸਰਵਰਕ)
3. ਦਰਸ਼ਨ ਬੁੱਟਰ, ਸਲ੍ਹਾਬੀ ਹਵਾ, ਪੰਨਾ-37
4. ਉਹੀ, ਪੰਨਾ-38
5. ਉਹੀ, ਪੰਨਾ-22
6. ਸ਼ਬਦ ਸ਼ਹਿਰ ਤੇ ਰੇਤ, ਪੰਨਾ-35
7. ਖੜਾਵਾਂ, ਪੰਨਾ-38
8. ਦਰਦ ਮਜੀਠੀ, ਪੰਨਾ-10
9. ਉਹੀ, ਮੁੱਖ ਬੰਦ
10. ਦਰਸ਼ਨ ਬੁੱਟਰ ਦੀ ਜ਼ੁਬਾਨੀ, ਪ੍ਰੋ. ਮੋਹਨ ਸਿੰਘ ਮੇਲੇ ਦੌਰਾਨ, ਪੰਜਾਬੀ ਭਵਨ ਲੁਧਿਆਣਾ।
11. ਖੜਾਵਾਂ, ਪੰਨਾ-63
12. ਸ਼ਬਦ ਸ਼ਹਿਰ ਤੇ ਰੇਤ, ਪੰਨਾ-58
13. ਦਰਦ ਮਜੀਠੀ, ਪੰਨਾ-41
14. ਦਰਸ਼ਨ ਬੁੱਟਰ ਦੀ ਜ਼ੁਬਾਨੀ, ਨਿੱਜੀ ਮੁਲਾਕਾਤ ਦੌਰਾਨ
15. ਦਰਦ ਮਜੀਠੀ, ਪੰਨਾ-16
16. ਖੜਾਵਾਂ, ਪੰਨਾ-55, 94
17. ਖੜਾਵਾਂ, ਪੰਨਾ 27
18. ਔੜ ਦੇ ਬੱਦਲ, ਪੰਨਾ-17
19. ਸਲਾਬੀ ਹਵਾ, ਪੰਨਾ-24
20. ਕਵੀ ਪ੍ਰਮਿੰਦਰਜੀਤ, ਸ਼ਬਦ ਸ਼ਹਿਰ ਤੇ ਰੇਤ, ਪੰਨਾ-10
21. ਉਹੀ, ਪੰਨਾ-23
22. ਉਹੀ, ਪੰਨਾ-34
23. ਅਜਾਇਬ ਕਮਲ, ਆਲੋਚਕ ਆਖਦੇ ਨੇ, ਪੰਨਾ-118
24. ਡਾ. ਜਗਤਾਰ, ਉਹੀ, ਪੰਨਾ-227
25. ਦਰਸ਼ਨ ਬੁੱਟਰ, ਖੜਾਵਾਂ, ਪੰਨਾ-80
26. ਉਹੀ, ਪੰਨਾ-18

27. ਦਰਦ ਮਜੀਠੀ, ਪੰਨਾ-20
28. ਉਹੀ, ਪੰਨਾ-57
29. ਮਹਾਂਕੰਬਣੀ, ਪੰਨਾ 50-51

# ਅਧਿਆਇ ਤੀਜਾ

# ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਦੇ ਇਤਿਹਾਸਕ, ਸਮਾਜਕ, ਮਾਨਵੀ, ਨਾਰੀਵਾਦੀ, ਪ੍ਰਕਿਰਤੀਵਾਦੀ, ਵਿਸ਼ਵੀ ਸਰੋਕਾਰ

**3.1 ਸਰੋਕਾਰ ਸ਼ਬਦ**

**3.2 ਸ਼ਖ਼ਸੀਅਤ ਤੇ ਸ਼ਾਇਰੀ ਦਾ ਸਬੰਧ**

**3.3 ਕਾਵਿ ਸਰੋਕਾਰ**

**3.4 ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ**

3.4.1 ਇਤਿਹਾਸਕ ਸਰੋਕਾਰ

3.4.2 ਸਮਾਜਕ ਸਰੋਕਾਰ

3.4.3 ਮਾਨਵਵਾਦੀ ਸਰੋਕਾਰ

3.4.4 ਨਾਰੀਵਾਦੀ ਸਰੋਕਾਰ

3.4.5 ਪ੍ਰਕਿਰਤੀਵਾਦੀ ਸਰੋਕਾਰ

3.4.6 ਵਿਸ਼ਵੀਕਰਨ ਸਰੋਕਾਰ

# ਅਧਿਆਇ ਤੀਜਾ

# ਦਰਦ ਮਜੀਠੀ, ਖੜਾਵਾਂ ਅਤੇ ਮਹਾਂਕੰਬਣੀ ਦੇ ਇਤਿਹਾਸਕ, ਸਮਾਜਕ, ਮਾਨਵੀ, ਨਾਰੀਵਾਦੀ, ਪ੍ਰਕਿਰਤੀਵਾਦੀ, ਵਿਸ਼ਵੀ ਸਰੋਕਾਰ

ਸਾਹਿਤਕਾਰ ਆਪਣੀ ਕਲਾ, ਅਨੁਭਵ ਅਤੇ ਸ਼ੰਵੇਦਨਸ਼ੀਲਤਾ ਦੇ ਸਹਾਰੇ ਸਾਹਿਤ ਸਿਰਜਣਾ ਕਰਦਾ ਹੈ। ਆਧੁਨਿਕ ਪੰਜਾਬੀ ਕਵੀਆਂ ਨੇ ਸਾਹਿਤ ਦੇ ਵਿਭਿੰਨ ਸਰੋਕਾਰ ਆਪਣੀ ਕਾਵਿ ਸਿਰਜਨਾ ਵਿਚ ਉਸਾਰੇ ਹਨ। ਇਸ ਸਿਰਜਣਾ ਲਈ ਉਨ੍ਹਾਂ ਨੇ ਕਈ ਪ੍ਰਕਾਰ ਦੇ ਮਾਧਿਅਮ ਚੁਣੇ ਅਤੇ ਉਨ੍ਹਾਂ ਮਾਧਿਅਮਾਂ ਵਿਚੋਂ ਸਾਹਿਤ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਬਹੁਤ ਪੁਖਤਗੀ ਨਾਲ ਸੁਹਜ ਸਿਰਜਣਾ ਕੀਤੀ ਜਾਂਦੀ ਰਹੀ ਹੈ। ਸਾਹਿਤ ਦੀ ਸਿਰਜਣਾ ਕਰਦਿਆਂ ਲੇਖਕ ਜਿੱਥੇ ਸਵੈ ਦੀ ਸਿਰਜਣਾ ਅਤੇ ਪੁਨਰ ਸਿਰਜਣਾ ਕਰਦਾ ਹੈ, ਉੱਥੇ ਨਾਲ ਹੀ ਉਹ ਆਪਣੇ ਜੀਵਨ ਅਨੁਭਵਾਂ ਨੂੰ ਵੀ ਅੰਕਿਤ ਕਰਦਾ ਰਹਿੰਦਾ ਹੈ।

ਸਾਹਿਤ ਦਾ ਸਰੋਕਾਰ ਮਨੁੱਖ ਨਾਲ ਹੈ, ਮਨੁੱਖ ਦੀਆਂ ਭਾਵਨਾਵਾਂ, ਸੁੱਖ-ਦੁੱਖ, ਮਨ ਦੀਆਂ ਉਮੰਗਾਂ-ਤਰੰਗਾਂ ਨਾਲ ਹੈ। ਸਾਹਿਤ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕਤਾ ਦੀ ਪੱਧਰ ਨੂੰ ਦਰਸਾਉਣ ਵਾਲਾ ਪੈਮਾਨਾ ਹੈ ਇਉਂ-ਜਿਉਂ ਸਾਹਿਤ ਦਾ ਰਿਸ਼ਤਾ, ਬੁੱਧੀ, ਵਿਵੇਕ ਤੇ ਚਿੰਤਨ ਨਾਲ ਹੈ। ਇਸ ਲਈ ਅਸੀਂ ਸਾਹਿਤ ਰਾਹੀਂ ਗਿਆਨ ਦੇ ਹਰ ਖੇਤਰ ਵਿਚ ਪ੍ਰਵੇਸ਼ ਕਰਦੇ ਹਾਂ। ਸਾਹਿਤ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕਤਾ ਤੋਂ ਪ੍ਰਭਾਵਿਤ ਰਹਿੰਦਾ ਹੈ ਇਸ ਲਈ ਮਨੁੱਖ ਦੀ ਮਾਨਸਿਕਤਾ ਅਤੇ ਬੌਧਿਕ ਸ਼ਕਤੀ ਨੂੰ ਪ੍ਰਭਾਵਿਤ ਕਰਨ ਵਾਲੀ ਹਰ ਇਕ ਗੱਲ ਦਾ ਅਸਰ ਅਸੀਂ ਸਾਹਿਤ ਵਿਚ ਦੇਖ ਸਕਦੇ ਹਾਂ। ਸਾਹਿਤ ਵਿਚ ਸੁਹਜ ਸਿਰਜਣਾ ਦੀ ਰੁਚੀ ਨੂੰ ਪ੍ਰਚੰਡ ਕਰਨ ਲਈ ਆਪਣੇ ਜੀਵਨ ਅਨੁਭਵ ਨੂੰ ਆਧਾਰ ਬਣਾ ਕੇ ਮਨੁੱਖ ਨੇ ਕਾਵਿ-ਸਿਰਜਣਾ ਦੇ ਖੇਤਰ ਵਿਚ ਪੈਰ ਪਾਇਆ ਹੈ। ਕਵਿਤਾ ਦਿਲ ਦੀ ਬੋਲੀ ਹੋਣ ਕਾਰਨ ਜਿੱਥੇ ਪਲੇਠਾ ਸਾਹਿਤ ਰੂਪ ਹੋਣ ਦਾ ਮਾਣ ਰੱਖਦੀ ਹੈ ਉੱਥੇ ਨਾਲ ਹੀ ਇਹ ਮਨੁੱਖੀ ਹਾਵਾਂ-ਭਾਵਾਂ, ਆਸ਼ਾਵਾਂ-ਉਮੰਗਾਂ ਨੂੰ ਵੀ ਸ਼ਬਦਾਂ ਰਾਹੀਂ ਸਮੂਰਤ ਰੂਪ ਪ੍ਰਦਾਨ ਕਰਦੀ ਹੈ।

"ਕਵਿਤਾ ਮਨੋਭਾਵਾਂ ਦੀ ਅਭਿਵਿਅਕਤੀ ਹੈ ਜਿਨ੍ਹਾਂ ਵਿਚੋਂ ਮਨੁੱਖ ਸਕੂਨ ਤਲਾਸ਼ ਕਰਨ ਵਿਚ ਰੁਚਿਤ ਹੁੰਦਾ ਹੈ। ਕਵਿਤਾ ਮਨੁੱਖ ਦੇ ਸੰਕਟਾਂ ਦਾ ਕਥਾਰਸਿਸ ਹੀ ਨਹੀਂ ਸਗੋਂ ਉਹ ਸ਼ਕਤੀ ਹੈ ਜੋ ਸਾਨੂੰ ਅਦ੍ਰਿਸ਼ਟ ਸੰਕਟਾਂ ਨੂੰ ਸਮਝਣ ਦਾ ਅਭਿਆਸ ਕਰਾਉਂਦੀ ਹੈ ਅਤੇ ਸੰਕਟ ਵਿਚ ਹੌਂਸਲਾ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਵਰਤਮਾਨ ਵੱਲ ਲੜਣ ਲਈ ਪ੍ਰੇਰਿਤ ਕਰਦੀ ਹੈ। ਸ਼ਕਤੀਸ਼ਾਲੀ ਕਵਿਤਾ ਦਾ ਇਹੋ ਗੁਣ ਹੁੰਦਾ ਹੈ ਕਿ ਉਹ ਵਰਤਮਾਨ ਵਿਚ ਹੀ ਨਹੀਂ ਸਗੋਂ ਦੂਰ-ਦੁਰੇਡੇ ਭਵਿੱਖ ਤੱਕ ਮਨੁੱਖ ਨਾਲ ਨਿਭਦੀ ਹੋਈ ਬਿਨਾਂ ਮੁਸ਼ਕਿਲਾਂ ਨੂੰ ਸਮਝਣ ਦਾ ਯਤਨ ਕਰਦੀ ਹੈ ਅਤੇ ਉਨ੍ਹਾਂ ਪਰਤਾਂ ਨੂੰ ਉਘਾੜਦੀ ਹੈ ਜਿਸ ਬਾਰੇ ਆਮ ਮਨੁੱਖ ਕੋਲ ਸੂਖਮ ਅਤੇ ਚੇਤਨ ਦਿੱਖ ਨਹੀਂ ਹੁੰਦੀ ਜਿਸ ਨੂੰ ਕਵਿਤਾ ਨੇ ਵੇਖਿਆ ਨਹੀਂ ਸਗੋਂ ਪਹਿਚਾਣ

ਵੀ ਲਿਆ ਹੁੰਦਾ ਹੈ। ਕਵਿਤਾ ਮਨੁੱਖ ਦਾ ਤੀਜਾ ਨੇਤਰ ਹੈ ਜੋ ਸੂਖਮ ਅਤੇ ਸਹਿਜ ਸਮਝੇ ਜਾਣ ਵਾਲੇ ਵਰਤਾਰਿਆਂ ਪਿੱਛੇ ਲੁਕੇ ਡੂੰਘੇ ਸੰਕਟਾਂ ਨੂੰ ਆਸਾਨੀ ਨਾਲ ਸਮਝ ਲੈਂਦਾ ਹੈ। ਇਸ ਲਈ ਰੂਪ ਪੱਖੋਂ ਵੀ ਉਹ ਪਰੰਪਰਾ ਨਾਲ ਬੱਝਦੀ ਨਹੀਂ ਸਗੋਂ ਸਮੇਂ ਅਨੁਸਾਰ ਰੂਪ ਵਿਚ ਵੀ ਪਰਿਵਰਤਨ ਕਰਦੀ ਰਹਿੰਦੀ ਹੈ।"[1]

ਕਵਿਤਾ ਦੇ ਰੂਪ ਰਾਹੀਂ ਨਾ ਸਿਰਫ਼ ਭਾਵਨਾਵਾਂ ਤੇ ਵਿਚਾਰਾਂ ਨੂੰ ਹੀ ਪ੍ਰਗਟਾਇਆ ਜਾ ਸਕਦਾ ਹੈ ਬਲਕਿ ਇਸ ਰਾਹੀਂ ਸਮੁੱਚਾ ਮਨੁੱਖੀ ਵਿਅਕਤਿਤਵ ਸਾਡੇ ਸਨਮੁੱਖ ਹੁੰਦਾ ਹੈ। ਇਸ ਕਰ ਕੇ ਕਵੀ ਦਾ ਜਨ ਸਾਧਾਰਨ ਨਾਲੋਂ ਵਧੇਰੇ ਬੌਧਿਕ ਅਤੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਮੰਨਿਆਂ ਜਾਂਦਾ ਹੈ ਕਿਉਂ ਕਿ ਕਿਸੇ ਵੀ ਕਾਵਿ ਕਿਰਤ ਵਿਚੋਂ ਕਵੀ ਦੀ ਸੰਵੇਦਾਤਮਕ ਸੂਝ ਝਲਕਦੀ ਹੈ ਅਤੇ ਜੀਵਨ ਅਨੁਭਵ ਦੀ ਸਹਾਇਤਾ ਨਾਲ ਅਹਿਸਾਸ ਦੀ ਪੱਧਰ ਉੱਤੇ ਪ੍ਰਗਟਾਏ ਗਏ ਭਾਵ ਸਮਰੱਥਾ ਦੇ ਧਾਰਨੀ ਹੋ ਨਿਬੜਦੇ ਹਨ। ਮਨੁੱਖੀ ਭਾਵਨਾਵਾਂ ਸਮਾਜਕ ਚੌਖਟੇ ਨੂੰ ਤਬਦੀਲ ਕਰਨ ਦੇ ਟੀਚੇ ਅਨੁਸਾਰ ਹੀ ਵਿਅਕਤ ਹੁੰਦੀਆਂ ਹਨ। ਦਰਅਸਲ ਵਿਚ ਇਹ ਟੀਚਾ ਹੀ ਸਰੋਕਾਰ ਦੇ ਅਰਥਾਂ ਤੱਕ ਪੁੱਜਦਾ ਪ੍ਰਤੀਤ ਹੁੰਦਾ ਹੈ। ਕਵਿਤਾ ਦਾ ਉਦੇਸ਼ ਜਦੋਂ ਸਮਾਜਕ ਵਿਸ਼ਿਆਂ ਨਾਲ ਸਬੰਧਤ ਹੁੰਦਾ ਹੈ ਤਾਂ ਕਾਵਿ ਦੇ ਸਰੋਕਾਰ ਹੋ ਨਿਬੜਦੇ ਹਨ। ਸਰੋਕਾਰ ਜਾ ਕੇਂਦਰੀ ਸੂਤਰ, ਥੀਮਕ ਪੈਟਰਨ, ਵਿਸ਼ਾ ਵਸਤੂ ਸਭ ਇਕੋ ਹੀ ਅਰਥਾਂ ਦੇ ਧਾਰਨੀ ਹਨ ਭਾਵੇਂ ਸਥਿਤੀਆਂ ਦੇ ਮੁਤਾਬਕ ਇਨ੍ਹਾਂ ਦੀ ਵਰਤੋਂ ਵੱਖਰੇ-ਵੱਖਰੇ ਨਾਵਾਂ ਨਾਲ ਕੀਤੀ ਜਾਂਦੀ ਹੈ ਪਰ ਭਾਵ ਇਕੋ ਹੀ ਸਪੱਸ਼ਟ ਹੁੰਦਾ ਹੈ।

ਡਾ. ਜਸਪਾਲ ਕੌਰ ਲਿਖ਼ਦੀ ਹੈ, "ਪੰਜਾਬੀ ਕਾਵਿ ਦੁਨੀਆ ਵਿਚ ਮਾਨਵੀ ਸਰੋਕਾਰਾਂ ਦੀ ਗੱਲ ਕਰਦਿਆਂ ਪਰੰਪਰਾ ਤੋਂ ਆਧੁਨਿਕ ਸਮੇਂ ਦੇ ਤਨਾਉ ਗ੍ਰਸਤ ਮਾਹੌਲ ਰਿਸ਼ਤਿਆਂ/ਗਰਾਂ ਦੀ ਤਿੜਕੀ ਹੋਂਦ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਕਵੀ ਆਪਣੀ ਇਸ ਰਚਨਾ ਰਾਹੀਂ ਨਵੀਨ ਮੁਹਾਂਦਰੇ ਵਾਲੇ ਕਾਵਿ ਨੂੰ ਸਿਰਜਦਾ ਹੈ ਜਿਹੜਾ ਰੁਦਨ/ਭਾਵੁਕਤਾ ਵਾਲਾ ਨਹੀਂ ਸਗੋਂ ਗਹਿਰ ਗੰਭੀਰ ਅਧਿਐਨ ਗਿਆਨ 'ਚੋਂ ਆਪਣੀ ਹੋਂਦ ਧਾਰਦਾ ਹੈ। ਆਪਣੇ ਸੂਖ਼ਮ ਅਹਿਸਾਸਾਂ ਰਾਹੀਂ ਦਰਸ਼ਨ ਬੁੱਟਰ ਸ਼ਾਇਰੀ ਦੀਆਂ ਬਹੁਪਰਤੀ ਸੰਭਾਵਨਾਵਾਂ ਨੂੰ ਛੂੰਹਦਾ ਹੈ।"[2]

## 3.1 ਸਰੋਕਾਰ ਸ਼ਬਦ

ਸਾਡੀ ਖੋਜ ਦਾ ਮੁੱਖ ਮੰਤਵ ਸਰੋਕਾਰ ਹੀ ਹੈ ਇਸ ਲਈ ਅਸੀਂ ਸਰੋਕਾਰ ਸ਼ਬਦ ਬਾਰੇ ਚਰਚਾ ਕਰਾਂਗੇ। ਸਰੋਕਾਰ ਦੇ ਸਿਧਾਂਤ ਨੂੰ ਸਮਝਣ ਤੋਂ ਬਾਅਦ ਹੀ ਬੁੱਟਰ ਦੀਆਂ ਰਚਨਾਵਾਂ ਵਿਚਲੇ ਸਰੋਕਾਰਾਂ ਨੂੰ ਪ੍ਰਸਤੁਤ ਕਰਾਂਗੇ। ਕਾਵਿ ਰਚਨਾਵਿਚ ਪੇਸ਼ ਵਿਸ਼ੇ ਦੇ ਪਿਛੋਕੜ ਵਿਚ ਕਈ ਅਰਥ ਅਤੇ ਉਨ੍ਹਾਂ ਦੀਆਂ ਬਹੁਤ ਸਾਰੀਆਂ ਪਰਤਾਂ ਛੁਪੀਆਂ ਹੁੰਦੀਆਂ ਹਨ।

ਇਨ੍ਹਾਂ ਸਰੋਕਾਰਾਂ ਨੂੰ ਉਘਾੜਣਾ ਹੀ ਕਾਵਿ ਦਾ ਅਸਲੀ ਮੰਤਵ ਹੈ। ਸ਼ਬਦ ਕੋਸ਼ਾਂ ਅਨੁਸਾਰ "ਸਰੋਕਾਰ' ਸ਼ਬਦ ਦੇ ਮੁੱਢਲੇ ਅਰਥ 'ਰਿਲੇਸ਼ਨ','ਕੁਨੈਕਸ਼ਨ','ਕੰਨਸਰਨ' ਆਦਿ ਦਰਸਾਏ ਜਾਂਦੇ ਹਨ। ਬ੍ਰਹਤ ਅੰਗਰੇਜ਼ੀ ਹਿੰਦੀ ਕੋਸ਼ ਵਿਚ

'ਕੰਨਸਰਨ' ਸ਼ਬਦ ਦੇ ਸ਼ਬਦੀ ਅਰਥ ਦੇਖੀਏ ਤਾਂ 'ਸੰਤੁਸ਼ਟ ਹੋਣਾ', 'ਉਦੇਸ਼ ਰੱਖਣਾ', 'ਸਰੋਕਾਰ ਰੱਖਣਾ', 'ਲਗਾਵ ਰੱਖਣਾ', 'ਦਿਲਚਸਪੀ ਲੈਣਾ।"[3]

ਸ਼ਬਦ ਕੋਸ਼ ਅਨੁਸਾਰ 'ਸਰੋਕਾਰ' ਸ਼ਬਦ ਨੂੰ ਸਬੰਧ, ਉਦੇਸ਼, ਦਿਲਚਸਪੀ ਦੇ ਅਰਥਾਂ ਵਜੋਂ ਪ੍ਰਗਟਾਇਆ ਜਾਂਦਾ ਹੈ। ਸਥਿਤੀ ਦੀ ਮੰਗ ਅਨੁਸਾਰ 'ਸਰੋਕਾਰ' ਸ਼ਬਦ ਨੂੰ ਵਿਭਿੰਨ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਜੇਕਰ ਰਿਲੇਸ਼ਨ ਲਫ਼ਜ਼ ਨੂੰ ਸਰੋਕਾਰ ਨਾਲ ਜੋੜ ਕੇ ਦੇਖੀਏ ਤਾਂ ਇਸ ਦੇ ਅਰਥ ਵਜੋਂ ਸਬੰਧ... ਸੰਪਰਕ... ਸਮਾਨਤਾ... ਤੁਲਨਾ... ਸਮਭਾਵ ਦੇ ਸੰਬੰਧ ਵਿਚ ਰੱਖਿਆ ਜਾਂਦਾ ਹੈ।

"A relation in which a person, thing or idea is linked or associated with somethingelse: the connection between social attitudes and productivity........".[4]

Oxford dictionary ਅਨੁਸਾਰ connectionਸ਼ਬਦ ਦੇ ਅਰਥ ਹਨ:

"The way in which two or more concepts, objects or people are connected: a things effection are relevance to another, questions about the relation between writing and reality?the size of the target bore no relation to their importance."[5]

"ਸਰੋਕਾਰ ਸ਼ਬਦ ਨੂੰ ਸਬੰਧ, ਉਦੇਸ਼, ਵਾਅ, ਦਿਲਚਸਪੀ, ਚਿੰਤਾ ਤੇ ਫ਼ਿਕਰ ਆਦਿ ਕਈ ਅਰਥਾਂ ਵਿਚ ਵਰਤਿਆ ਜਾਂਦਾ ਹੈ।"[6]

ਸਰੋਕਾਰ ਦੇ ਵੱਖਰੇ ਅਰਥਾਂ ਨੂੰ ਵੱਖਰੀਆਂ ਸਥਿਤੀਆਂ ਅਨੁਸਾਰ ਵਰਤ ਲਿਆ ਜਾਂਦਾ ਹੈ ਅਰਥਾਤ 'ਸਰੋਕਾਰ' ਲਫ਼ਜ਼ 'ਉਦੇਸ਼' ਅਰਥ ਨੂੰ ਉਦੋਂ ਵਿਅਕਤ ਕਰਦਾ ਹੈ ਜਦੋਂ ਕਿਹਾ ਜਾਂਦਾ ਹੈ ਕਿ ਇਸ ਕਵਿਤਾ ਦਾ ਸਰੋਕਾਰ ਸਮਾਜ ਨੂੰ ਉਸਾਰੂ ਸੇਧ ਪ੍ਰਦਾਨ ਕਰਦਾ ਹੈ ਤਾਂ ਉਦੋਂ ਸਰੋਕਾਰ ਸ਼ਬਦ 'ਉਦੇਸ਼' ਅਰਥ ਵਜੋਂ ਕਾਰਜਸ਼ੀਲ ਹੁੰਦਾ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਇਸ ਕਵਿਤਾ ਦੇ ਸਰੋਕਾਰ ਸਮਾਜਕ ਅਤੇ ਸਭਿਆਚਾਰਕ ਹਨ ਤਾਂ ਉੱਥੇ ਸਰੋਕਾਰ ਸ਼ਬਦ 'ਵਿਸ਼ੇ' ਦੇ ਅਰਥ ਵਜੋਂ ਕਾਰਜਸ਼ੀਲ਼ ਹੁੰਦਾ ਹੈ। ਦੋਵੇਂ ਸਥਿਤੀਆਂ ਵਿਭਿੰਨ ਹਨ ਪਰ 'ਸਰੋਕਾਰ' ਸ਼ਬਦ ਦੋਨਾਂ ਸਥਿਤੀਆਂ ਵਿਚ ਪੂਰਾ ਉਤਰਦਾ ਹੈ। ਇਸ ਤਰ੍ਹਾਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਸਰੋਕਾਰ ਲਫ਼ਜ਼ ਕੇਵਲ ਇਕ ਹੀ ਅਰਥ ਦਾ ਧਾਰਨੀ ਹੈ। ਵੱਖਰੀਆਂ ਸਥਿਤੀਆਂ ਵਿਚ ਇਸ ਦੀ ਵਰਤੋਂ ਵੱਖਰੇ ਅਰਥ ਪ੍ਰਗਟਾਉਂਦੀ ਹੈ। ਜਿਵੇਂ ਅਸੀਂ ਗੱਲਬਾਤ ਕਰਦੇ ਹੋਏ ਆਖਦੇ ਹਾਂ 'ਤੇਰਾ ਇਸ ਗੱਲ ਨਾਲ ਕੀ ਸਰੋਕਾਰ ਹੈ?' ਇੱਥੇ ਸਥਿਤੀ ਬਦਲ ਗਈ ਹੈ, ਇੱਥੇ ਸਰੋਕਾਰ ਸ਼ਬਦ 'ਵਾਅ' ਦੇ ਅਰਥ ਪ੍ਰਗਟਾਅ ਰਿਹਾ ਹੈ। ਇਸ ਤਰ੍ਹਾਂ ਵੱਖਰੀਆਂ ਸਥਿਤੀਆਂ ਵਿਚ 'ਸਰੋਕਾਰ' ਸ਼ਬਦ ਨੂੰ ਵੱਖਰੇ ਤਰੀਕੇ ਵਿਚ ਵਰਤਿਆ ਜਾਂਦਾ ਹੈ। ਕਵੀ ਦਾ ਨਿੱਜ ਪ੍ਰਗਟ ਹੁੰਦਾ ਹੈ ਜਦੋਂ 'ਪਰ' ਨਾਲ ਜੁੜਦਾ ਹੈ ਤਾਂ 'ਸਰੋਕਾਰ' ਬਣਦਾ ਹੈ ਕਿਉਂਕਿ ਕਵੀ ਸਮਾਜ ਦਾ ਹਿੱਸਾ ਹੈ। ਉਹ ਇੱਕ ਅਜਿਹਾ ਮਨੁੱਖ ਹੁੰਦਾ ਹੈ ਜੋ ਸਮਾਜ ਦਾ ਮੁਹਾਂਦਰਾ ਠੀਕ ਕਰਨ ਦੀ ਲੋਚਾ ਕਰਦਾ ਹੈ। ਹੁਣ ਸਵਾਲ

ਇਹ ਉੱਠਦਾ ਹੈ ਕਿ ਆਖਰ ਕਾਵਿ ਵਿਚ 'ਸਰੋਕਾਰ' ਕੀ ਹੈ ਤੇ ਇਸ ਦਾ ਕਾਵਿ ਨਾਲ ਕੀ ਸਬੰਧ ਹੈ? ਕਵਿਤਾ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ ਤੇ ਉਸ ਦਾ ਉਦੇਸ਼ ਤੇ ਮੰਤਵ ਕੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣਾ ਕਠਿਨ ਹੈ ਕਿਉਂਕਿ ਸਰੋਕਾਰ ਸ਼ਬਦ ਨੂੰ ਸਿਧਾਂਤਕ ਤੌਰ 'ਤੇ ਇੰਨੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਕਿ ਇਸ ਦੀ ਨਿਸ਼ਚਤ ਰੂਪ ਵਿਚ ਪਰਿਭਾਸ਼ਾ ਅੰਕਿਤ ਕੀਤੀ ਜਾ ਸਕੇ ਪਰ ਫ਼ਿਰ ਵੀ ਅਸੀਂ ਕਾਵਿ ਸਰੋਕਾਰ ਦੇ ਸਿਧਾਂਤਕ ਪੱਖ ਨਾਲ ਸਿੱਧੇ ਤੌਰ 'ਤੇ ਸੰਬੰਧਤ ਹਾਂ ਇਸ ਲਈ ਅਸੀਂ ਇਸ ਦੇ ਪਰਿਭਾਸ਼ਤ ਸਰੂਪ ਨੂੰ ਉਘਾੜਣ ਲਈ ਯਤਨਸ਼ੀਲ ਹਾਂ।

ਡਾ. ਹਰਿਭਜਨ ਸਿੰਘ ਭਾਟੀਆ ਅਨੁਸਾਰ "ਅੱਜ ਦੇ ਸਰੋਕਾਰ ਹਮੇਸ਼ਾ ਬੀਤੇ ਦੀਆਂ ਚਿੰਤਾਵਾਂ ਤੇ ਦਿਲਚਸਪੀਆਂ ਵਿਚੋਂ ਆਪਣਾ ਵਜੂਦ ਧਾਰਨ ਕਰਦੇ ਹਨ। ਇਨ੍ਹਾਂ ਦੀ ਜਾਣਕਾਰੀ ਜਾਂ ਸਮਝ ਪਿੱਛੇ ਹਮੇਸ਼ਾ ਕਿਸੇ ਵਰਤਾਰੇ ਦੇ ਅੱਜ ਜਾਂ ਕੱਲ ਨੂੰ ਬਹੁਕੋਣਾਂ ਤੋਂ ਵੇਖਣ, ਜਾਂਚਣ, ਪਰਖਣ ਦੀ ਚੇਸ਼ਟਾ ਕਾਰਜਸ਼ੀਲ ਹੁੰਦੀ ਹੈ: ਇੰਞ ਸਰੋਕਾਰਾਂ ਤੇ ਚੁਣੋਤਿਆਂ ਦੀ ਪਛਾਣ ਰਾਹੇ ਤੁਰਨ ਦਾ ਅਰਥ ਕੱਲ, ਅੱਜ ਤੇ ਭਲਕ ਦੀ ਗਤੀਸ਼ੀਲਤਾ, ਦਵੰਦਾਤਮਕ ਤੇ ਭਾਵੀ ਸੰਕਟ ਦੀ ਪਛਾਣ ਤੋਂ ਹੈ।"[7]

ਜੀਵਨ ਵਿਚ ਸਰੋਕਾਰ ਮਨੁੱਖੀ ਚਿੰਤਾਵਾਂ ਵਿਚੋਂ ਉਭਰਦੇ ਹਨ ਜਿਹੜੇ ਇਨ੍ਹਾਂ ਨੂੰ ਬੀਤੇ ਨਾਲ ਜੋੜਦੇ ਹੋਏ ਵਰਤਮਾਨ ਵਿਚ ਉਨ੍ਹਾਂ ਚਿੰਤਾਵਾਂ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਿਤ ਵੀ ਕਰਦੇ ਹਨ।

"ਕਾਵਿ ਸਰੋਕਾਰ ਕਲਾ ਦਾ ਵਿਸ਼ਾ ਬਣਦੇ ਹਨ। ਇਕ ਵਾਰੀ ਕਲਾ ਦਾ ਵਿਸ਼ਾ ਬਣਿਆ ਇਹ ਆਪਣੀ ਉਪਜ ਦੇ ਕਾਰਨਾਂ ਤੋਂ ਵਿਤਰਕ ਹੋ ਕੇ ਬੌਧਿਕ ਸੋਚ ਦਾ ਵਿਸ਼ਾ ਬਣਦਾ ਹੈ ਫ਼ਿਰ ਇਸ ਦਾ ਅਗਲੇਰਾ ਵਿਕਾਸ ਕਵੀ ਦੀ ਆਪਣੀ ਸ਼ਖ਼ਸੀਅਤ, ਉਸ ਦੀ ਕਲਪਨਾ, ਉਸ ਦੀ ਕਲਾ ਤੇ ਕਲਾ ਦੇ ਮਾਧਿਅਮ ਉਤੇ ਸਵੀਕਾਰ ਉਸ ਅਨੁਭਵ ਨਾਲ ਕਲਾਕਾਰ ਦੀ ਜਜ਼ਬਾਤੀ ਸਾਂਝ ਅਤੇ ਕਲਾ ਦੇ ਆਪਣੇ ਅੰਤਰੀਵ ਨੇਮਾਂ ਅਨੁਸਾਰ ਹੁੰਦਾ ਹੈ।"[8]

ਆਕਸਫੋਰਡ ਡਿਕਸ਼ਨਰੀਵਿਚ 'ਰਿਲੇਸ਼ਨ' ਸ਼ਬਦ ਨੂੰ ਵਿਚਾਰਦਿਆਂ ਲਿਖਿਆ ਹੈ "ਉਹ ਰਿਸ਼ਤਾ ਜਿਸ ਵਿਚ ਦੋ ਜਾਂ ਦੋ ਤੋਂ ਵੱਧ ਲੋਕ ਜਾਂ ਸਿੱਟਾ ਜਾਂ ਉਦੇਸ਼ ਜੁੜਦੇ ਹਨ, ਉਨ੍ਹਾਂ ਦਾ ਅਸਰ ਇਕ ਦੂਸਰੇ ਤੇ ਪੈਂਦਾ ਹੈ ਜਾਂ ਦੂਜੇ ਸ਼ਬਦਾਂ ਵਿਚ ਉਹ ਇੱਕ ਦੂਜੇ ਤੇ ਨਿਰਭਰ ਕਰਦੇ ਹਨ।"[9]

ਇਨ੍ਹਾਂ ਪਰਿਭਾਸ਼ਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਰੋਕਾਰ ਕਿਸੇ ਰਚਨਾ ਦੇ ਪਿਛੋਕੜ ਵਿਚ ਧਰਾਤਲ ਬਣਦਾ ਹੈ। ਇਹ ਧਰਾਤਲ ਵਿਸ਼ੇ ਦੇ ਉਸਾਰਨ ਵਾਸਤੇ ਆਧਾਰ ਭੂਮੀ ਬਣਦਾ ਹੈ। ਕਵਿਤਾ ਰਾਹੀਂ ਕਵੀ ਆਪਣੇ ਅਹਿਸਾਸਾਂ ਨੂੰ ਆਵਾਜ਼ ਦਿੰਦਾ ਹੈ। ਇਹ ਅਹਿਸਾਸ ਕਿਸੇ ਹੱਦ ਤੱਕ ਕਵੀ ਦੀ ਨਿੱਜੀ ਸ਼ਖ਼ਸੀਅਤ ਦੀ ਕਾਵਿ ਸਿਰਜਣਾ ਵਿਚ ਸਹਾਈ ਹੁੰਦਾ ਹੈ।

## 3.2 ਸ਼ਖ਼ਸੀਅਤ ਤੇ ਸ਼ਾਇਰੀ ਦਾ ਸਬੰਧ

ਸ਼ਖ਼ਸੀਅਤ ਤੇ ਸ਼ਾਇਰੀ ਦਾ ਗਹਿਰਾ ਸੰਬੰਧ ਹੈ। ਕਵਿਤਾ ਕਵੀ ਮਨ ਦੇ ਆਲੇ-ਦੁਆਲੇ ਪਸਰੇ ਸੰਸਾਰਕ ਸੰਬੰਧਾਂ ਵਿਚੋਂ ਪੈਦਾ ਹੁੰਦੀ ਹੈ। ਅਸੀਂ ਇਹ ਤਾਂ ਨਹੀਂ ਆਖ ਸਕਦੇ ਕਿ ਜੇਕਰ ਹੁਨਰ ਹੈ ਤਾਂ ਕਵਿਤਾ ਹੈ। ਕਵਿਤਾ ਰਚਦਿਆਂ ਕਵੀ ਆਪਣੀਆਂ ਸੰਵੇਦਨਾਵਾਂ, ਭਾਵਾਂ, ਸੰਸਕਾਰਾਂ, ਸਿਮਰਤੀਆਂ ਜੋ ਕਿ ਉਸ ਦੀ ਸ਼ਖ਼ਸੀਅਤ ਦਾ ਹਿੱਸਾ ਹੁੰਦੀਆਂ ਹਨ ਉਹ ਸੁਤੇ-ਸਿਧ ਹੀ ਉਸ ਦੀ ਕਵਿਤਾ ਵਿਚ ਸ਼ਾਮਿਲ ਹੋ ਜਾਂਦੀਆਂ ਹਨ। ਕਾਵਿ ਸਾਨੂੰ ਅੰਦਰੂਨੀ ਗਿਆਨ, ਪ੍ਰਭਾਵ ਅਤੇ ਸੁੰਦਰਤਾ ਨੂੰ ਅਨੁਭਵ ਕਰਨ ਦੀ ਸਮਰੱਥਾ ਦਿੰਦਾ ਹੈ। ਕਾਵਿ ਅਜਿਹਾ ਅਧਿਐਨ ਹੈ ਜਿਸ ਰਾਹੀਂ ਜਿੱਥੇ ਸਿਰਜਣਾ ਦੀ ਰੁਚੀ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ ਉੱਥੇ ਇਸ ਰਾਹੀਂ ਭਾਵਨਾਵਾਂ ਨੂੰ ਵੀ ਸਮਝਿਆ ਜਾ ਸਕਦਾ ਹੈ। ਕਾਵਿ ਦੇ ਰੂਪ ਰਾਹੀਂ ਕਵੀ ਦੀ ਸਿਰਜਣਾਤਮਕ ਸ਼ਕਤੀ ਦੇ ਨਾਲ-ਨਾਲ ਮਨੋਵਿਗਿਆਨਕ, ਦਾਰਸ਼ਨਿਕ ਪੱਖ ਵੀ ਪੇਸ਼ ਹੁੰਦਾ ਹੈ। ਇਹ ਸਹਿਜ ਸੁਭਾਵਿਕ ਹੈ ਕਿ ਕਵੀ ਸਮਾਜ ਦੀਆਂ ਰਾਜਸੀ, ਆਰਥਿਕ, ਸਮਾਜਕ ਅਤੇ ਸਭਿਆਚਾਰਕ ਸਥਿਤੀਆਂ ਨੂੰ ਕਾਵਿ ਵਿਚ ਪੇਸ਼ ਕਰਦਾ ਹੈ।

## 3.3 ਕਾਵਿ ਸਰੋਕਾਰ

ਕਾਵਿ ਸਰੋਕਾਰ ਕਵੀ ਦੇ ਜੀਵਨ ਅਨੁਭਵ ਅਤੇ ਸਥਿਤੀਆਂ ਵਿਚੋਂ ਹੋਂਦ ਗ੍ਰਹਿਣ ਕਰਦੇ ਹਨ। ਕਾਵਿ ਸਰੋਕਾਰ ਹੀ ਹੁੰਦੇ ਹਨ ਜਿਹੜੇ ਕਵਿਤਾ ਨੂੰ ਨਿਸ਼ਚਿਤ ਦ੍ਰਿਸ਼ਟੀ ਦੇ ਕੇ ਉਸ ਦਾ ਸੁਹਜ ਚਿਤਰਦੇ ਹਨ। ਮੁੱਖ ਰੂਪ ਵਿਚ ਕਵੀ ਆਪਣੀ ਕਾਵਿ ਰਚਨਾ ਕਰਦੇ ਸਮੇਂ ਹਾਵਾਂ-ਭਾਵਾਂ, ਸੋਚ-ਰਿਸ਼ਤੇ, ਸਮਾਜ, ਪ੍ਰਕਿਰਤੀ ਅਤੇ ਵਿਸ਼ਵਾਸਾਂ ਨੂੰ ਮੁੱਖ ਰੱਖ ਕੇ ਚਲਦਾ ਹੈ ਕਿਉਂਕਿ ਸਾਹਿਤ ਦਾ ਸਿੱਧਾ ਸਰੋਕਾਰ ਮਨੁੱਖ ਨਾਲ ਹੈ। ਇਸ ਦਾ ਕਾਰਨ ਇਹ ਵੀ ਹੈ ਕਿ ਸਾਹਿਤ ਮਨੁੱਖ ਦੀ ਮਾਨਸਿਕਤਾ ਅਤੇ ਬੁੱਧੀ ਨਾਲ ਜੁੜਿਆ ਹੈ। ਕਵੀ ਮੋਹ ਮੁਹੱਬਤ ਦੇ ਮਾਨਵੀ ਸਰੋਕਾਰਾਂ ਅਤੇ ਮਾਨਵਤਾ ਦੇ ਰਾਹ ਵਿਚ ਭੰਡਣ ਯੋਗ ਸਥਿਤੀਆਂ ਨੂੰ ਸਰੋਕਾਰਾਂ ਤੱਕ ਪਹੁੰਚਾਉਣ ਦੇ ਯਤਨ ਹਿਤ ਸਮਾਜਕ ਸਰੋਕਾਰਾਂ ਨੂੰ ਸਿਰਜਦਾ ਹੈ। ਜਿੱਥੇ ਇਹ ਸਰੋਕਾਰ ਮਨੁੱਖ ਦੀ ਮਾਨਸਿਕਤਾ, ਬੁੱਧੀ ਨਾਲ ਸੰਬੰਧਤ ਹੁੰਦੇ ਹਨ ਉੱਥੇ ਸਮਾਜ ਦੀ ਤਸਵੀਰ ਅੰਕਿਤ ਨਹੀਂ ਕਰਦੇ ਸਗੋਂ ਉਸ ਦਾ ਹਾਂ ਪੱਖੀ ਹੁੰਗਾਰਾ ਉਲੀਕਦੇ ਹਨ। ਕਾਵਿ ਸਰੋਕਾਰ ਜੀਵਨ ਅਨੁਭਵਾਂ ਵਿਚੋਂ ਉਪਜਦੇ ਹਨ ਅਤੇ ਕੋਈ ਵੀ ਅਨੁਭਵ ਨਿਜੀ ਤਜਰਬੇ ਵਿਚੋਂ ਪੈਦਾ ਹੁੰਦਾ ਹੈ। ਕਾਵਿ ਸਰੋਕਾਰ ਕਵੀ ਮਨ ਅੰਦਰ ਉਸ ਸਮੇਂ ਪਨਪਦੇ ਹਨ ਜਦੋਂ ਜੀਵਨ ਅਨੁਭਵ ਵਿਚੋਂ ਕੁੱਝ ਅਨੁਭਵ ਸੁਚੇਤ ਜਾਂ ਅਚੇਤ ਉਸ ਦੇ ਮਨ ਵਿਚ ਸਾਂਭੇ ਰਹਿ ਜਾਂਦੇ ਹਨ। ਕਵੀ ਆਪਣੀ ਕਾਵਿ ਸਿਰਜਣਾ ਰਾਹੀਂ ਆਪਣੇ ਜੀਵਨ ਦੇ ਅਨੁਭਵਾਂ ਨੂੰ ਪੇਸ਼ ਕਰ ਕੇ ਅਗਲੀ ਪੀੜ੍ਹੀ ਨੂੰ ਦਿੰਦਾ ਹੈ। ਜਿਸ ਦੁਆਰਾ ਉਸ ਦੇ ਅਨੁਭਵ, ਤਜ਼ਰਬੇ, ਹੰਢਾਏ ਅਹਿਸਾਸ ਨਵੀਂ ਪੀੜ੍ਹੀ ਨੂੰ ਕੋਈ ਸੁਨੇਹਾ ਦੇ ਸਕਣ। ਇਹੀ ਕਵੀ ਦੇ ਕਾਵਿ ਦੇ ਸਰੋਕਾਰਾਂ ਦਾ ਮੁੱਖ ਮੰਤਵ ਹੁੰਦਾ ਹੈ।

## 3.4 ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ

ਦਰਸ਼ਨ ਬੁੱਟਰ ਦੀ ਕਵਿਤਾ ਦੇ ਸਰੋਕਾਰਾਂ ਨੂੰ ਸਮਝਣ ਲਈ ਅਸੀਂ ਪ੍ਰਦੇਸ਼ਕ, ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਨਹੀਂ ਦੇਖ ਸਕਦੇ ਬਲਕਿ ਉਹ ਪ੍ਰਸਥਿਤੀਆਂ, ਤਬਦੀਲੀਆਂ, ਅਨੁਭਵਾਂ, ਪ੍ਰਤੀਕਰਮਾਂ ਨੂੰ ਜਿਸ ਤਰ੍ਹਾਂ ਆਪਣੀ ਕਵਿਤਾ ਦਾ ਸਰੋਤ ਬਣਾਉਂਦਾ ਹੈ। ਡਾ. ਗੁਰਭਗਤ ਸਿੰਘ ਉਸ ਦੀ ਕਵਿਤਾ ਨੂੰ ਸਹਿਜ ਦੀ ਕਵਿਤਾ ਕਹਿੰਦਾ ਹੈ। ਉਹ ਲਿਖਦਾ ਹੈ ਕਿ ਖੜਾਵਾਂ ਸਾਡੀ ਸੰਸਕ੍ਰਿਤੀ ਵਿਚ ਸਮਾਧੀ ਨਾਲ ਤਉਲਕ ਰੱਖਦੀਆਂ ਹਨ, ਸਾਡੇ ਸਾਰੇ ਸੰਤ ਰਿਸ਼ੀ ਖੜਾਵਾਂ ਪਹਿਨਦੇ ਹਨ। ਖੜਾਵਾਂ ਪਹਿਨਣ ਨਾਲ ਚਿੰਤਨ ਦੀ ਅਵੱਸਥਾ/ਸਮਾਧੀ ਦੀ ਅਵੱਸਥਾ ਆਉਂਦੀ ਹੈ। ਇਸ ਪ੍ਰਤੀਕ ਨਾਲ ਬੁੱਟਰ ਜੋ ਚਿੰਤਨ ਵਿਚੋਂ ਗੁਜ਼ਰਨ ਦੀ ਸ਼ਕਤੀ ਦਿਖਾਉਂਦਾ ਹੈ। ਇਹ ਚਿੰਤਨ ਸਹਿਜ ਨਾਲ ਜਿਸ ਤਰ੍ਹਾਂ ਕਾਵਿ ਨੂੰ ਜੋੜਦਾ ਹੈ ਇਹ ਵਿਲੱਖਣ ਹੈ। ਉਹ ਹਰ ਕਿਤਾਬ ਵਿਚ ਆਪਣੇ ਆਪ ਨੂੰ ਕਿਸੇ ਵਾਦ-ਵਿਵਾਦ ਨਾਲ ਨਹੀਂ ਜੋੜਦਾ। ਉਹ ਮਾਨਵਤਾਵਾਦੀ ਸਮਾਜਕ ਸਰੋਕਾਰਾਂ ਦੇ ਅੰਤਰਗਤ ਉੱਭਰ ਰਹੇ ਮਨੁੱਖੀ ਰਿਸ਼ਤਿਆਂ ਦੇ ਦੁਖਾਂਤ ਨੂੰ ਆਪਣੇ ਕਾਵਿ ਦਾ ਧੁਰਾ ਬਣਾਉਂਦਾ ਹੈ। ਮਾਨਵੀ ਸਮਾਜ ਦੇ ਨਵੇਂ ਤੇ ਪੁਰਾਣੇ ਪ੍ਰਤੀਮਾਨਾਂ ਦੇ ਅੰਤਰਗਤ ਨਵੇਂ ਸਥਾਪਿਤ ਹੋ ਰਹੇ ਮਾਨਵੀ ਰਿਸ਼ਤਿਆਂ, ਪਰਸਪਰ ਸੰਘਰਸ਼, ਟਕਰਾਅ ਤੇ ਵੱਧ ਰਹੀ ਸਪੇਸ ਕਾਰਨ ਉੱਭਰ ਰਹੇ ਤਨਾਉ ਤੇ ਸੰਕਟ ਅਧੀਨ ਘਰ ਦੀ ਤਲਾਸ਼ ਉਸ ਦੇ ਕਾਵਿ ਦਾ ਪ੍ਰਮੱਖ ਸਰੋਕਾਰ ਹੈ।

ਦਰਸ਼ਨ ਬੁੱਟਰ ਆਪਣੀ ਕਵਿਤਾ ਵਿਚ ਜ਼ਿੰਦਗੀ ਨੂੰ ਟੁਕੜਿਆਂ ਵਿਚ ਵੇਖਦਾ ਹੈ। ਇਨ੍ਹਾਂ ਟੁਕੜਿਆਂ ਤੇ ਕਵਿਤਾ ਦੀ ਹੋਂਦ ਵਿਚੋਂ ਹੀ ਬਹੁਤ ਸਾਰੇ ਸਰੋਕਾਰ ਉਭਰਦੇ ਹਨ। ਦਰਸ਼ਨ ਬੁੱਟਰ ਮਾਨਵਵਾਦੀ ਤੇ ਰੁਮਾਂਸਵਾਦੀ ਸ਼ਾਇਰੀ ਦਾ ਸਿਰਜਕ ਹੈ। ਉਸ ਦੀ ਕਵਿਤਾ ਨੂੰ ਕਾਵਿ ਸਰੋਕਾਰਾਂ ਦੇ ਸੰਬੰਧ ਵਿਚ ਕਿਸੇ ਇਕ ਸਰੋਕਾਰ ਅਧੀਨ ਪਰਖਿਆਂ, ਨਿਰਖਿਆ ਤੇ ਸਮਝਿਆ ਨਹੀਂ ਜਾ ਸਕਦਾ। ਉਹ ਘੱਟ ਸ਼ਬਦਾਂ ਵਿਚ ਜ਼ਿੰਦਗੀ ਦੀਆਂ ਬਹੁ ਪਰਤਾਂ ਨੂੰ ਪੇਸ਼ ਕਰਦਾ ਹੋਇਆ ਕਦੇ ਯਥਾਰਥਵਾਦੀ, ਮਾਨਵਵਾਦੀ, ਇਤਿਹਾਸਕ, ਮਿਥਿਹਾਸਕ ਤੇ ਮਨੋਵਿਗਿਆਨਕ ਬਿੰਬਾਂ, ਪ੍ਰਤੀਕਾਂ ਤੇ ਚਿੰਨ੍ਹਾਂ ਜਾਂ ਸ਼ਬਦਾਂ ਰਾਹੀਂ ਨਹੀਂ ਬਲਕਿ ਅਰਥਾਂ ਰਾਹੀਂ ਵਿਸਥਾਰਥਾ ਹੈ।

ਪੰਜਾਬੀ ਦੇ ਪ੍ਰਸਿੱਧ ਆਲੋਚਕ ਸੁਤਿੰਦਰ ਨੂਰ ਅਨੁਸਾਰ "ਉਹ ਆਪ ਪ੍ਰਗੀਤਕ ਅੰਦਾਜ ਦੀ ਖੁੱਲ੍ਹੀ ਨਜ਼ਮ ਵਿਚ ਵੀ ਪ੍ਰਗੀਤਕ ਭਾਸ਼ਾ ਨੂੰ ਸਮੋਣਾ ਜਾਣਦਾ ਹੈ। ਕਰੁਣਾ ਨੂੰ ਨਜ਼ਮ ਦੇ ਅਵਚੇਤਨ ਤਕ ਰਚਾ ਲੈਂਦਾ ਹੈ। ਉਸ ਦੀ ਨਜ਼ਮ ਪਾਠਕ ਦੇ ਅਵਚੇਤਨ ਤਕ ਪਈ ਕਰੁਣਾ ਦੀਆਂ ਤੈਹਾਂ ਨੂੰ ਜਗਾਉਣ ਲੱਗਦੀ ਹੈ। ਇਹ ਕੰਮ ਏਨਾ ਸੌਖਾ ਨਹੀਂ ਹੁੰਦਾ ਇਸ ਵਿਚ ਹੀ ਕਾਵਿ ਯੋਗਤਾ ਲੁਕੀ ਹੁੰਦੀ ਹੈ।"[10]

ਦਰਸ਼ਨ ਬੁੱਟਰ ਦੇ ਕਾਵਿ ਸਫ਼ਰ ਦਾ 'ਖੜਾਵਾਂ' ਚੌਥਾ, 'ਦਰਦ ਮਜੀਠੀ' ਪੰਜਵਾਂ, 'ਮਹਾਂਕੰਬਣੀ' ਛੇਵਾਂ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਉਹ 'ਔੜ ਦੇ ਬੱਦਲ', 'ਸਲ੍ਹਾਬੀ ਹਵਾ', 'ਸ਼ਬਦ ਸ਼ਹਿਰ ਤੇ ਰੇਤ' ਆਪਣੇ ਕਾਵਿ-ਸੰਗ੍ਰਹਿਆਂ ਵਿਚ ਨਿੱਜ ਦੇ ਦਾਇਰੇ ਨੂੰ ਆਪਣੀ ਕਵਿਤਾ ਦਾ ਵਿਸ਼ਾ ਵਸਤੂ ਬਣਾਉਂਦਾ ਸੀ ਪਰ ਇਨ੍ਹਾਂ ਕਾਵਿ-ਸੰਗ੍ਰਹਿਆਂ ਵਿਚ ਉਹ ਇਸ

ਦਾਇਰੇ ਤੋਂ ਮੁਕਤ ਹੋ ਕੇ ਸਮੁੱਚੇ ਸਮਾਜ ਨੂੰ ਆਪਣੇ ਕਲਾਵੇ ਵਿਚ ਲੈਂਦਾ ਪ੍ਰਤੱਖ ਰੂਪ ਵਿਚ ਨਜ਼ਰੀਂ ਪੈਂਦਾ ਹੈ। ਉਸ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਸੂਖਮ ਤੋਂ ਸੂਖਮ ਅਹਿਸਾਸ ਅਤੇ ਜੀਵਨ ਨਾਲ ਜੁੜੀਆਂ ਲੋਕ ਮਨ ਅਤੇ ਸਭਿਆਚਾਰਕ, ਚੇਤੰਨਤਾ, ਬੌਧਿਕਤਾ ਅਤੇ ਸੁਝਾਤਮਕ ਦ੍ਰਿਸ਼ਟੀਕੋਣ ਦਾ ਸੰਚਾਰ ਬਰਾਬਰ ਪੇਸ਼ ਕਰਦਾ ਹੈ। ਬੁੱਟਰ ਦੀ ਸ਼ਾਇਰੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਹ ਸ਼ਬਦਾਂ ਦਾ ਖਲਾਰਾ ਨਹੀਂ ਪਾਉਂਦਾ ਪਰ ਬਹੁਤ ਘੱਟ ਲਫ਼ਜ਼ਾਂ ਵਿਚ ਵੱਡੇ ਅਰਥਾਂ ਵਾਲੀਆਂ ਨਜ਼ਮਾਂ ਨੂੰ ਪੇਸ਼ ਕਰਦਿਆਂ ਹੋਇਆਂ ਪੰਜਾਬੀ ਕਵਿਤਾ ਸੰਸਾਰ ਵਿਚ ਇਕ ਸਮਰੱਥ ਕਵੀ ਵਜੋਂ ਉੱਭਰ ਕੇ ਸਾਹਮਣੇ ਆਉਂਦਾ ਹੈ।

ਸੁਸ਼ੀਲ ਦੁਸਾਂਝ ਦਰਸ਼ਨ ਬੁੱਟਰ ਦੀਆਂ ਖੜਾਵਾਂ ਬਾਰੇ ਆਪਣੀ ਟਿੱਪਣੀ ਕਰਦਾ ਹੋਇਆ ਲਿਖਦਾ ਹੈ "ਜੇਕਰ ਸ੍ਰੀ ਬਹਾਦਰ ਸਿੰਘ ਬੱਲ ਦੀ ਧਾਰਨਾ ਅਨੁਸਾਰ ਹੀ ਦੇਖਣਾ ਹੋਵੇ ਤਾਂ ਜਿਹੜੀ ਵੀਹ ਫੀਸਦੀ ਪੰਜਾਬੀ ਕਵਿਤਾ ਰਚੀ ਹੈ ਦਰਸ਼ਨ ਬੁੱਟਰ ਉਸ ਵੀਹ ਫੀਸਦੀ ਕਵਿਤਾ ਦੀ ਸਿਰਜਣਾ ਕਰਨ ਵਾਲਿਆਂ ਵਿਚੋਂ ਇੱਕ ਹੈ। ਉਸ ਦੀਆਂ ਨਿੱਕੀਆਂ ਨਜ਼ਮਾਂ ਬਹੁਤ ਵੱਖਰਾ ਅਤੇ ਵੱਡਾ ਕੈਨਵਸ ਸਿਰਜਦੀਆਂ ਹਨ। ਦਰਸ਼ਨ ਦੇ ਇਸ ਕੈਨਵਸ ਤੇ ਨਚਦੀਆਂ, ਟੱਪਦੀਆਂ, ਹੱਸਦੀਆਂ, ਰੋਂਦੀਆਂ ਅਤੇ ਉਦਾਸ ਹੁੰਦੀਆਂ ਨਜ਼ਮਾਂ ਵਿਚ ਸ਼ਿਅਰਾਂ ਵਰਗਾ ਰੰਗ ਹੈ।"[11]

ਦਰਸ਼ਨ ਬੁੱਟਰ ਦੇ ਤਿੰਨੋਂ ਕਾਵਿ-ਸੰਗ੍ਰਹਿਆਂ 'ਦਰਦ ਮਜੀਠੀ', 'ਖੜਾਵਾਂ', 'ਮਹਾਂਕੰਬਣੀ' ਦੇ ਵਿਚਵਿਭਿੰਨ ਸਰੋਕਾਰ ਨਜ਼ਰ ਆਉਂਦੇ ਹਨ ਜਿਨ੍ਹਾਂ ਦੁਆਲੇ ਉਸ ਦੀਆਂ ਸਮੁੱਚੀਆਂ ਕਵਿਤਾਵਾਂ ਘੁੰਮਦੀਆਂ ਹਨ। ਉਸ ਬਾਰੇ ਕਈ ਸਮਕਾਲੀਆਂ ਕਵੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਡਾ. ਤਰਲੋਕ ਸਿੰਘ ਆਨੰਦ ਨੇ ਇਸ ਨੂੰ ਸੰਵੇਦਨਸ਼ੀਲ ਕਵਿਤਾ ਦਾ ਅਜੋਕੀ ਕਵਿਤਾ ਵਿਚ ਪਰਵੇਸ਼ ਕਰਨਾ ਸ਼ੁੱਭ ਸ਼ਗਨ ਮੰਨਿਆ ਹੈ। ਉਹਨਾਂ ਅਨੁਸਾਰ ਦਰਸ਼ਨ ਬੁੱਟਰ ਨਿੱਕੇ ਆਕਾਰ ਦੀਆਂ ਵੱਡੀਆਂ ਕਵਿਤਾਵਾਂ ਦਾ ਕਵੀ ਹੈ। ਪ੍ਰਸਿੱਧਗ਼ਜ਼ਲਗੋ ਜਸਵਿੰਦਰ ਨੇ ਆਪਣੇ ਸਮਕਾਲੀ ਸ਼ਾਇਰ ਦੀਆਂ ਰਚਨਾਵਾਂ ਨੂੰ ਜੀ ਆਇਆਂ ਆਖਦਿਆਂ ਹੋਇਆਂ ਇਸ ਸ਼ਾਇਰੀ ਨੂੰ ਖਲੀਲ ਜ਼ਿਬਰਾਨ ਦੇ ਸਰਵਕਾਲੀ ਸੱਚ ਨੂੰ ਅੱਗੇ ਤੋਰਨ ਦਾ ਸੁਹਿਰਦ ਉਪਰਾਲਾ ਕਿਹਾ ਹੈ। ਗ਼ਜ਼ਲਗੋ ਸੁਰਜੀਤ ਜੱਜ ਇਨ੍ਹਾਂ ਕਵਿਤਾਵਾਂ ਨੂੰ ਸੰਵੇਦਨਸ਼ੀਲ ਸ਼ਾਇਰ ਦੀਆਂ ਕਾਵਿਕ ਭਾਵਨਾਵਾਂ ਨੂੰ ਹੋਰ ਵੀ ਨਵੇਂ ਪ੍ਰਸ਼ਨ ਪੈਦਾ ਕਰਨ ਦੀ ਸਮਰੱਥਾ ਦਾ ਹਾਣੀ ਆਖਦਾ ਹੋਇਆ ਕਹਿੰਦਾ ਹੈ ਕਿ ਇਨ੍ਹਾਂ ਕਵਿਤਾਵਾਂ ਦਾ ਪਾਠ ਕਰਦਿਆਂ ਪਾਠਕ ਲਗਾਤਾਰ ਪੜ੍ਹਨ ਦੀ ਉਤੇਜਨਾ ਦੀ ਅਵਸਥਾ ਵਿਚੋਂ ਗੁਜ਼ਰਦਾ ਹੈ।

ਦਰਸ਼ਨ ਬੁੱਟਰ ਦੇ ਸਮੁੱਚੇ ਕਾਵਿ ਜਗਤ ਵਿਚ ਜਿਹੜੇ ਸਰੋਕਾਰ ਬਾਰ-ਬਾਰ ਪ੍ਰਤੱਖ ਹੁੰਦੇ ਹਨ ਉਨ੍ਹਾਂ ਵਿਚ ਮਨੁੱਖ, ਰੁਮਾਂਸ, ਘਰ, ਬੇਚੈਨੀ, ਬੇਗਾਨਗੀ, ਆਪੇ ਦੀ ਤਲਾਸ਼, ਮਨੁੱਖ ਦੀ ਖ਼ਤਮ ਹੋ ਰਹੀ ਹੋਂਦ ਪ੍ਰਮੁੱਖ ਹਨ। ਬੁੱਟਰ ਦੀ ਸ਼ਾਇਰੀ ਵਿਚੋਂ ਇਹ ਸਰੋਕਾਰ ਕੇਵਲ ਉਭਰਦੇ ਹੀ ਨਹੀਂ ਸਗੋਂ ਉਨ੍ਹਾਂ ਨੂੰ ਯਥਾਰਥਕ ਰੂਪ ਦੇਣ ਦੀ ਕਾਮਨਾ ਕਰਦਾ ਹੈ ਕਿ ਮਨੁੱਖ ਦੀ ਖ਼ਤਮ ਹੁੰਦੀ ਹੋਂਦ ਜੇ ਜਿਉਂਦੇ ਜਾਗਦੇ ਬੰਦੇ ਵਾਸਤੇ ਅਤੀਤ ਚਾਨਣ ਬਣ ਜਾਵੇ ਤਾਂ ਉਹ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਨਾਲ ਅਧਿਆਤਮਕ ਰੰਗ ਦੇ ਕੇ ਕਿਸੇ ਵੀ ਤਰੀਕੇ ਨਾਲ ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਆਸ ਦਾ ਪੱਲਾ ਨਹੀਂ ਛੱਡਦਾ। ਬੁੱਟਰ ਦੇ ਕਾਵਿਕ ਅਧਿਐਨ ਵਿਚੋਂ ਲੰਘਦਿਆਂ ਜੋ ਕੇਂਦਰੀ ਵਿਚਾਰ ਉੱਭਰ ਕੇ ਪ੍ਰਤੱਖ ਹੁੰਦੇ ਹਨ ਉਹ ਹਨ

ਮਾਨਵਤਾਵਾਦੀ ਸਮਾਜਕ ਸਰੋਕਾਰਾਂ ਦੇ ਅੰਤਰਗਤ ਮਾਨਵੀ ਰਿਸ਼ਤਿਆਂ ਦਾ ਟਕਰਾਅ, ਤੜਕਾਉ ਮਨੁੱਖੀ ਬਦਲਾਵ ਉਸ ਦੀ ਕਵਿਤਾਵਾਂ ਦੇ ਪ੍ਰਮੁੱਖ ਸੁਰ ਹਨ। ਉਹ ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦਿਆਂ ਮਨੁੱਖੀ ਜ਼ਿੰਦਗੀ ਦੇ ਸਾਹਮਣੇ ਮੂੰਹ ਅੱਡੀ ਖੜੇ ਖਤਰਿਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਅਜੋਕੇ ਮਨੁੱਖ ਨੂੰ ਸੁਚੇਤ ਕਰਦਾ ਹੈ। ਉਹ ਸਾਕਾਰਾਤਮਕ ਸੰਭਾਵਨਾਵਾਂ ਦੀ ਵਿਆਖਿਆ,ਵਿਸ਼ਲੇਸ਼ਣ ਉਤੇ ਮੁਲਾਂਕਣ ਕਰਦਾ ਹੋਇਆ ਜਿਹੜੇ ਵੀ ਪ੍ਰਸ਼ਨ ਉਠਾਂਦਾ ਹੈ ਉਨਾਂ ਦੇ ਉੱਤਰ ਵੀ ਆਪ ਹੀ ਦੇਈ ਜਾਂਦਾ ਹੈ। ਨਵ-ਪੂੰਜੀਵਾਦ ਦੀ ਚਕਾਚੌਂਧ ਤੇ ਉਪਭੋਗੀ ਸੰਸਕ੍ਰਿਤੀ ਪ੍ਰਤੀ ਅਸਵੀਕ੍ਰਿਤੀ ਉਸ ਦੀਆਂ ਕਵਿਤਾਵਾਂ ਵਿਚ ਪ੍ਰਤੱਖ ਰੂਪ ਵਿਚ ਨਜ਼ਰ ਆਉਂਦੀ ਹੈ। ਮਨੁੱਖ ਦੀਆਂ ਮਾਨਵਹੀਨਤਾ ਹਰਕਤਾਂ, ਪਿਆਰ, ਸਦਭਾਵ, ਘਰ ਦੀ ਤਲਾਸ਼, ਸੱਚੇ ਤੇ ਸੁੱਚੇ ਰਿਸ਼ਤਿਆਂ ਦੀ ਤਮੰਨਾ ਉਸ ਦੀ ਕਵਿਤਾ ਦੇ ਵਿਚ ਬਾਰ-ਬਾਰ ਉਭਰ ਕੇ ਸਾਹਮਣੇ ਆਉਂਦੇ ਹਨ। ਦਰਦ ਮਜੀਠੀ, ਖੜਾਵਾਂ, ਮਹਾਂਕੰਬਣੀ ਵਿਚ ਕਈ ਕਵਿਤਾਵਾਂ ਘਰ ਜਾਂ ਅਘਰ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਜੁੜੀਆਂ ਹੋਈਆਂ ਹਨ। ਇਨ੍ਹਾਂ ਵਿਚ ਤੇਜ ਹਵਾਵਾਂ, ਖੜਾਵਾਂ, ਬੈਂਕ ਵਿਚ ਨੋਟ ਗਿਣਦਿਆਂ, ਹੁੰਗਾਰਾ ਅਤੇ ਸਮਾਧੀ ਆਦਿ ਪ੍ਰਮੁੱਖ ਹਨ।

"ਇੱਥੇ ਤਾਂ

ਰੁੱਖਾਂ ਦੀ ਰੁੱਖਤਾ ਵੀ

ਰਾਖ਼ ਹੋ ਰਹੀ

ਹਵਸ ਦੀ ਅੱਗ ਅੰਦਰ...

ਮੇਰੀ ਗੁਟਕੂੰ

ਕੌਣ ਸੁਣੇ

ਸ਼ੋਰੀਲੇ.....ਜੱਗ ਅੰਦਰ"[12]

"ਫਟੇ ਪੁਰਾਣੇ ਨੋਟਾਂ ਵਰਗੇ

ਚਿਹਰੇ...

ਚਿਹਰਿਆਂ ਤੇ ਚਿਪਕਿਆ

ਅਕੇਵਾਂ...

ਅਕੇਵੇਂ 'ਚੋਂ ਉਪਜਿਆ

ਥਕੇਵਾਂ…"[13]

"ਪੈਰਾਂ ਹੇਠੋਂ ਖੁਰਦੀ ਜਾ ਰਹੀ

ਭੁਰਭੁਰੇ ਵਿਸ਼ਵਾਸਾਂ ਦੀ ਰੇਤ

ਮੈਂ ਮੁੰਤਜ਼ਿਰ ਹਾਂ

ਤੇਰੀ ਮੁੱਠੀ ਵਿਚਲੀ ਚੱਪਾ ਕੁ ਜ਼ਮੀਨ ਦੀ…"[14]

### 3.4.1 ਇਤਿਹਾਸਕ ਸਰੋਕਾਰ

ਦਰਸ਼ਨ ਬੁੱਟਰ ਦੀ ਕਵਿਤਾ ਨਾ ਤਾਂ ਉਸ ਦਾ ਨਿੱਜੀ ਰੁਦਨ ਹੈ ਤੇ ਨਾ ਹੀ ਲੋਕਾਂ ਦੇ ਦੁੱਖਾਂ ਦਾ ਨਾਅਰਾ ਹੈ। ਬੁੱਟਰ ਦੀ ਕਵਿਤਾ ਦਾ ਨਾਇਕ ਮੁੱਖ ਰੂਪ ਵਿਚ ਸਮੁੱਚੀ ਧਰਤੀ ਉਪਰ ਵਸਦੀ ਮਾਨਵਤਾ ਨੂੰ ਸੁਖੀ, ਸੁੰਦਰ ਤੇ ਨਿਆਂਸ਼ੀਲ ਵੇਖਣ ਦੀ ਲੋਚਾ ਰੱਖਦਾ ਹੈ। ਉਸ ਦੇ ਅੰਦਰ ਇਤਿਹਾਸ, ਮਿਥਿਹਾਸ ਦੇ ਨਾਇਕ, ਰਿਸ਼ੀਆਂ, ਮੁਨੀਆਂ, ਪੈਗੰਬਰਾਂ ਨੂੰ ਆਪਣੇ ਕਾਵਿ ਦਾ ਖੇਤਰ ਬਣਾਉਂਦਾ ਹੈ।ਅਸੀਂ ਇਸ ਸੰਦਰਭ ਵਿਚ ਉਸ ਦੀਆਂ ਕਵਿਤਾਵਾਂ ਦੇਖਦੇ ਹਾਂ।

"ਹੁਣ ਮੈਂ

ਅਰਜਨ ਤੀਰ ਨਹੀਂ

ਏਕਲਵਿਆ ਦਾ

ਕੱਟਿਆ ਅੰਗੂਠਾ ਵੀ ਹਾਂ…

ਹੁਣ ਮੈਂ

ਮਥਰਾ ਦੀ ਲੀਲ੍ਹਾ ਨਹੀਂ

ਕੁਰਕਸ਼ੇਤਰ ਦਾ

ਦਵੰਦ ਵੀ ਹਾਂ……"[15]

"ਚਿਰਾਂ ਪਿੱਛੋਂ
ਪੜ੍ਹੇ ਨੇ ਸ਼ਬਦ-
ਦਾਨਾਬਾਦ......
ਤਖ਼ਤ ਹਜ਼ਾਰਾ......
ਚਿਰਾਂ ਪਿੱਛੋਂ
ਸੁਣੇ ਨੇ ਸ਼ਬਦ-
ਚੂਚਕਾਣਾ...
ਗੜ੍ਹ-ਮੁਗਲਾਣਾ....."[16]

"ਕਪਲਵਸਤੂ ਕੋਲ ਤਾਂ ਰਾਹੁਲ ਸੀ
ਗੌਤਮ ਦੀ ਉਡੀਕ ਸੀ
ਸੀਤਾ ਨੂੰ ਦਰੋਪਦੀ ਪੁੱਛਦੀ:
ਮੈਂ ਤਾਂ ਜੂਏ 'ਚ ਹਾਰੀ ਹੋਈ ਨਰਦ ਸਾਂ
ਤੇਰੀ ਅਗਨ-ਪ੍ਰੀਖਿਆ ਦੀ ਕੀ ਵਜਾਹ"[17]

ਦਰਸ਼ਨ ਬੁੱਟਰ ਇਤਿਹਾਸਕ ਨਾਇਕਾਂ ਨੂੰ ਆਪਣੀ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੋਇਆ ਅਜੋਕੇ ਦੌਰ ਵਿਚ ਮਨੁੱਖ ਦੀ ਹੋਣੀ, ਸਮਾਜਕ, ਆਰਥਕ ਦੀ ਨਾ ਬਰਾਬਰੀ ਅਤੇ ਅਨ੍ਹਿਆਂ ਖਿਲਾਫ਼ ਆਪਣੀ ਕਵਿਤਾਵਾਂ ਰਾਹੀਂ ਮਨੁੱਖ ਦੀ ਦਿਸ਼ਾ ਅਤੇ ਦਸ਼ਾ ਨੂੰ ਪੇਸ਼ ਕਰਦਾ ਹੈ।

ਹਰਭਜਨ ਬਟਾਲਵੀ ਲਿਖਦਾ ਹੈ, "ਬੁੱਟਰ ਦੀ ਕਵਿਤਾ ਪੁਰਾਣੀਆਂ ਲੀਹਾਂ ਦੀ ਧਾਰਨੀ ਨਹੀਂ ਸਗੋਂ ਵੱਖਰੀ ਜਿਹੀ ਗੱਲ ਕਰਨ ਵਾਲੀ ਹੈ ਨਾ ਤਾਂ ਇਸ ਵਿਚ ਉਹ ਭਾਵੁਕ ਹੈ ਅਤੇ ਨਾ ਹੀ ਰੁਦਨ ਕਰਦਾ ਪ੍ਰਤੀਤ ਹੁੰਦਾ ਹੈ ਸਗੋਂ ਵੱਖ਼ਰੀ

ਜਿਹੀ ਡੂੰਘੀ ਗੱਲ ਕਰਦਾ ਹੈ। ਮਨੁੱਖ ਦੇ ਅੰਦਰਲੇ ਅਵਚੇਤਨ ਨੂੰ ਜਗਾਉਣ ਦਾ ਆਹਰ ਕਰਦਾ ਹੈ। ਉਹ ਬੰਦੇ ਨੂੰ ਕੋਈ ਇਲਾਹੀ, ਉਪਰੀ, ਅਣਚਾਹੀ ਚੀਜ਼ ਨਹੀਂ ਸਮਝਦਾ ਸਗੋਂ ਉਸ ਨਾਲ ਸੰਵੇਦਨਸ਼ੀਲਤਾ, ਸਿਰਜਣਾਤਮਕ ਰਿਸ਼ਤਾ ਅਤੇ ਜੀਵੰਤ ਰਿਸ਼ਤਾ ਕਾਇਮ ਕਰਦਾ ਹੈ।"[18]

"ਆਉਂਦੇ ਸਾਹ ਵਿਚ ਕੌਰਵ ਆਉਂਦੇ

ਜਾਂਦੇ ਵਿਚ ਪਾਂਡਵ

ਇਕ ਦੂਜੇ ਦਾ ਘਾਣ ਕਰਦੇ

ਮਨ ਦੀ ਰਣਭੂਮੀ 'ਚ ਲੋਥਾਂ ਦੇ ਅੰਬਾਰ ਲਗਦੇ"[19]

ਦਰਸ਼ਨ ਬੁੱਟਰ ਦੀ ਕਵਿਤਾ ਵਿਚ ਕਵਿਤਾ, ਨਜ਼ਮ, ਸਤਰ, ਸ਼ਬਦ, ਕਿਤਾਬਾਂ, ਕਵਿਤਾਵਾਂ, ਹਰਫ਼ ਸ਼ਬਦ ਹੀ ਨਹੀਂ ਹਨ ਸਗੋਂ ਇਹ ਜ਼ਿੰਦਗੀ ਦੇ ਪ੍ਰਤੀਕ, ਚਿੰਨ੍ਹ, ਬਿੰਬ ਬਣ ਕੇ ਜ਼ਿੰਦਗੀ ਦੇ ਯਥਾਰਥ, ਅਣਦਿਸਦੇ ਸੰਸਾਰ ਤੇ ਭਵਿੱਖ ਦੀ ਕਾਮਨਾ ਪ੍ਰਤੀ ਸੰਵੇਦਨਸ਼ੀਲ ਸਰੋਕਾਰ ਹਨ। ਜਿਹੜੇ ਵੇਖਣ ਨੂੰ ਤਾਂ ਨਿੱਕੇ ਸ਼ਬਦ ਹਨ ਪਰ ਇਨ੍ਹਾਂ ਸ਼ਬਦਾਂ ਅੰਦਰ ਸਮੁੱਚੇ ਜੀਵਨ ਦਾ ਫ਼ਲਸਫ਼ਾ ਵਿਰਾਜਮਾਨ ਹੈ।

"ਕਵਿਤਾ ਇਸ਼ਤਿਹਾਰ ਨਹੀਂ

ਕਿ ਚਿਪਕ ਜਾਏਗੀ

ਤਨ ਦੀ ਕੰਧ ਤੇ

ਇਹ ਤਾਂ ਸਿੰਮਦੀ ਹੈ

ਰੇਤਾ ਰੇਤਾ ਚੇਤਨਾ 'ਚੋਂ"[20]

## 3.4.2 ਸਮਾਜਕ ਸਰੋਕਾਰ

ਦਰਸ਼ਨ ਬੁੱਟਰ ਅਸਲ ਜੀਵਨ ਨੂੰ ਘਰ ਰਾਹੀਂ ਉਭਾਰਦਾ ਹੈ ਜਿਵੇਂ 'ਗੁਰਬਾਣੀ' ਵਿਚ ਆਉਂਦਾ ਹੈ 'ਘਰ ਸੁੱਖ ਪਾਇਆ, ਬਾਹਰ ਸੁਖ ਪਾਇਆ' ਕਿਉਂਕਿ ਬੁੱਟਰ ਦੀਆਂ ਕਵਿਤਾਵਾਂ ਦਾ ਪ੍ਰਮੁੱਖ ਸਰੋਕਾਰ ਘਰ, ਘਰ ਤੋਂ ਬਾਹਰ ਦੀ ਜ਼ਿੰਦਗੀ, ਬੇਗਾਨਾਪਨ, ਅਰਥਹੀਣਤਾ, ਛਿਣਭੰਗਤਾ ਮਹਿਸੂਸ ਹੁੰਦੀ ਹੈ। ਬੁੱਟਰ ਆਦਰਸ਼ਵਾਦੀ ਸ਼ਾਇਰ ਹੈ ਉਹ ਇਸ ਭਟਕਣਾ ਨੂੰ

ਆਪਣੀ ਨਜ਼ਮ 'ਦਰਦਨਾਕ ਮੰਜ਼ਰਾਂ ਤੋਂ ਪਾਰ' ਵਿਚ ਜੀਵਨ ਨੂੰ ਕਦੇ ਬੰਸਰੀ, ਕਦੇ ਤਲਾਸ਼, ਕਦੇ ਗੁਨਾਹ, ਕਦੇ ਤੜਫ਼ਦੀ ਨਦੀ ਤੇ ਕਦੇ ਸਹਿਮੀ ਚਿੜੀ ਦੇ ਪ੍ਰਤੀਕਾਂ ਰਾਹੀਂ ਇਸ ਸਮਾਜ ਦੀ ਦਲਦਲ ਵਿਚੋਂ ਨਿਕਲਣ ਦੀ ਗੱਲ ਕਰਦਾ ਹੋਇਆ ਕਹਿੰਦਾ ਹੈ:

"ਤੀਜਾ ਨੇਤਰ ਕਿਹੜਾ ਹੈ ਭਲਾ

ਜਿਸ ਵਿਚ

ਖ਼ਾਬਾਂ ਦੇ ਬੂਟਿਆਂ ਨੂੰ ਫੁੱਲ ਪੈਂਦੇ......

ਸੋਚੀਏ, ਤਾਂ ਤੀਜਾ ਨੇਤਰ

ਸਾਡੀ ਆਤਮਾ 'ਖੁੱਲ੍ਹਦਾ

ਜਾਣੀਏ, ਤਾਂ ਦ੍ਰਿਸ਼ਟੀ ਸਾਨੂੰ

ਮੁਕਤੀ ਮਾਰਗ ਦਿਖਾਉਂਦੀ"[21]

"ਸੱਚ ਇਹ ਵੀ

ਚਿਲਮਨਾਂ ਉਠਾਅ ਕੇ

ਲਿਖਣੀ ਪੈਂਦੀ ਹੈ......ਕਵਿਤਾ"[22]

ਸੁਤਿੰਦਰ ਸਿੰਘ ਨੂਰ ਬੁੱਟਰ ਬਾਰੇ ਲਿਖਦੇ ਹਨ, "ਉਹ ਆਪਣੀ ਕਵਿਤਾ ਨੂੰ ਕਦੇ ਵੀ ਨਸਰੀ ਅੰਦਾਜ ਦੇ ਨੇੜੇ ਨਹੀਂ ਜਾਣ ਦਿੰਦਾ, ਜੋ ਕਿ ਬਹੁਤ ਸਾਰੇ ਕਵੀਆਂ ਅੰਦਰ ਵਾਪਰ ਰਿਹਾ ਹੈ, ਉਹ ਕਾਵਿ ਭਾਸ਼ਾ ਦੇ ਕਾਵਿਕ ਅੰਦਾਜ਼ ਵੱਲੋਂ ਬਹੁਤ ਚੇਤੰਨ ਹੈ, ਉਸ ਦੀ ਕਵਿਤਾ ਅਪ੍ਰਗੀਤ ਹੋਣ ਦੇ ਬਾਵਜੂਦ ਸਤਰਾਂ ਵਿਚ ਸ਼ੇਅਰ ਵਰਗੀ ਖੂਬਸੂਰਤੀ ਪੈਦਾ ਕਰ ਲੈਂਦੀ ਹੈ, ਜਿਸ ਦਾ ਭਾਵ ਇਹ ਹੈ ਕਿ ਉਸ ਨੂੰ ਕਾਵਿ ਯੋਗਤਾ ਦੀ ਬਹੁਤ ਸੋਝੀ ਹੈ......... ਉਹ ਅਪ੍ਰਗੀਤਕ ਅੰਦਾਜ ਦੀ ਖੱਲ੍ਹੀ ਨਜ਼ਮ ਵਿਚ ਵੀ ਪ੍ਰਗੀਤਕ ਭਾਸ਼ਾ ਨੂੰ ਸਮੋਣਾ ਜਾਣਦਾ ਹੈ। ਕਰੁਣਾ ਨੂੰ ਨਜ਼ਮ ਦੇ ਅਵਚੇਤਨ ਤੱਕ ਰਚਾ ਲੈਂਦਾ ਹੈ ਤੇ ਉਸ ਦੀ ਨਜ਼ਮ ਪਾਠਕ ਦੇ ਅਵਚੇਤਨ ਤੱਕ ਪਈ ਕਰੁਣਾ ਦੀਆਂ ਤਹਿਆਂ ਨੂੰ ਜਗਾਉਣ ਲੱਗਦੀ ਹੈ। ਇਹ ਕੰਮ ਇਨ੍ਹਾਂ ਸੌਖਾ ਨਹੀਂ ਹੁੰਦਾ, ਇਸ ਵਿਚ ਹੀ ਕਾਵਿ ਯੋਗਤਾ ਲੁਕੀ ਹੁੰਦੀ ਹੈ।"[23]

ਦਰਸ਼ਨ ਬੁੱਟਰ ਦੀਆਂ ਸਾਰੀਆਂ ਕਵਿਤਾਵਾਂ ਸੰਜੀਦਾ ਅਤੇ ਸੋਚਵਾਨ ਸ਼ਾਇਰੀ ਨੂੰ ਪ੍ਰਗਟ ਕਰਦੀਆਂ ਹਨ। ਇਕ ਖੂਬਸੂਰਤ ਸੁਨੇਹਾ ਤੇ ਮਨ ਵਿਚ ਧੂਹ ਪਾਉਂਦੀ ਲਹਿਰ ਹਰ ਕਵਿਤਾ ਦਾ ਹਿੱਸਾ ਹੈ। ਬੁੱਟਰ ਦੇ ਮੱਥੇ ਵਿਚ ਜਾਗੀਆਂ ਜਿਗਿਆਸਾਵਾਂ ਨੇ ਜਿਨ੍ਹਾਂ ਦੇ ਉਤਰ ਉਹ ਆਪਣੀ ਰੂਹ ਤੋਂ ਪੁੱਛਦਾ ਹੈ ਜੋ ਖਿਆਲਾਂ ਦੇ ਸਮੁੰਦਰ ਕਿਨਾਰੇ ਹੀ ਨਹੀਂ ਸਗੋਂ ਜੀਵਨ ਦੇ ਚੱਪੇ-ਚੱਪੇ ਵਿਚ ਵਿਛੀਆਂ ਪਈਆਂ ਹਨ। ਇਨ੍ਹਾਂ ਪੈੜਾਂ ਦੀਆਂ ਆਕਰਿਤੀਆਂ ਮਨੁੱਖੀ ਮਨ ਨੂੰ ਸਮੁੰਦਰ ਤੇ ਸਮਾਜ ਦੀ ਗਹਿਰਾਈ ਵੱਲ ਲੈ ਜਾਣਾ ਚਾਹੁੰਦੀਆਂ ਹਨ।

"ਜੇ ਕਿਸੇ

ਇਸ਼ਤਿਹਾਰ ਵਿਚ 'ਬਰਸਾਤ' ਪੜ੍ਹੇ

ਤਾਂ ਸਮਝ ਲਵੀਂ

ਔੜ ਅਜੇ ਜਾਰੀ ਹੈ...

ਜੇ ਕਿਸੇ

ਅਖ਼ਬਾਰ ਵਿਚ 'ਸਵੇਰ' ਪੜ੍ਹੇ

ਤਾਂ ਜਾਣ ਲਵੀਂ

ਰਾਤ ਅਜੇ ਮੁਕੀ ਨਹੀਂ..."[24]

"ਤਾਰਾਂ ਕਸਾਂ ਤਾਂ ਟੁੱਟਣ ਦਾ ਖ਼ਦਸ਼ਾ

ਢਿੱਲੀਆਂ ਕਰਾਂ ਤਾਂ ਸਰਗਮ ਮਨਫ਼ੀ

ਹੇ ਗੁਰਦੇਵ!

ਕੀ ਖੱਟਿਆ ਮੈਂ ਬਿਰਖ਼ ਤੋਂ ਸਾਜ ਬਣਕੇ

ਹੇ ਸਖ਼ੀ!

ਹਨੇਰੇ ਕੁੱਝ ਵੀ ਨਹੀਂ

ਸਿਵਾਏ ਚਾਨਣ ਦੀ ਅਣਹੋਂਦ ਦੇ

ਨਿਰਾ ਛਲਾਵਾ ਨੇ ਇਹ ਭੰਬੂਤਾਰੇ

ਸ਼ਨਾਖਤ ਕਰ

ਆਪਣੇ ਅੰਦਰਲੀ ਜੋਤ ਦੀ"[25]

ਮਨੁੱਖ ਕਿੰਨਾ ਵੀ ਆਪਣੇ ਆਪ ਨਾਲ ਘੁਲਦਾ ਰਹੇ, ਆਪੇ ਦੀ ਤਲਾਸ਼ ਵਿਚ ਭਟਕਦਾ ਰਹੇ ਪਰ ਇਸ ਭਟਕਣਾ ਤੋਂ ਨਿਜ਼ਾਤ ਪਾਉਣ ਲਈ ਉਹ ਗਿਆਨ-ਵਿਗਿਆਨ ਤੇ ਧਰਮ-ਕਰਮ ਦੀਆਂ ਗੱਲਾਂ ਕਰਦਾ ਹੈ। ਉਹ ਆਪਣੇ ਵਰਤਮਾਨ, ਆਪਣੇ ਆਲੇ-ਦੁਆਲੇ ਤੇ ਸਮਕਾਲੀ ਸਥਿਤੀਆਂ, ਪਰਸਥਿਤੀਆਂ ਤੋਂ ਅਣਭਿੱਜ ਨਹੀਂ ਰਹਿ ਸਕਦਾ। ਮਨੁੱਖ ਨੂੰ ਸਮਕਾਲੀ ਸਮਾਜਕ, ਧਾਰਮਿਕ ਤੇ ਆਰਥਕ ਹਾਲਾਤ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਕਰਦੇ ਹਨ। ਬੁੱਟਰ ਦੀ ਕਵਿਤਾ ਵੀ ਸਮਾਜ ਦੀਆਂ ਇਨ੍ਹਾਂ ਸਮੱਸਿਆਵਾਂ ਨਾਲ ਖਹਿ ਕੇ ਲੰਘਦੀ ਹੈ। ਕਵੀ ਅਸਲੀਅਤ ਨੂੰ ਸਮਝਦਾ ਹੋਇਆ ਰਹੱਸ ਅਤੇ ਅੰਤਮ ਸੱਚ ਤਕ ਪਹੁੰਚਣ ਲਈ ਸੁਚੇਤ ਹੈ। ਬੁੱਟਰ ਦੀ ਕਵਿਤਾ ਬੌਧਿਕ ਜਿਗਿਆਸਾ ਤੇ ਅਨੁਭਵ ਦੀ ਤੀਬਰਤਾ ਦੇ ਰਹੱਸ ਨੂੰ ਲੱਭਣ ਦੀ ਦੌੜ ਵਿਚ ਹਨ।

"ਕਿਉਂ ਦੌੜਦੀ ਏਂ ਜੰਗਲ ਜੰਗਲ

ਖੁਸ਼ਬੂਆਂ ਦੇਪਿੱਛੇ

ਤੇਰੇ ਅੰਦਰ ਹੀ ਨੇ ਕਸਤੂਰੀਆਂ

ਕਿਉਂ ਤਲਾਸ਼ਦੀ ਏਂ ਆਪਣੀ ਹੋਂਦ

ਭਰਮਾਊ ਸ਼ੀਸ਼ਿਆਂ 'ਚੋਂ

ਤੇਰਾ ਸੱਚ ਤਾਂ ਹਰ ਵਗਦੇ ਸਾਹ ਅੰਦਰ"[26]

ਜੀਵਨ ਵਿਚ ਘਰ ਮਨੁੱਖ ਦਾ ਅਜਿਹਾ ਸਥਾਨ ਹੈ ਜਿੱਥੇ ਮਨੁੱਖ ਘਰ ਨੂੰ ਅਲਵਿਦਾ ਆਖ ਕੇ ਵੀ ਮੁੜ ਉਸ ਘਰ ਵਿਚ ਵਾਰ-ਵਾਰ ਆਉਂਦਾ ਹੈ। ਮਨੁੱਖ ਬਿਨਾਂ ਘਰ ਉਦਾਸ ਹੁੰਦਾ ਹੈ ਕਿਉਂ ਕਿ ਮਨੁੱਖ ਸੜਕਾਂ ਤੇ ਜ਼ਿੰਦਗੀ ਦੇ ਕਾਰ-ਵਿਹਾਰ ਵਿਚੋਂ ਨਿਕਲ ਕੇ ਸਕੂਨ ਲਈ ਜੇ ਕਿਤੇ ਵਾਪਸ ਦੌੜਦਾ ਹੈ ਤਾਂ ਉਹ 'ਘਰ' ਹੈ। ਬੁੱਟਰ ਦੀਆਂ ਕਵਿਤਾਵਾਂ ਵਿਚ 'ਘਰ' ਇਕ ਅਹਿਮ ਸਰੋਕਾਰ ਵਜੋਂ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆਉਂਦਾ ਹੈ।

"ਘਰ 'ਚ

ਹੋਰ ਵੀ ਬਹੁਤ ਕੁਝ

ਸਦੀ ਦੇ ਰਿਸ਼ਤਿਆਂ ਵਰਗਾ

ਕੱਚ ਦਾ ਗਿਲਾਸ ਟੁੱਟਿਆ

ਬਸ

ਘਰ ਟੁੱਟਿਆ......"[27]

"ਖੂਹ ਦੀਆਂ ਟਿੰਡਾਂ

ਮੇਰੇ ਨਾਲੋਂ ਵੱਧ ਤਿਹਾਈਆਂ

ਇਕ ਦੂਜੀ ਦਾ ਪਾਣੀ ਵੀ ਪੀਂਦੀਆਂ

ਇਕ ਦੂਜੀ ਦੇ ਸਾਹੀਂ ਵੀ ਜੀਂਦੀਆਂ"[28]

ਖੂਹ ਦੀਆਂ ਟਿੰਡਾਂ ਵੀ ਜ਼ਿੰਦਗੀ ਦਾ ਅਜਿਹਾ ਹੀ ਪ੍ਰਤੀਕ ਹੈ ਜਿਹੜਾ ਖਾਲੀ ਤੇ ਭਰਿਆ ਹੋਇਆ ਹੈ। ਜ਼ਿੰਦਗੀ ਦੇ ਉਸ ਰਹੱਸ ਨੂੰ ਸਪੱਸ਼ਟ ਕਰਦਾ ਹੈ ਕਿ ਘਰ ਕੇਵਲ ਇੱਟਾਂ ਦੇ ਨਹੀਂ. ਉਨ੍ਹਾਂ ਵਿਚ ਮਨੁੱਖਾਂ ਦਾ ਵੀ ਵਾਸ ਹੋਣਾ ਚਾਹੀਦਾ ਹੈ। ਦਰਸ਼ਨ ਬੁੱਟਰ ਦੀ ਕਵਿਤਾ ਸਮੁੱਚੇ ਤੌਰ 'ਤੇ ਭਾਵੇਂ ਆਲੋਚਕਾਂ ਦੇ ਕਹਿਣ ਵਾਂਗ ਵਾਦ-ਵਿਵਾਦ ਤੋਂ ਮੁਕਤ ਹੈ ਪਰ ਕੋਈ ਵੀ ਕਾਵਿ ਰਚਨਾ ਅਜਿਹੀ ਨਹੀਂ ਹੁੰਦੀ ਜਿਹੜੀ ਕਿਸੇ ਵੀ ਵਾਦ ਨਾਲ ਨਾ ਜੁੜੀ ਹੋਵੇ ਕਿਉਂ ਕਿ ਸ਼ਾਇਰ ਸੰਵੇਦਨਸ਼ੀਲ ਹੁੰਦੇ ਹਨ ਉਸ ਦੀ ਸਮਾਜ ਪ੍ਰਤੀ ਪਹੁੰਚ ਸਹਿਜ ਤੋਂ ਸੁਹਜ ਬਣਦੀ ਹੈ। ਇਹੀ ਸੁਹਜ ਜ਼ਿੰਦਗੀ ਦੀ ਉਹ ਕਲਾ ਹੈ ਜਿਸ ਨੂੰ ਸ਼ਾਇਰ ਆਪਣੀ ਸ਼ਾਇਰੀ ਦੇ ਮਾਧਿਅਮ ਰਾਹੀਂ ਇਕ ਅਜਿਹੇ ਸਮਾਜ ਦੀ ਸਿਰਜਣਾ ਲਈ ਕਾਲਪਨਿਕ ਸੰਸਾਰ ਸਿਰਜਦਾ ਹੈ। ਬੁੱਟਰ ਦੀਆਂ ਕਵਿਤਾਵਾਂ ਵਿਚਲੇ ਜਜ਼ਬੇ, ਭਾਵਨਾਵਾਂ, ਸੰਜਮ ਤੇ ਦਿਲੀ ਵੇਦਨਾ ਹੀ ਮਨ ਨੂੰ ਨਹੀਂ ਟੁੰਬਦੀ ਸਗੋਂ ਉਹ ਨਿੱਕੇ-ਨਿੱਕੇ ਸੰਕੇਤਾਂ ਰਾਹੀ ਬਹੁਤ ਵੱਡੀਆਂ ਗੱਲਾਂ ਕਹਿ ਜਾਂਦੀਆਂ ਹੈ। ਉਸ ਕੋਲ ਸਿਰਜਣ ਪ੍ਰਕਿਰਿਆ ਦੀ ਸੋਝੀ ਤੇ ਕਲਪਨਾ ਦੀ ਉਡਾਰੀ ਉਸ ਦੀ ਕਵਿਤਾ ਵਿਚ ਇੰਨੀ ਜਿਆਦਾ ਉਪਰ ਚਲੀ ਜਾਂਦੀ ਹੈ ਜੋ ਕਿ ਯਥਾਰਥ ਦੀਆਂ ਘਟਨਾਵਾਂ ਨਾਲ ਮੇਲ ਖਾਂਦੀ ਹੋਈ ਦ੍ਰਿਸ਼ਟੀਕੋਣ ਦੇ ਫਾਸਲੇ ਵੀ ਨਾਪ ਜਾਂਦੀ ਹੈ। ਕਵਿਤਾ ਵਿਚਲਾ ਸੁਹਜ-ਸੁਆਦ ਹੀ ਅਸਲ ਵਿਚ ਉਹ ਯਥਾਰਥ ਹੁੰਦਾ ਹੈ ਜਿਹੜਾ ਸਮਾਜ ਵਿਚ ਵਾਪਰ ਰਿਹਾ ਵਰਤਾਰਾ ਹੁੰਦਾ ਹੈ। ਸ਼ਾਇਰ ਆਪਣੀ ਤਰਕ ਬੁੱਧੀ ਰਾਹੀਂ ਉਸ ਦਾ ਵਿਸ਼ਲੇਸ਼ਣ ਕਰਦਾ ਹੈ। ਦਰਸ਼ਨ ਬੁੱਟਰ ਸਮਾਜ ਵਿਚ ਇਕ ਦੂਜੇ ਨੂੰ ਲਤਾੜ ਕੇ ਜਾਂ ਉਸ ਦੀ ਹੋਂਦ ਖ਼ਤਮ ਕਰ ਕੇ ਮਨੁੱਖ ਦੀ ਅੱਗੇ ਲੰਘਣ ਦੀ ਪ੍ਰਵਿਰਤੀ ਤੇ ਵਿਅੰਗ ਕਰਦਾ ਹੋਇਆ ਲਿਖਦਾ ਹੈ-

"ਕੁਝ 'ਚਿਹਰੇ'

ਖਾ ਜਾਂਦੇ ਨੇ ਸ਼ੀਸ਼ਾ

ਕੁਝ ਚਿਹਰੇ

'ਸ਼ੀਸ਼ਾ' ਖਾ ਜਾਂਦਾ ਹੈ..."[29]

"ਹੁਣ ਮੈਂ

ਰਿਸ਼ਤਿਆਂ ਦੀ ਥਾਂ

ਗ਼ਰਜ਼ ਨੂੰ ਸੰਬੋਧਿਤ ਹੋਵਾਂਗਾ

ਫ਼ਰਜ਼ਾਂ ਨੂੰ

ਅਧਿਕਾਰਾਂ ਵਾਂਗ ਵਰਤਾਗਾਂ

ਸਫ਼ਰ ਦਰ ਸਫ਼ਰ

ਰਾਹਾਂ ਤੋਂ ਇਨਕਾਰੀ ਹੋ ਜਾਵਾਂਗਾ

ਸੜਕਾਂ ਤੋਂ

ਪਲ ਪਲ ਹਾਦਸੇ ਚੁਗਾਂਗਾ

ਵਸਤੂ ਦੀ ਥਾਂ

ਇਸ਼ਤਿਹਾਰ ਖਰੀਦ ਕੇ ਘਰ ਮੁੜਾਂਗਾ..."[30]

"ਹਰਫ਼ਾਂ ਦੇ ਜੰਗਲ 'ਚ

ਸੰਦਲ ਵੀ ਕਰੀਰ ਨੇ

ਰੂਹ ਦੀ ਅਬਾਬੀਲ

ਟਹਿਣੀਆਂ ਬਦਲਦੀ ਰਹਿੰਦੀ

ਨਜ਼ਮ ਬਦਲਦੀ ਰਹਿੰਦੀ ਜਿਲਦਾਂ ਨੂੰ...”[31]

### 3.4.3 ਮਾਨਵੀ ਸਰੋਕਾਰ

ਪੂੰਜੀਵਾਦ ਦੇ ਇਸ ਦੌਰ ਵਿਚ ਮਾਨਵੀ ਰਿਸ਼ਤੇ ਟੁੱਟ-ਭੱਜ ਦਾ ਸ਼ਿਕਾਰ ਹੋ ਰਹੇ ਹਨ। ਰਿਸ਼ਤਿਆਂ ਵਿਚੋਂ ਅਹਿਸਾਸ, ਭਾਵਨਾਵਾਂ ਤਾਂ ਲਾਪਤਾ ਹੋਈਆਂ ਪਈਆਂ ਹਨ। ਅਜੋਕਾ ਮਨੁੱਖ ਭਾਵਨਾਵਾਂ ਵਿਹੂਣੇ ਰਿਸ਼ਤਿਆਂ ਦੇ ਬੋਝ ਹੇਠ ਦੱਬਿਆ ਪਿਆ ਹੈ। ਆਪਸੀ ਤਰਕ-ਵਿਤਰਕ ਨੇ ਮਨਾਂ ਵਿਚ ਦੂਰੀਆਂ ਵਧਾ ਦਿੱਤੀਆਂ ਹਨ। ਇਨ੍ਹਾਂ ਨੇ ਮਾਨਸਿਕ ਗੁੰਝਲਾਂ ਨੂੰ ਜਨਮਿਆ ਹੈ ਤੇ ਰਿਸ਼ਤਿਆਂ ਵਿਚਲੀਆਂ ਤੰਦਾਂ ਵਿਚ ਗੁੰਝਲਾਂ ਪੈ ਗਈਆਂ ਹਨ। ਦਰਸ਼ਨ ਬੁੱਟਰ ਦੀ ਅੰਦਰੂਨੀ ਚੇਤਨਾ ਇਨ੍ਹਾਂ ਤੰਦਾਂ ਵਿਚਲੀਆਂ ਗੁੰਝਲਾਂ ਨੂੰ ਮਹਿਸੂਸ ਕਰਦੀ ਹੈ ਤੇ ਜਟਾਵਾਂ ਦਾ ਰੂਪ ਧਾਰਨ ਕਰਨ ਤੋਂ ਪਹਿਲਾਂ ਹੀ ਸੁਲਝਾ ਦੇਣਾ ਚਾਹੁੰਦੀ ਹੈ। ਉਹ ਰਿਸ਼ਤਿਆਂ ਦੀ ਤੁਲਨਾ ਗਲੇਸ਼ੀਅਰ ਨਾਲ ਕਰਦਾ ਹੈ। ਗਲੇਸ਼ੀਅਰ ਠੰਡਾ ਹੁੰਦਾ ਹੈ ਅਤੇ ਰਿਸ਼ਤਿਆਂ ਵਿਚ ਨਿੱਘ ਘੱਟਣ ਨਾਲ ਰਿਸ਼ਤੇ ਠੰਡੇ ਪੈਂਦੇ ਜਾ ਰਹੇ ਹਨ। ਠੰਡਾ ਪੈਣਾ ਮੌਤ ਦੇ ਸੰਕਲਪ ਵੱਲ ਵੱਧਣਾ ਹੈ। ਬੁੱਟਰ ਦੀ ਕਵਿਤਾ ਰਿਸ਼ਤਿਆਂ ਵਿਚ ਨਿੱਘ ਵੀ ਭਰਦੀ ਹੈ ਤੇ ਰਿਸ਼ਤਿਆਂ ਨੂੰ ਸੰਵਾਰਦੀ ਵੀ ਹੈ। ਉਹ ਲਿਖਦਾ ਹੈ-

“ਰਿਸ਼ਤਿਆਂ ਦੇ ਗਲੇਸ਼ੀਅਰ 'ਤੇ

ਚਿਣਗਾਂ ਦੀ

ਸ਼ੀਰਨੀ ਵੰਡਦਾ ਹਾਂ......

ਥੱਕੇ ਖੰਭਾਂ ਨੂੰ ਪਲੋਸਦਾ ਹਾਂ......

ਖੰਡਰਾਂ ’ਚ

ਤਸਵੀਰਾਂ ਟੰਗਦਾ ਹਾਂ......”[32]

ਅੱਜ ਦੇ ਵਿਗਿਆਨਕ ਯੁੱਗ ਵਿਚ ਮਨੁੱਖ ਪੱਥਰ ਦਾ ਬਣ ਕੇ ਰਹਿ ਗਿਆ ਹੈ। ਪਹਿਲਾਂ ਘਰ ਕੱਚੇ ਹੁੰਦੇ ਸਨ ਤੇ ਰਿਸ਼ਤੇ ਪੱਕੇ ਸਨ ਪਰ ਹੁਣ ਘਰ ਤਾਂ ਜ਼ਰੂਰ ਪੱਕੇ ਹੋ ਗਏ ਹਨ ਪਰ ਰਿਸ਼ਤੇ ਕੱਚੇ ਤੰਦ ਦੀ ਤਰ੍ਹਾਂ ਹੋ ਗਏ ਹਨ। ਹੁਣ ਕਿਸੇ ਕੋਲ ਕਿਸੇ ਲਈ ਵਿਹਲ ਨਹੀਂ ਹੈ, ਕੋਈ ਸਮਾਂ ਨਹੀਂ ਹੈ ਕਿ ਉਹ ਇਕ ਦੂਜੇ ਕੋਲ ਜਾ ਕੇ ਦੁੱਖ-ਸੁੱਖ ਸਾਂਝਾ ਕਰ ਸਕਣ। ਦਰਸ਼ਨ ਬੁੱਟਰ ਇਨ੍ਹਾਂ ਅਹਿਸਾਸਾਂ ਦਾ ਜ਼ਿਕਰ ਇਨ੍ਹਾਂ ਸਤਰਾਂ ਵਿਚ ਕਰਦਾ ਹੈ:

"ਝੱਲੀ!

ਚਿਰਾਂ ਤੋਂ ਕਰਦੀ

ਢੋਏ ਦਰਾਂ 'ਤੇ

ਇਕ ਦਸਤਕ ਦੀ ਉਡੀਕ

ਬੂਹੇ ਅੱਜ ਕੱਲ੍ਹ ਕੌਣ ਖੜਕਾਉਂਦਾ ਹੈ!"[33]

"ਛੱਡ ਪਰੇ

ਆਰਜ਼ੀ ਰੰਗਾਂ ਦਾ ਮੋਹ

ਰੰਗ ਜੋ

ਝਗੜਦੇ...ਘੁਲ਼ਦੇ

ਰੂਪ ਵਟਾਉਂਦੇ...ਹੋਂਦ ਗੁਆਉਂਦੇ

ਸਾਹਾਂ ਨਾਲ ਨਹੀਂ ਨਿਭਦੇ"[34]

ਜ਼ਿੰਦਗੀ ਦੇ ਸੱਚ ਨੂੰ ਬੁੱਟਰ ਯਥਾਰਥ ਰਾਹੀਂ ਪੇਸ਼ ਕਰਦਾ ਹੈ ਕਿਉਂਕਿ ਆਧੁਨਿਕ ਦੌਰ ਵਿਚ ਮਨੁੱਖੀ ਜ਼ਿੰਦਗੀ ਬਨਾਵਟੀ ਵਧੇਰੇ ਹੋ ਗਈ ਹੈ। ਜਦ ਕਿ ਅਸਲ ਜ਼ਿੰਦਗੀ ਮਨੁੱਖ ਦੀ ਜ਼ਿੰਦਗੀ 'ਚੋਂ ਗਵਾਚਦੀ ਜਾ ਰਹੀ ਹੈ। ਬੁੱਟਰ ਜ਼ਿੰਦਗੀ ਦੇ ਸੱਚ ਨੂੰ ਸਿੱਧੇ ਪਾਸਿਉਂ ਨਹੀਂ ਉਸ ਦੇ ਪੁੱਠੇ ਪਾਸਿਉਂ ਵੇਖਦਾ ਹੈ। ਬੁੱਟਰ ਦੀ ਕਵਿਤਾ ਜਿੱਥੇ ਰੁਮਾਂਟਿਕ ਵਿਚਾਰਧਾਰਾ 'ਚ ਪਰੁੰਨੀ ਹੋਈ ਹੈ ਉੱਥੇ ਮਨੁੱਖ ਦੇ ਜੀਵਨ ਨਾਲ ਜੁੜੇ ਉਨ੍ਹਾਂ ਰਹੱਸਾਂ ਨੂੰ ਵੀ ਸੰਬੋਧਿਤ ਹੈ ਜਿਹੜੇ ਰਹੱਸ ਮਨੁੱਖੀ ਮਨ ਦੀਆਂ ਗੰਢਾਂ ਦੁਆਲੇ ਇਸ ਤਰ੍ਹਾਂ ਜਕੜੇ ਹੋਏ ਹਨ ਕਿ ਚਾਹੁੰਦਿਆਂ ਹੋਇਆਂ ਵੀ ਬੰਦਾ ਕੁੱਝ ਬੋਲਦਾ ਨਹੀਂ ਤੇ ਬੋਲਦਿਆਂ ਵੀ ਕੁੱਝ ਦੱਸਦਾ ਨਹੀਂ। ਇਸ ਚੁੱਪ ਦੀ ਭਾਸ਼ਾ ਨੂੰ ਜਿਹੜੇ ਸ਼ਬਦਾਂ ਰਾਹੀਂ ਬੁੱਟਰ ਆਪਣੀ ਕਵਿਤਾ ਦਾ ਹਿੱਸਾ ਬਣਾਉਂਦੇ ਹੋਏ ਉਨ੍ਹਾਂ ਪਲਾਂ ਨੂੰ ਚਿਤਰਦਾ ਹੈ। ਉਨ੍ਹਾਂ ਪਲਾਂ ਦਾ ਮਨੋਵਿਗਿਆਨਕ ਰਹੱਸ, ਯਥਾਰਥ ਉੱਘੜ ਕੇ ਸਾਹਮਣੇ ਆਉਂਦਾ ਹੈ। ਉਹ ਪੇਸ਼ ਕਰਦਾ ਹੈ

"ਮੇਲੇ 'ਚੋਂ ਖ਼ਰੀਦਿਆ

ਤਾਰ 'ਤੇ ਟੱਪਦਾ ਬਾਂਦਰ

'ਆੜੀ' ਸੀ ਮੇਰਾ

ਨਿੱਕੀ ਜਿਹੀ

'ਰਬੜ ਦੀ ਗੁੱਡੀ'

ਮੈਨੂੰ ਮੇਰੀ 'ਭੈਣ' ਜਾਪਦੀ"[35]

"ਵਿਦਾਇਗੀ ਸਮੇਂ

ਕੋਈ ਮੁੜ-ਮੁੜ ਦੇਖੇ

ਇਹ ਨਿਯਮ

ਇਸ ਸਦੀ ਦੇ

ਰਾਹੀਆਂ 'ਤੇ ਲਾਗੂ ਨਹੀਂ"[36]

ਦਰਸ਼ਨ ਬੁੱਟਰ ਦੀ ਕਾਵਿ ਦ੍ਰਿਸ਼ਟੀ ਅਤੇ ਉਸ ਦੀ ਪਹੁੰਚ ਸੰਬੰਧੀ ਡਾ. ਮਨਿੰਦਰ ਕਾਂਗ ਲਿਖਦੇ ਹਨ "ਕਵੀ ਦਾ ਸਾਰਾ ਕਾਵਿ ਸੰਸਾਰ ਇਕ ਸੰਯੁਕਤ ਪ੍ਰਬੰਧ ਵਾਂਗ ਹੈ। ਅਨੇਕਾਂ ਅੰਤਰ ਦ੍ਰਿਸ਼ਟੀਆਂ ਇਕ ਦੂਜੇ ਵਲਇਸ ਤਰ੍ਹਾਂ ਆਤਮਲੀਨ ਹਨ ਕਿ ਭਾਵਾਂ ਨਾਲ ਡਲਕਦੇ ਵਿਚਾਰ ਪ੍ਰਬੰਧ ਦੀ ਸਿਰਜਣਾ ਹੋ ਨਿਬੜਦੀ ਹੈ।"[37]

ਵਿਸ਼ਵ ਕਵਿਤਾ ਦੇ ਸੰਦਰਭ ਵਿਚ ਸੋਚਦਿਆਂ ਬੁੱਟਰ ਦੀ ਕਵਿਤਾ ਉਸ ਦੀ ਆਧੁਨਿਕਤਾਵਾਦੀ ਕਵਿਤਾ ਨਾਲ ਸਾਂਝ ਪਾਉਂਦੀ ਜਾਪਦੀ ਹੈ ਕਿਉਂਕਿ ਇਸ ਯੁੱਗ ਵਿਚ ਮਨੁੱਖ ਅਤੇ ਮਨੁੱਖ ਦੇ ਸੰਕਲਪ ਦੀ ਤਿੜਕਣ ਹੀ ਸਾਹਮਣੇ ਨਹੀਂ ਆਉਂਦੀ ਸਗੋਂ ਮਨੁੱਖ ਤੇ ਜ਼ਿੰਦਗੀ ਨਾਲ ਸੰਬੰਧਤ ਹੋਰ ਸਰੋਕਾਰ ਵੀ ਅਜਿਹੀ ਟੁੱਟ-ਭੱਜ ਦੇ ਸਨਮੁੱਖ ਹੁੰਦੇ ਹਨ। ਖਪਤ ਸਭਿਆਚਾਰ, ਖੰਡਤ ਸੰਵੇਦਨਾਵਾਂ ਉੱਤੇ ਸਵਾਰ ਹੋ ਕੇ ਚਾਰੇ ਦਿਸ਼ਾਵਾਂ ਵਿਚ ਫੈਲਦਾ ਹੈ। ਨਿਰਾਸ਼ਾ, ਵਿਸ਼ਾਦ, ਰੁਦਨ, ਉਦਾਸਹੀਣਤਾ ਦੇ ਇਸ ਦੌਰ ਵਿਚ ਦਰਸ਼ਨ ਬੁੱਟਰ ਦੀ ਕਵਿਤਾ ਖੰਡਤ ਹੋਏ ਮਨੁੱਖ ਦੀ ਮਾਨਵਤਾ ਨੂੰ ਪੇਸ਼ ਕਰਦੀ ਹੈ, ਇਸ ਨਾਲ ਉਸ ਦੀ ਮਨੁੱਖਤਾ ਪ੍ਰਤੀ ਪਹੁੰਚ ਵੀ ਸਪੱਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਦੇ ਕਾਵਿ ਸੰਗ੍ਰਹਿ ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਵਿਚ ਇਤਿਹਾਸਕ, ਸਮਾਜਕ ਤੇ ਮਾਨਵੀ ਸਰੋਕਾਰ ਰੂਪਮਾਨ ਹੁੰਦੇ ਹਨ। ਇਨ੍ਹਾਂ ਸਰੋਕਾਰਾਂ ਰਾਹੀਂ ਬੁੱਟਰ ਨੇ ਇਤਿਹਾਸ ਨੂੰ,

ਸਮਾਜ ਦੀਆਂ ਸਮੱਸਿਆਵਾਂ ਨੂੰ, ਮਾਨਵੀ ਰਿਸ਼ਤਿਆਂ ਨੂੰ ਭਲੀ ਭਾਂਤੀ ਉਜਾਗਰ ਕੀਤਾ ਹੈ। ਉਹ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਨਾਲ ਅਧਿਆਤਮਕ ਰੰਗ ਦੇ ਕੇ ਕਿਸੇ ਵੀ ਤਰੀਕੇ ਨਾਲ ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਆਸ ਦਾ ਪੱਲਾ ਨਹੀਂ ਛੱਡਦਾ। ਬੁੱਟਰ ਦੇ ਕਾਵਿਕ ਅਧਿਐਨ ਵਿਚੋਂ ਲੰਘਦਿਆਂ ਜੋ ਕੇਂਦਰੀ ਵਿਚਾਰ ਉੱਭਰ ਕੇ ਪ੍ਰਤੱਖ ਹੁੰਦੇ ਹਨ ਉਹ ਹਨ ਮਾਨਵਤਾਵਾਦੀ ਸਮਾਜਕ ਸਰੋਕਾਰਾਂ ਦੇ ਅੰਤਰਗਤ ਮਾਨਵੀ ਰਿਸ਼ਤਿਆਂ ਦਾ ਟਕਰਾਅ, ਤੜਕਾਉ ਮਨੁੱਖੀ ਬਦਲਾਵ ਉਸ ਦੀ ਕਵਿਤਾਵਾਂ ਦੇ ਪ੍ਰਮੁੱਖ ਸੁਰ ਹਨ। ਉਹ ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦਿਆਂ ਮਨੁੱਖੀ ਜ਼ਿੰਦਗੀ ਦੇ ਸਾਹਮਣੇ ਮੂੰਹ ਅੱਡੀ ਖੜੇ ਖਤਰਿਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਅਜੋਕੇ ਮਨੁੱਖ ਨੂੰ ਸੁਚੇਤ ਕਰਦਾ ਹੈ।

ਉਪਰ ਅਸੀਂ ਦਰਸ਼ਨ ਬੁੱਟਰ ਦੀ ਕਵਿਤਾ ਵਿਚੋਂ ਉੱਭਰਦੇ ਇਤਿਹਾਸਕ, ਮਿਥਿਹਾਸਕ ਅਤੇ ਸਮਾਜਕ ਸਰੋਕਾਰਾਂ ਬਾਰੇ ਅਧਿਐਨ ਕੀਤਾ ਗਿਆ। ਦਰਸ਼ਨ ਬੁੱਟਰ ਦੀ ਕਵਿਤਾ ਵਿਚ ਮੁੱਖ ਸਰੋਕਾਰ ਮਾਨਵਵਾਦੀ, ਆਦਰਸ਼ਵਾਦੀ, ਅਧਿਆਤਮਵਾਦੀ ਤੇ ਰੁਮਾਂਟਿਕ ਸਰੋਕਾਰ ਉੱਭਰਦੇ ਹਨ। ਜੇਕਰ ਅਸੀਂ ਇਨ੍ਹਾਂ ਸਰੋਕਾਰਾਂ ਦੀਆਂ ਅੰਦਰੂਨੀ ਪਰਤਾਂ ਨੂੰ ਫਰੋਲਦੇ ਹਾਂ ਤਾਂ ਇਨ੍ਹਾਂ ਸਰੋਕਾਰ ਨਾਲ ਜੁੜੇ ਜੀਵਨ ਮਾਨਵਤਾ, ਮਨੁੱਖਤਾ, ਔਰਤ, ਘਰ, ਪਰਿਵਾਰ ਤੇ ਇਸ ਦਾ ਸੰਸਾਰ ਹੀ ਨਜ਼ਰ ਨਹੀਂ ਆਉਂਦਾ ਬਲਕਿ ਉਹਨਾਂ ਵਿਚ ਛੁਪੀਆਂ ਉਹ ਗੁਝੀਆਂ ਅਜਿਹੀਆਂ ਰਮਜ਼ਾਂ ਹਨ ਜਿਨ੍ਹਾਂ ਨੂੰ ਬਾਰੀਕ ਬੁੱਧੀ ਨਾਲ ਨਿਰਖਦਿਆਂ-ਪਰਖਦਿਆਂ ਦਰਸ਼ਨ ਬੁੱਟਰ ਦੇ ਕਾਵਿ ਸੰਸਾਰ ਦਾ ਵਿਸ਼ਾ ਬਹੁਪਰਤੀ ਤੇ ਬਹੁ ਵਿਸ਼ਾਲ ਅਤੇ ਬਹੁਅਰਥਾਂ ਵਾਲਾ ਬਣ ਜਾਂਦਾ ਹੈ ਕਿਉਂਕਿ ਦਰਸ਼ਨ ਬੁੱਟਰ ਪੰਜਾਬੀ ਕਵਿਤਾ ਦਾ ਅਜਿਹਾ ਸ਼ਾਇਰ ਹੈ ਜਿਹੜਾ ਕਿਤਾਬਾਂ ਨਹੀਂ, ਕਵਿਤਾ ਲਿਖਦਾ ਹੈ। ਉਸ ਦੀਆਂ ਰਚਨਾਵਾਂ ਬਾਰੇ ਵੱਖ-ਵੱਖ ਵਿਦਵਾਨਾਂ ਆਲੋਚਕਾਂ ਨੇ ਵੱਖ-ਵੱਖ ਨਜ਼ਰੀਏ ਤੇ ਦ੍ਰਿਸ਼ਟੀਕੋਣ ਤੋਂ ਉਸ ਦੀ ਕਵਿਤਾ ਨੂੰ ਸਮਝਣ ਦਾ ਯਤਨ ਕੀਤਾ ਹੈ। ਬੁੱਟਰ ਦੀ ਕਵਿਤਾ ਦਾ ਸਮੁੱਚੇ ਰੂਪ ਵਿਚ ਅਧਿਐਨ ਕਰਨਾ ਔਖਾ ਹੀ ਨਹੀਂ ਬਲਕਿ ਸਾਡੇ ਅਧਿਐਨ ਦੀ ਸੀਮਾ ਤੋਂ ਬਾਹਰ ਹੈ ਪਰ ਫਿਰ ਵੀ ਅਸੀਂ ਨਿਗੂਣੀ ਜਿਹੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਉਹ ਆਪਣੀ ਹਰ ਕਵਿਤਾ ਵਿਚ ਕੁੱਝ ਪ੍ਰਸ਼ਨ ਉਠਾਉਂਦਾ ਹੈ ਅਤੇ ਉਨ੍ਹਾਂ ਪ੍ਰਸ਼ਨਾਂ ਦੇ ਉਤਰ ਆਪਣੇ ਕਾਵਿ ਅਧਿਐਨ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਹੈ। ਉਹ ਆਪਣੀਆਂ ਕਵਿਤਾਵਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪਰਖਦਾ, ਨਿਰਖਦਾ ਹੋਇਆ ਸ਼ਬਦਾਂ ਦੇ ਜਾਲ ਤੋਂ ਮੁਕਤ ਹੋਇਆ ਕੁੱਝ ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ ਰਾਹੀਂ ਉਹ ਆਪਣੀਆਂ ਪੈੜਾਂ ਸਾਹਿਤ ਦੇ ਖੇਤਰ ਵਿਚ ਪਾਉਂਦਾ ਹੈ। ਉਸ ਦੀਆਂ ਕਵਿਤਾਵਾਂ ਜਿੱਥੇ ਪਾਠਕ ਨੂੰ ਝੰਜੋੜਦੀਆਂ ਹਨ ਉੱਥੇ ਸਮਾਜ ਵਿਚ ਫੈਲੀ ਅਰਾਜਕਤਾ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹਨ।

ਅਜੋਕੀ ਮਾਨਵੀ ਜ਼ਿੰਦਗੀ ਵਿਚ ਇਕ ਖਲਾਅ ਨਜ਼ਰ ਆਉਂਦਾ ਹੈ। ਉਸ ਨੂੰ ਇਸ ਨਵ-ਪੂੰਜੀਵਾਦੀ ਪ੍ਰਬੰਧ ਵਿਚ ਜ਼ਿੰਦਗੀ ਜਿੱਥੇ ਅਤੀਤ ਨਾਲੋਂ ਟੁੱਟਦੀ ਜਾਪਦੀ ਹੈ ਉੱਥੇ ਉਸ ਨੂੰ ਭਵਿੱਖਮੁਖੀ ਰਸਤਾ ਨਜ਼ਰ ਨਹੀਂ ਆਉਂਦਾ ਸਗੋਂ ਅੱਜ ਇਹ ਜ਼ਿੰਦਗੀ ਵਰਤਮਾਨ ਦੀਆਂ ਸਥਾਪਤ ਹੋ ਰਹੀਆਂ ਕਰੂਰ ਅਤੇ ਬਰਬਰ ਕੀਮਤਾਂ ਵਿਚ ਉੱਲਝ ਕੇ ਰਹਿ ਗਈ ਹੈ।

ਡਾ. ਸੁਰਜੀਤ ਸਿੰਘ ਦੌਧਰ ਦਰਸ਼ਨ ਬੁੱਟਰ ਦੀ ਕਵਿਤਾ ਦਾ ਅਧਿਐਨ ਕਰਦਿਆਂ ਹੋਇਆਂ ਲਿਖਦਾ ਹੈ, "ਮਨੁੱਖ ਜੀਵਨ ਦੀ ਤੌਰ ਨਾਲ ਸਹਿਮਤ ਨਹੀਂ ਹੁੰਦਾ ਇਸ ਨੂੰ ਬਦਲ ਵੀ ਨਹੀਂ ਸਕਦਾ ਤੇ ਆਪਣੀ ਹੋਂਦ ਤੋਂ ਵਿਛੁਨਿਆ ਮਨੁੱਖ

ਅਲਗਾਵਗ੍ਰਸਤ ਹੋ ਜਾਂਦਾ ਹੈ। ਮਨੁੱਖ ਅੰਦਰ ਉਸਰਦੀਆਂ ਸਥਿਤੀਆਂ/ਪ੍ਰਸਥਿਤੀਆਂ ਦੇ ਸੰਦਰਭ ਵਿਚ ਅਧਿਐਨ ਕਰਨ ਨਾਲ ਹੀ ਬੰਦੇ ਦੀ ਅਲਗਾਵਗ੍ਰਸਤ ਮਾਨਸਿਕਤਾ ਨੂੰ ਉਲੀਕਿਆ ਜਾ ਸਕਦਾ ਹੈ।"[38]

ਦਰਸ਼ਨ ਬੁੱਟਰ ਰਿਸ਼ਤਿਆਂ ਵਿਚ ਨਿਘਾਰ, ਘਰ ਤੋਂ ਅਲਗਾਵ, ਮਨੁੱਖ ਦੀ ਤ੍ਰਾਸਦੀ, ਵਿਸ਼ਵੀਕਰਨ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਲੋਕ ਮਨਾਂ ਵਿਚ ਮੱਚੀ ਤਰਥਲੀ ਨੂੰ ਆਪਣੀ ਕਵਿਤਾ ਰਾਹੀਂ ਪੇਸ਼ ਕਰਦਾ ਹੈ। ਉਸ ਦੀ ਕਵਿਤਾ ਵਿਚ ਗਤੀਸ਼ੀਲਤਾ ਦਾ ਪ੍ਰਭਾਵ ਪ੍ਰਗਟ ਹੁੰਦਾ ਹੈ।

"ਮੇਰੇ ਵਿਚ

ਕਿੰਨਾ ਕੱਚ...ਕਿੰਨਾ ਸੱਚ

ਕਿੰਨੀ ਅੱਗ...ਕਿੰਨਾ ਪਾਣੀ

ਵਾਰ ਵਾਰ ਪੁੱਛਦਾ ਹਾਂ

ਧੁੰਦਲੇ ਸ਼ੀਸ਼ਿਆਂ ਤੋਂ...

ਖੋਰਦੇ ਕਿਨਾਰਿਆਂ ਤੋਂ...

ਕੰਬਦੇ ਤਾਰਿਆਂ ਤੋਂ..."[39]

"ਹੁਣ ਅਸੀਂ

ਲਿਫ਼ਾਫ਼ਿਆਂ ਨੂੰ ਗੂੰਦ ਨਹੀਂ ਲਾਉਂਦੇ

ਅੰਦਰ ਕੋਈ ਅਹਿਸਾਸ ਹੋਵੇ

ਤਾਂ ਬੰਦ ਕਰੀਏ..."[40]

"ਮੁਹੱਬਤ ਦੀ ਮਹਿਕ

ਹਵਾ ਤੋਂ ਮੋਢਾ ਨਹੀਂ ਮੰਗਦੀ

ਕੰਧਾਂ ਦੇ ਅਰਥ ਨਹੀਂ ਜਾਣਦੀ

ਬਸ ਪੁੱਜ ਜਾਂਦੀ

ਇਕ ਸਾਹ ਤੋਂ ਦੂਜੇ ਸਾਹ ਤੱਕ...”[41]

ਦਰਸ਼ਨ ਬੁੱਟਰ ਦੀ ਇਸ ਵਿਚਾਰਧਾਰਾ ਨੂੰ ਡਾ. ਅਰਵਿੰਦਰ ਕੌਰ ਹੋਰ ਵੀ ਸਪੱਸ਼ਟ ਕਰਦੀ ਹੋਈ ਲਿਖ਼ਦੀ ਹੈ, “ਮਨੁੱਖ ਪੈਸੇ ਦੀ ਦੌੜ ਵਿਚ ਅੰਨ੍ਹਾ ਹੋਇਆ ਮਾਨਵੀ ਕਦਰਾਂ ਕੀਮਤਾਂ ਨੂੰ ਭੁੱਲਦਾ ਜਾ ਰਿਹਾ ਹੈ। ਉਸ ਦੇ ਰਿਸ਼ਤੇ-ਨਾਤੇ ਸਿਰਫ਼ ਪੈਸੇ ਤੱਕ ਹੀ ਸੀਮਤ ਰਹਿ ਗਏ ਹਨ। ਰਿਸ਼ਤਿਆਂ ਦੀ ਟੁੱਟ-ਭੱਜ, ਕਮੀਨਗੀ, ਸਭਿਆਚਾਰਕ ਨਿਘਾਰ ਸੰਵੇਦਨਸ਼ੀਲ ਮਨੁੱਖ ਦੇ ਮਨ ਵਿਚ ਤ੍ਰਾਸਦੀ ਪੈਦਾ ਕਰਦਾ ਹੈ। ਕਵੀ ਇਕ ਸੰਵੇਦਨਸ਼ੀਲ ਵਿਅਕਤੀ ਹੁੰਦਾ ਹੈ। ਉਸ ਦੀ ਕਵਿਤਾ ਜ਼ਿੰਦਗੀ ਨੂੰ ਮੁਖਾਤਬ ਹੁੰਦੀ ਹੈ। ਭਾਵਾਂ ਨੂੰ ਪ੍ਰਗਟਾਉਣ ਦਾ ਢੰਗ ਭਾਵੇਂ ਹਰ ਕਵੀ ਦਾ ਵੱਖਰਾ ਹੁੰਦਾ ਹੈ ਪਰ ਇਹ ਗੱਲ ਜ਼ਰੂਰ ਹੈ ਕਿ ਬਾਹਰਮੁਖੀ ਪ੍ਰਸਥਿਤੀਆਂ ਵੇਖਦਿਆਂ ਮਨ ਵਿਚ ਕੁੱਝ ਪ੍ਰਤੀਕਿਰਿਆ ਉਪਜਦੀ ਹੈ।”[42]

## 3.4.4 ਨਾਰੀਵਾਦੀ ਸਰੋਕਾਰ

ਦਰਸ਼ਨ ਬੁੱਟਰ ਦੀਆਂ ਕਵਿਤਾਵਾਂ ਵਿਚ ਨਾਰੀਵਾਦ ਵੀ ਰੂਪਮਾਨ ਹੁੰਦਾ ਹੈ। ਉਹ ਨਾਰੀ ਦੇ ਬਿੰਬ ਨੂੰ ਕਦੇ ਧਰਤੀ ਨਾਲ ਜੋੜਦਾ ਹੈ ਤੇ ਕਦੇ ਪਾਤਾਲ ਵਰਗੇ ਬਿੰਬਾਂ ਰਾਹੀਂ ਔਰਤ ਦੇ ਅਸਤਿਤਵ ਨੂੰ ਸ਼ਬਦਾਂ ਦੀ ਚਾਸ਼ਨੀ ਵਿਚ ਲਪੇਟ ਕੇ ਪੇਸ਼ ਕਰਦਾ ਹੋਇਆ ਔਰਤ ਦੀ ਸਹਿਣਸ਼ੀਲਤਾ ਦੀ ਗੱਲ ਕਰਦਾ ਹੈ। ਉਹ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਨਾਰੀਤਵ ਦੇ ਬਿੰਬ ਨੂੰ ਉਭਾਰਦਾ ਹੈ। ਉਹ ਜਾਣਦਾ ਹੈ ਕਿ ਔਰਤ ਕੇਵਲ ਸਿਰਜਣਹਾਰ ਹੀ ਨਹੀਂ ਸਗੋਂ ਮਨੁੱਖ ਦੀ ਹਮਸਫ਼ਰ ਵੀ ਹੈ। ਉਹ ਇਸ ਸੰਬੰਧ ਵਿਚ ਲਿਖਦਾ ਹੈ-

“ਸਿਰਜਣਹਾਰ ਨਾਰੀ

ਆਪਣੀ ਸਿਰਜਣਾ ਹੱਥੋਂ ਹਾਰ ਜਾਂਦੀ

ਹਾਰ ਕੇ ਵੀ

ਆਪਣਾ ਕਰਮ ਕਦੇ ਨਾ ਭੁੱਲਦੀ

ਨਾਰੀ ’ਚੋਂ ਤੂਫ਼ਾਨ ਉੱਠੇ

ਤਾਂ ਰੇਤ ਹੋ ਜਾਂਦੇ ਪੱਥਰ

ਖੁੱਲ੍ਹ ਜਾਂਦੇ ਸੌ ਦਰਵਾਜ਼ੇ

ਵਰਜਣਾ ਦੀਆਂ ਕੰਧਾਂ ਵਿਚ

ਰੋਜ਼ ਚਿਣੇ ਜਾਂਦੇ ਨਾਰੀ ਦੇ ਵਲਵਲੇ

ਨਿੱਤ ਦੀਵਾਰਾਂ ਉਸਰਦੀਆਂ

ਜਿਨ੍ਹਾਂ ਦਾ ਕੋਈ ਦਰ ਨਹੀਂ ਹੁੰਦਾ...''[43]

ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਨੁੱਖ ਦੀ ਮਰ ਗਈ ਮਨੁੱਖਤਾ ਨੂੰ, ਉਸ ਦੀ ਟੁੱਟ ਗਈ ਆਸ ਨੂੰ ਅਤੇ ਮਰਦ ਦੇ ਜੀਵਨ ਵਿਚ ਆਈ ਨਿਰਾਸ਼ਾ ਨੂੰ ਇਕ ਔਰਤ ਹੀ ਆਸ਼ਾ ਵਿਚ ਬਦਲ ਸਕਦੀ ਹੈ। ਇਕ ਔਰਤ ਹੀ ਮਰਦ ਦੇ ਜਿਸਮ ਵਿਚੋਂ ਗੁਆਚ ਗਈ ਧੜਕਣ ਨੂੰ ਫ਼ਿਰ ਤੋਂ ਜੀਵੰਤ ਕਰਨ ਦੀ ਸਮਰੱਥਾ ਰੱਖਦੀ ਹੈ ਕਿਉਂਕਿ ਜੀਵਨ ਵਿਚ ਔਰਤ ਮਨੁੱਖ ਦੇ ਸਾਹਾਂ ਵਿਚ ਹੀ ਨਹੀਂ ਵਸਦੀ ਸਗੋਂ ਉਸ ਨੂੰ ਹਰ ਪਲ ਇਹ ਅਹਿਸਾਸ ਕਰਵਾਉਂਦੀ ਹੋਈ ਮੁਹੱਬਤ ਦੀ ਬੋਲੀ ਰਾਹੀਂ ਜਿਊਣ ਦਾ ਰਾਹ ਦਿਖਾਉਂਦੀ ਹੈ। ਉਹ ਜਾਣਦੀ ਹੈ ਕਿ ਮੁਹੱਬਤ ਹੀ ਜ਼ਿੰਦਗੀ ਦਾ ਇਕ ਅਜਿਹਾ ਧੁਰਾ ਹੈ ਜਿਹੜਾ ਉੱਧੜੀ ਹੋਈ ਰੂਹ ਨੂੰ ਇਕ ਕਰੋਸ਼ੀਏ ਰਾਹੀਂ ਬੁਣ ਕੇ ਸਾਹ ਰੂਪੀ ਰੁਮਾਲ ਬੁਣ ਸਕਦੀ ਹੈ। 'ਰੁਮਾਲ' ਜ਼ਿੰਦਗੀ ਦਾ ਅਜਿਹਾ ਪ੍ਰਤੀਕ ਹੈ ਜਿਹੜਾ ਦੋ ਰੂਹਾਂ ਵਿਚਕਾਰ ਇਕ ਕਾਸਦ ਤੇ ਆਪਣੇ ਪਿਆਰੇ ਦੀ ਹੋਂਦ ਦਾ ਅਹਿਸਾਸ ਕਰਾਉਂਦਾ ਹੈ। ਬੁੱਟਰ ਇਸ ਖਿੜਵੇਂ ਅਹਿਸਾਸ ਨੂੰ ਕਵਿਤਾ ਦਾ ਰੂਪ ਦਿੰਦਾ ਹੈ-

''ਮੁਹੱਬਤ ਦੇ ਕਰੋਸ਼ੀਏ ਨਾਲ

ਕੱਢ....ਰੂਹ ਦਾ ਰੁਮਾਲ

ਰੂਹ ਦੇ ਰੁਮਾਲ ਵਿਚ

ਸਾਂਭ ਕੇ ਰੱਖ....ਅਹਿਸਾਸ ਸੁੱਚੇ

ਇਹੇ ਅਹਿਸਾਸ

ਤੇਰੀ ਮੇਰੀ ਬਾਤ ਦਾ

ਹੁੰ...ਗਾ...ਰਾ ਭਰਨਗੇ''[44]

ਮਹਾਂਕੰਬਣੀ ਵਿਚ ਇਹ ਨਾਰੀ ਦੀ ਕੁਦਰਤ ਕਵਿਤਾ ਰਾਹੀਂ ਬੁੱਟਰ ਔਰਤ ਦੀ ਮਨੁੱਖ ਦੇ ਜੀਵਨ ਵਿਚਲੀ ਮਹੱਤਤਾ ਨੂੰ ਇਕ ਸਿਰਜਕ ਵਜੋਂ ਚਿਤਰਦਾ ਹੋਇਆ ਲਿਖਦਾ ਹੈ:

''ਸਿਰਜਣਹਾਰ ਨਾਰੀ

ਆਪਣੀ ਸਿਰਜਣਾ ਹੱਥੋਂ ਹਾਰ ਜਾਂਦੀ

ਹਾਰ ਕੇ ਵੀ

ਆਪਣਾ ਕਰਮ ਕਦੇ ਨਾ ਭੁੱਲਦੀ"[45]

ਦਰਸ਼ਨ ਬੁੱਟਰ ਭਰੂਣ-ਹੱਤਿਆ ਬਾਰੇ ਵੀ ਵਧੇਰੇ ਚਿੰਤਤ ਹੈ। ਭਰੂਣ ਹੱਤਿਆ ਨੇ ਸਾਡੇ ਸਮਾਜ ਨੂੰ ਰੁੱਖਾਂ ਤੋਂ, ਪਾਣੀ ਤੋਂ ਤੇ ਧੀਆਂ ਤੋਂ ਸੱਖਣਾ ਕਰ ਦਿੱਤਾ ਹੈ। ਜੇਕਰ ਇਹ ਤਿੰਨੇ ਵੇਲੇ ਸਿਰ ਨਾ ਸਾਂਭੇ ਗਏ ਤਾਂ ਧਰਤੀ ਸੱਚਮੁੱਚ ਹੀ ਗਰਕ ਜਾਏਗੀ। ਮਨੁੱਖ ਦੀ ਹੋਂਦ ਹੀ ਖਤਮ ਹੋ ਜਾਏਗੀ ਕਿਉਂਕਿ ਜੇਕਰ ਇਕ ਧੀ ਨਾ ਰਹੀ ਤਾਂ ਉਹ ਜੱਗ-ਜਣਨੀ ਕਿਵੇਂ ਬਣੇਗੀ?

"ਤੀਆਂ ਵੇਲੇ ਪਿੜ੍ਹਾਂ ਵਿਚ

ਦੱਬੀਆਂ ਪਈਆਂ

ਅਣਜੰਮੀਆਂ ਕੰਜਕਾਂ...

ਗਰਕ ਜਾਏਗੀ ਧਰਤੀ

ਸ਼ਰਮ ਦੀ ਮਾਰੀ......

ਖ਼ਲਾਅ 'ਚ ਭਟਕਣਗੇ

ਛਿੰਦੇ ਪੁੱਤ ਮਾਵਾਂ ਦੇ......"[46]

ਇਸ ਸਬੰਧ ਵਿਚ ਇਹ ਕਿਹਾ ਜਾ ਸਕਦਾ ਹੈ:

'ਧੀਆਂ, ਰੁੱਖ ਤੇ ਵਹਿੰਦਾ ਪਾਣੀ,

ਸੁਣ ਲਓ ਸਾਰੇ ਪ੍ਰਾਣੀ,

ਜੇ ਨਾ ਸਾਂਭੇ ਇਹ ਤਿੰਨੇ,

ਤਾਂ ਧਰਤੀ ਖਤਮ ਸਾਰੀ ਹੋ ਜਾਣੀ।'

## 3.4.5 ਪ੍ਰਕਿਰਤੀਵਾਦੀ ਸਰੋਕਾਰ

ਦਰਸ਼ਨ ਬੁੱਟਰ ਆਪਣੀਆਂ ਜੜ੍ਹਾਂ ਨਾਲ ਜੁੜਿਆ ਹੋਇਆ ਸ਼ਾਇਰ ਹੈ ਜਿਵੇਂ ਜੜ੍ਹ ਤੋਂ ਬਿਨਾਂ ਰੁੱਖ਼ ਦੀ ਕੋਈ ਪਹਿਚਾਣ ਨਹੀਂ ਹੁੰਦੀ ਇਸ ਤਰ੍ਹਾਂ ਆਪਣੇ ਵਿਰਸੇ ਅਤੇ ਵਿਰਾਸਤ ਤੋਂ ਟੁੱਟੇ ਮਨੁੱਖ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਪਰ ਬੁੱਟਰ ਸੁਚੇਤ ਰੂਪ ਵਿਚ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਅਜਿਹਾ ਸ਼ਾਇਰ ਹੈ ਜਿਸ ਦੀਆਂ ਰਚਨਾਵਾਂ ਵਿਚ ਇਸ ਦੇ ਅੰਸ਼ ਬਾਰ-ਬਾਰ ਉੱਭਰਦੇ ਹਨ ਉਹ ਲਿਖਦਾ ਹੈ-

"ਮੇਰੀਆਂ ਜੜ੍ਹਾਂ

ਅਜੇ ਵੀ ਮਿੱਟੀ 'ਚ ਨੇ

ਹਵਾ ਤਾਂ

ਕਰ ਸਕਦੀ ਹੈ 'ਚਰਚਾ'

ਸਿਰਫ਼ ਪੱਤਿਆਂ ਦੀ..."[47]

ਦਰਸ਼ਨ ਬੁੱਟਰ ਜੀਵਨ ਦੇ ਅਣਸੁਲਝੇ ਸਵਾਲਾਂ ਨੂੰ ਰਹੱਸਵਾਦੀ ਸ਼ਾਇਰਾਂ ਵਾਂਗ ਕੇਵਲ ਰਹੱਸ ਹੀ ਬਣਿਆ ਨਹੀਂ ਰਹਿਣ ਦੇਣਾ ਚਾਹੁੰਦਾ ਸਗੋਂ ਉਸ ਦੇ ਰਹੱਸ ਤੋਂ ਪਾਰ ਲੰਘ ਕੇ ਉਸ ਦੀਆਂ ਜੜ੍ਹਾਂ ਨੂੰ ਵੇਖਦਾ ਹੀ ਨਹੀਂ ਬਲਕਿ ਇਕ ਮਾਲੀ ਵਾਂਗ ਉਸ ਦਾ ਖਿਆਲ ਵੀ ਰੱਖਦਾ ਹੈ ਜਿਵੇਂ ਮਾਲੀ ਫੁੱਲਾਂ ਤੇ ਬੂਟਿਆਂ ਨੂੰ ਪਲੋਸਦਾ, ਨਿਹਾਰਦਾ, ਗੋਡੀ ਕਰਦਾ, ਪਾਣੀ ਦਿੰਦਾ ਤੇ ਉਨ੍ਹਾਂ ਦੇ ਦੁੱਖ-ਸੁੱਖ ਨੂੰ ਮਹਿਸੂਸ ਕਰਦਾ ਹੈ। ਇਸ ਤਰ੍ਹਾਂ ਬੁੱਟਰ ਵੀ ਆਪਣੀਆਂ ਕਵਿਤਾਵਾਂ ਰਾਹੀਂ ਸ਼ਬਦਾਂ ਨੂੰ ਫੁੱਲਾਂ ਵਾਂਗ ਕਾਗਜ਼ਾਂ ਦੀ ਹਿੱਕ 'ਤੇ ਰੱਖਦਾ ਹੈ। ਇਹ ਫੁੱਲ ਸਤਰਾਂ ਬਣ ਕੇ ਨਜ਼ਮਾਂ ਬਣਦੇ ਹਨ। ਇਹ ਨਜ਼ਮਾਂ ਜੀਵਨ ਨਾਲ ਜੁੜੀਆਂ ਉਨ੍ਹਾਂ ਤੰਦਾਂ ਨੂੰ ਜੋੜ ਕੇ ਜ਼ਿੰਦਗੀ ਨੂੰ ਸੰਪੂਰਨ ਬਣਾਉਂਦੀਆਂ ਹਨ। ਉਹ ਲਿਖਦਾ ਹੈ-

"ਨਜ਼ਮ ਤਾਂ

ਸਮਾਂ ਲਿਖਦਾ

ਮੈਂ ਤਾਂ ਸਿਰਫ਼

ਹਰਫ਼ਾਂ ਦਾ

ਗਵਾਹ ਬਣਦਾ..."[48]

"ਕਾਲੇ ਹਰਫ਼ਾਂ ਨੂੰ

ਸਮਰਪਿਤ ਹੋ ਸਕਦੀ

ਦੁੱਧਾ-ਕਾਸ਼ਨੀ

ਖ਼ਿਆਲਾਂ ਦੀ ਪਾਣ...

ਸਾਂਵਲੀ ਚੁੱਪ ਨੂੰ ਵੀ

ਦਿੱਤਾ ਜਾ ਸਕਦਾ

ਸਤਰੰਗਾ ਵਿਸਥਾਰ..."[49]

"ਖੇਡਣ ਲੱਗ ਪਈ ਸਾਂ

ਚਾਵਾਂ-ਰੰਗਾਂ-ਅੰਗਾਂ

ਸੁਨਹਿਰੀ ਵੰਗਾਂ ਨਾਲ

ਭੁੱਲ ਨਹੀਂ ਹੁੰਦਾ

ਕੱਚ ਦੀਆਂ ਚੂੜੀਆਂ ਦਾ ਬਲੌਰੀ ਰੰਗ..."[50]

"ਖਿੜੇ ਹੋਣਗੇ...

ਜਾਮਣੀ ਫੁੱਲ...ਰੋਸ਼ਾ ਘਾਹ

ਗਲੀ ਦੇ ਹਰ ਮੋੜ 'ਤੇ

ਠੁੱਮਕ-ਠੁੱਮਕ ਰੁਮਕਦੀ

ਹਵਾ...”[51]

“ਹੁਣ ਤੂੰ ਜੰਗਲ ਹੋ ਗਿਆ ਏਂ

ਤੇ ਤੇਰੇ ਹਰਫ਼

ਸਮਾ ਗਏ ਨੇ ਫੁੱਲ ਪੱਤੀਆਂ ਵਿਚ

ਤੇਰੇ ਸੁਰ ਛਣਕਦੇ ਨੇ

ਪੰਛੀਆਂ ਦੇ ਗੀਤਾਂ ’ਚੋਂ...”[52]

ਅਜੋਕੇ ਮਨੁੱਖ ਵਿਚੋਂ ਮਰ ਰਹੀ ਸੰਵੇਦਨਾ ਬਾਰੇ ਦਰਸ਼ਨ ਬੁੱਟਰ ਫੁੱਲਾਂ ਦੇ ਹਵਾਲੇ ਨਾਲ ਜ਼ਿੰਦਗੀ ਵਿਚ ਆਈ ਖੜੋਤ ਨੂੰ ਉਜਾਗਰ ਕਰਦਾ ਹੈ। ਉਹ ਪ੍ਰਕਿਰਤੀ ਦੀ ਗੱਲ ਕਰਦਿਆਂ ਇਹ ਵੀ ਕਹਿੰਦਾ ਹੈ ਕਿ ਕੁਦਰਤ ਨੇ ਸਾਨੂੰ ਸਭ ਕੁੱਝ ਦਿੱਤਾ ਹੈ ਫਿਰ ਵੀ ਅਸੀਂ ਕੁਦਰਤੀ ਤੋਹਫਿਆਂ ਭਾਵ ਫੁੱਲਾਂ ਤੇ ਪੰਛੀਆਂ-ਪਸ਼ੂਆਂ ਨੂੰ ਆਪਣੀ ਕੈਦ ਵਿਚ ਬੰਦ ਕਰ ਲੈਂਦੇ ਹਾਂ। ਇਨ੍ਹਾਂ ਬੇਜ਼ੁਬਾਨਾਂ ਨੂੰ ਅਸੀਂ ਉਨ੍ਹਾਂ ਦੀ ਮਰਜ਼ੀ ਦੀ ਜ਼ਿੰਦਗੀ ਜਿਊਣ ਨਹੀਂ ਦਿੰਦੇ। ਉਹ ਲਿਖਦਾ ਹੈ:

“ਫ਼ੁੱਲ ਤਾਂ ਚਾਹੁੰਦੇ

ਬਗ਼ੀਚੀ ’ਚ ਖਿੜਨਾ

ਅਸੀਂ ਹਾਂ...ਕਿ ਤੋੜ ਕੇ

ਫ਼ੁੱਲਦਾਨਾਂ ’ਚ ਰੱਖ ਲੈਂਦੇ...

ਪੰਛੀ ਤਾਂ ਲੋਚਦੇ

ਅੰਬਰਾਂ ’ਚ ਉੱਡਣਾ

ਅਸੀਂ ਹਾਂ...ਕਿ ਫੜ ਕੇ

ਪਿੰਜਰੇ ’ਚ ਡੱਕ ਲੈਂਦੇ...”[53]

ਇਹ ਰੁੱਖ, ਬੂਟੇ, ਬੇਜ਼ੁਬਾਨ ਪੰਛੀ ਸਾਨੂੰ ਕੁਝ ਨਹੀਂ ਕਹਿੰਦੇ। ਸਾਡਾ ਮਾੜਾ ਤਾਂ ਕੀ ਕਰਨਾ ਉਲਟਾ ਸਾਨੂੰ ਨਿਆਮਤਾਂ ਬਖ਼ਸ਼ਦੇ ਹਨ। ਹਮੇਸ਼ਾ ਸਾਡਾ ਭਲਾ ਹੀ ਲੋਚਦੇ ਹਨ। ਇਹ ਵਿਰਾਨਗੀ ਨਹੀਂ ਚਾਹੁੰਦੇ ਸਗੋਂ ਰੌਣਕਾਂ ਉਡੀਕਦੇ ਹਨ। ਪੰਛੀਆਂ ਦੀ, ਮੁਸਾਫ਼ਰਾਂ ਦੀ ਆਮਦ ਤੇ ਖੁਸ਼ ਹੁੰਦੇ ਹਨ ਤੇ ਲੋਚਦੇ ਹਨ ਕਿ ਕਦੋਂ ਤੀਆਂ ਆਉਣ ਤੇ ਪੀਂਘਾਂ ਪੈਣ ਤੇ ਕੁੜੀਆਂ-ਚਿੜੀਆਂ ਹੱਸਣ-ਖੇਡਣ।

"ਰੁੱਖ

ਆਪਣੀਆਂ ਸ਼ਾਖ਼ਾਵਾਂ

ਚੋਣਵੇਂ ਪੱਤਿਆਂ ਦੇ ਨਾਂ ਨਹੀਂ ਕਰਦੇ

ਸਦਾ ਉਡੀਕਦੇ ਰਹਿੰਦੇ

ਪਰਿੰਦਿਆਂ...ਪਾਂਧੀਆਂ...ਪੀਂਘਾਂ ਨੂੰ

ਰੁੱਖ

ਕੁਹਾੜਿਆਂ ਨੂੰ ਵੀ ਦਸਤੇ ਬਖ਼ਸ਼ਦੇ

ਰੁੱਖਾਂ ਦੀ ਦਰਵੇਸ਼ੀ

ਸੀਸ ਦੇ ਕੇ ਵੀ ਅਸੀਸ ਦਿੰਦੇ

ਫ਼ਕੀਰ ਹੋ ਕੇ ਵੀ ਬਖ਼ਸ਼ੀਸ਼ ਦਿੰਦੇ"[54]

### 3.4.6 ਵਿਸ਼ਵੀ ਸਰੋਕਾਰ

ਅਜੋਕੇ ਸਮੇਂ ਵਿਚ ਵਿਸ਼ਵੀਕਰਨ ਇਸ ਦੌਰ ਦਾ ਸਭ ਤੋਂ ਚਰਚਿਤ ਵਰਤਾਰਾ ਹੈ। ਵਿਸ਼ਵੀਕਰਨ ਦਾ ਸੰਕਲਪ ਇਸ ਸਮੇਂ ਵਿਸ਼ਵ ਦਾ ਸਭ ਤੋਂ ਭਖਵਾਂ ਮੁੱਦਾ ਹੈ। ਅੰਗਰੇਜ਼ੀ ਦੇ ਸ਼ਬਦ 'ਗਲੋਬਲਾਈਜੇਸ਼ਨ' ਦੇ ਪੰਜਾਬੀ ਅਨੁਵਾਦ ਵਜੋਂ ਵਿਸ਼ਵੀਕਰਨ ਸ਼ਬਦ ਪ੍ਰਚਲਿਤ ਹੋਇਆ। ਕੋਸ਼ਗਤ ਅਰਥਾਂ ਅਨੁਸਾਰ ਵਿਸ਼ਵੀਕਰਨ ਤੋਂ ਭਾਵ ਵਸਤਾਂ, ਪੂੰਜੀ, ਮਨੁੱਖੀ ਕਿਰਤ ਅਤੇ ਚਿੰਨ੍ਹਾਂ ਦਾ ਵਿਸ਼ਵਵਿਆਪੀ ਆਦਾਨ-ਪ੍ਰਦਾਨ ਹੈ। ਵਿਸ਼ਵੀਕਰਨ ਦੀ ਪ੍ਰਕਿਰਿਆ ਪੂੰਜੀਵਾਦ ਦਾ ਬੁਨਿਆਦੀ ਲੱਛਣ ਹੈ। ਇਸ ਵਰਤਾਰੇ ਦਾ ਆਰੰਭ ਤਾਂ ਭਾਵੇਂ ਬਸਤੀਵਾਦ ਦੇ ਮੁੱਢਲੇ ਦੌਰ ਨਾਲ ਹੀ ਹੋ ਗਿਆ ਸੀ ਪਰ ਇਸ ਦੀ ਪ੍ਰਭੁਤਾ ਬਹੁ-ਕੌਮੀ ਕਾਰਪੋਰੇਸ਼ਨਾਂ ਦੁਆਰਾ ਆਪਣੇ ਸਰਮਾਏ ਨੂੰ ਪੂਰੀ ਦੁਨੀਆਂ ਵਿਚ ਲਾ ਕੇ ਭਰਵਾਂ ਮੁਨਾਫ਼ਾ ਲੈਣ ਦੀ ਇੱਛਾ ਨਾਲ ਸਥਾਪਤ ਹੁੰਦੀ ਹੈ। ਅਤਿ ਆਧੁਨਿਕ ਸੰਚਾਰ ਸਾਧਨਾਂ ਦਾ ਫੈਲਾਅ ਇਸ ਦਾ ਸਾਧਨ ਬਣਦਾ ਹੈ। ਅਜੋਕੇ ਦੌਰ ਵਿਚ ਪੈਸੇ

ਦੀ ਦੌੜ ਨੇ ਜਿੱਥੇ ਸਮਾਜਕ, ਪਰਿਵਾਰਕ ਤੇ ਸਭਿਆਚਾਰਕ ਰਿਸ਼ਤਿਆਂ ਵਿਚ ਪਾੜ ਪਾਇਆ ਹੈ ਉੱਥੇ ਸਭ ਤੋਂ ਵੱਡਾ ਹਮਲਾ ਮਨੁੱਖ ਦੀ ਸੋਚ ਸਮਝ ਤੇ ਉਸ ਦੀ ਮਾਨਸਿਕਤਾ ਤੇ ਕੀਤਾ ਹੈ ਕਿਉਂਕਿ ਅਜੋਕਾ ਦੌਰ ਮਨੁੱਖ ਨੂੰ ਗਿਆਨਵਾਨ ਨਹੀਂ ਹੋਣ ਦੇਣਾ ਚਾਹੁੰਦਾ। ਉਹ ਮਨੁੱਖ ਨੂੰ ਉਸ ਵਸਤੂ ਵਾਂਗ ਹੀ ਸਮਝਦਾ ਹੈ ਜਿਹੜੀ ਵਸਤੂ ਤੋਂ ਮਨੁੱਖ ਕੰਮ ਉਦੋਂ ਤੱਕ ਹੀ ਲੈਂਦਾ ਹੈ ਜਦੋਂ ਤਕ ਉਹ ਵਸਤੂ ਕੰਮ ਦੇ ਯੋਗ ਹੈ। ਜੇਕਰ ਮਨੁੱਖ ਗਿਆਨਵਾਨ ਹੋਵੇਗਾ ਤਾਂ ਉਹ ਆਪਣੇ ਆਲੇ-ਦੁਆਲੇ ਉਸਰੇ ਕਵਚ ਨੂੰ ਤੋੜ ਕੇ ਅੱਗੇ ਵਧੇਗਾ। ਵਿਸ਼ਵੀਕਰਨ ਦੇ ਇਸ ਦੌਰ ਵਿਚ ਪੰਜਾਬੀ ਕਵਿਤਾ ਅਹਿਮ ਸਥਾਨ ਰੱਖਦੀ ਹੈ। ਦਰਸ਼ਨ ਬੁੱਟਰ ਦਾ ਕਾਵਿ ਜਗਤ ਆਧੁਨਿਕ ਸਮਕਾਲੀ ਕਵਿਤਾ, ਉਤਰ ਆਧੁਨਿਕ, ਉਤਰ ਬਸਤੀਵਾਦ, ਦਲਿਤ ਚੇਤਨਾ, ਨਾਰੀ ਚੇਤਨਾ, ਮਾਨਵੀ ਚੇਤਨਾ ਆਦਿ ਸਰੋਕਾਰਾਂ ਨਾਲ ਸੰਵਾਦ ਰਚਾਉਂਦਾ ਹੈ।

ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਅਨੁਸਾਰ "ਮਨੁੱਖੀ ਮਨ ਦੇ ਅਣਦਿਸਦੇ ਕੋਨਿਆਂ ਤੇ ਅਛੋਹ ਅਨੁਭਵਾਂ ਦੀ ਸ਼ਾਇਰੀ ਹੋਣ ਕਾਰਨ ਨਵੀਂ ਕਵਿਤਾ ਕਲੋਜ਼ਅਪ ਦੀ ਸ਼ਾਇਰੀ ਹੈ।"[55]

ਇਸ ਸਭ ਕੁਝ ਤੋਂ ਭਲਾ ਦਰਸ਼ਨ ਬੁੱਟਰ ਕਿਵੇਂ ਅਭਿੱਜ ਰਹਿ ਸਕਦਾ ਹੈ। ਉਹ ਇਸ ਸੰਦਰਭ ਵਿਚ ਲਿਖਦਾ ਹੋਇਆ ਕਹਿੰਦਾ ਹੈ-

"ਜੇ ਦਿੱਤੀਆਂ ਨੇ ਅੱਖਾਂ
ਤਾਂ ਹੁਣ
'ਨਜ਼ਰ' ਵੀ ਦੇ...
ਜੇ ਬਖ਼ਸ਼ੇ ਨੇ ਪੈਰ
ਤਾਂ ਹੁਣ
'ਸਫ਼ਰ' ਵੀ ਦੇ..."[56]

"ਮਮਟੀਆਂ ਤੇ ਤਾਂ
ਬਥੇਰੇ ਧਰਦੇ ਨੇ
ਮਿੱਟੀ ਦੇ ਚਿਰਾਗ਼
ਕੋਈ ਵਿਰਲਾ ਹੀ

ਤੂਫ਼ਾਨ ਦੀ ਹਿੱਕ 'ਤੇ

ਆਟੇ ਦਾ ਦੀਵਾ ਬਾਲਦਾ..."[57]

ਵਿਸ਼ਵੀਕਰਨ ਅਤੇ ਮੰਡੀਕਰਨ ਦੀ ਬਹੁਤਾਤ ਕਾਰਨ ਮਨੁੱਖ ਪਦਾਰਥਵਾਦੀ ਵਿਚਾਰਧਾਰਾ 'ਚ ਜਕੜ ਕੇ ਸਵੈ ਕੇਂਦਰਤ ਹੋ ਰਿਹਾ ਹੈ। ਉਸ ਦੇ ਆਪਣੇ ਅੰਦਰ ਆਪਣੇ ਆਪ ਤੱਕ ਜਾਂ ਆਪਣੇ ਘਰ ਤੱਕ ਰਹਿਣ ਦੀ ਪ੍ਰਵਿਰਤੀ ਇਸ ਕਦਰ ਸ਼ਾਮਲ ਹੋ ਗਈ ਹੈ ਕਿ ਮਨੁੱਖ ਨੈਤਿਕ ਕਦਰਾਂ ਕੀਮਤਾਂ ਨੂੰ ਭੁੱਲਦਾ ਹੋਇਆ ਇਕ ਦੂਜੇ ਤੋਂ ਅੱਗੇ ਲੰਘਣ ਦੀ ਅਜਿਹੀ ਦੌੜ ਵਿਚ ਸ਼ਾਮਲ ਹੋ ਗਿਆ ਹੈ ਕਿ ਮਨੁੱਖ ਇਕ ਵਸਤੂ ਬਣ ਕੇ ਰਹਿ ਗਿਆ ਹੈ, ਉਹ ਵਸਤੂ ਜਿਸ ਦਾ ਮੁੱਲ ਬਾਜ਼ਾਰ ਮਿੱਥਦਾ ਹੈ। ਮੀਡੀਆ ਦਾ ਮਨੁੱਖੀ ਜ਼ਿੰਦਗੀ ਤੇ ਇਨ੍ਹਾਂ ਦਬਦਬਾ ਵੱਧ ਗਿਆ ਹੈ ਕਿ ਮਨੁੱਖ ਦੀ ਜੀਵਨ ਸ਼ੈਲੀ ਨਾਲ ਜੁੜੀਆਂ ਖਾਣ-ਪੀਣ, ਰਹਿਣ-ਸਹਿਣ ਦੀਆਂ ਵਸਤਾਂ ਦੀ ਚੋਣ ਮੀਡੀਆ ਹੀ ਕਰਦਾ ਹੈ ਪਰ ਬੁੱਟਰ ਇਸ ਅਣਮਨੁੱਖੀ ਵਰਤਾਰੇ ਤੇ ਉਂਗਲ ਹੀ ਨਹੀਂ ਕਰਦਾ ਸਗੋਂ ਸਿੱਧਾ ਸੰਬੋਧਿਤ ਕਰਦਾ ਹੈ।

ਜੀਵਨ ਵਿਚ ਵਧਦੇ ਆਰਥਕ ਪਾੜੇ ਬਾਰੇ ਬੁੱਟਰ ਸੁਚੇਤ ਹੈ ਕਿ ਇਸ ਆਰਥਕ ਕਾਣੀ ਵੰਡ ਦਾ ਅਸਲ ਜ਼ਿੰਮੇਵਾਰ ਕੌਣ ਹੈ। ਵਿਸ਼ਵੀਕਰਨ ਦੇ ਦੌਰ ਵਿਚ ਬਾਜ਼ਾਰ ਦੀ ਚਕਾਚੌਂਧ ਵਿਚ ਉਲਝੀ ਮੱਧਵਰਗੀ ਜ਼ਿੰਦਗੀ ਅਤੇ ਧਰਤੀ ਤੇ ਰੀਂਗਦੀ ਜ਼ਿੰਦਗੀ ਦੇ ਅਸਲ ਯਥਾਰਥ ਨੂੰ ਦਰਸ਼ਨ ਬੁੱਟਰ ਇਕ ਅੱਖ ਨਾਲ ਵੇਖਦਾ ਹੈ। ਪੂੰਜੀਵਾਦੀ ਦੌਰ ਵਿਚ ਮਨੁੱਖ ਦੀ ਲਾਲਸਾ, ਹਵਸ ਤੇ ਵੱਧ ਤੋਂ ਵੱਧ ਪੂੰਜੀ ਇਕੱਤਰ ਕਰਨ ਦੀ ਤਮੰਨਾ ਨੇ ਮਨੁੱਖ ਅੰਦਰੋਂ ਖੁਸ਼ੀਆਂ ਖੇੜੇ, ਮਨ ਦਾ ਸਕੂਨ ਖੋਹ ਲਿਆ ਹੈ। ਅਜੋਕੇ ਦੌਰ ਨੇ ਮਨੁੱਖ ਅੰਦਰੋਂ ਮਨੁੱਖਤਾ ਨੂੰ ਮਨਫ਼ੀ ਕਰ ਦਿੱਤਾ ਹੈ। ਇਸੇ ਤ੍ਰਾਸਦੀ ਕਾਰਨ ਮਨੁੱਖ ਕੁਦਰਤ ਨਾਲੋਂ, ਆਪੇ ਨਾਲੋਂ, ਪਰਿਵਾਰ ਨਾਲੋਂ ਤੇ ਸਮਾਜ ਨਾਲੋਂ ਟੁੱਟ ਰਿਹਾ ਹੈ। ਇਸ ਟੁੱਟ-ਭੱਜ ਵਿਚ ਮਨੁੱਖ ਤਨਾਅ ਭਰੀ ਜ਼ਿੰਦਗੀ ਵਿਚ ਜਿਊਂਦਾ ਨਹੀਂ ਸਿਰਫ਼ ਸਾਹ ਲੈਂਦਾ ਹੈ। ਇਸੇ ਕਰ ਕੇ ਬੁੱਟਰ ਲਿਖਦਾ ਹੈ-

"ਤੁਰਦੇ ਹੀ ਰਹਿਣਾ

ਰਗਾਂ ਵਿਚ ਵਗਦੇ ਲਹੂ ਨੇ

ਦੇਖਣਾ ਤਾਂ ਇਹ

ਕਿ ਲਹੂ ਦੀ ਦਸ਼ਾ ਕਿਹੜੀ..."[58]

"ਭਟਕਣ ਤੋਂ ਡਰਦੇ

ਤ੍ਰਿਸ਼ਨਾ ਦੀ ਖਜ਼ੂਰ 'ਤੇ

ਚੜ੍ਹ ਤਾਂ ਜਾਂਦੇ

ਉੱਤਰਦੇ

ਤਾਂ

ਭਟਕਣ....ਨਾਲ....ਹੁੰਦੀ..."[59]

ਜਦੋਂ ਮਨੁੱਖ ਆਲੇ-ਦੁਆਲੇ ਦਿਆਂ ਝਮੇਲਿਆਂ ਤੋਂ ਦੂਰ ਹੁੰਦਾ ਹੈ ਤਾਂ ਉਹ ਸਕੂਨ ਦੀ ਤਲਾਸ਼ ਵਿਚ ਨਿਕਲਦਾ ਹੈ। ਜਦੋਂ ਮਨੁੱਖ ਦੇ ਮੱਥੇ ਵਿਚ ਗਿਆਨ ਦਾ ਦੀਵਾ ਜਗਦਾ ਹੋਵੇ ਤਾਂ ਸਾਹਮਣੇ ਵਾਪਰਦੇ ਵਰਤਾਰੇ ਵਿਚੋਂ ਉਹ ਜੀਵਨ ਦੇ ਅਸਲ ਸੱਚ ਨੂੰ ਸਮਝਣ ਦੇ ਯੋਗ ਹੋਵੇ ਤਾਂ ਅਜਿਹਾ ਮਨੁੱਖ ਪੂੰਜੀਵਾਦ ਦੀ ਚੁਫ਼ੇਰੇ ਫੈਲੀ ਧੁੰਦ ਵਿਚੋਂ ਬਾਹਰ ਨਿਕਲ ਸਕਦਾ ਹੈ। ਇਸ ਦੇ ਲਈ ਜ਼ਰੂਰੀ ਨਹੀਂ ਕਿ ਹਰ ਜੰਗ ਹਥਿਆਰਾਂ ਨਾਲ ਲੜੀ ਜਾਵੇ। ਇਸ ਸਬੰਧ ਵਿਚ ਦਰਸ਼ਨ ਬੁੱਟਰ ਲਿਖਦਾ ਹੈ-

"ਸ਼ਬਦਾਂ ਦੀ ਲੋੜ

ਸੱਚ ਨੂੰ...

ਝੂਠ ਨੂੰ ਵੀ...

ਫ਼ਰਕ ਸਿਰਫ ਇੰਨਾ

ਸੱਚ ਲਈ

ਸ਼ਬਦ

ਤਲਾਸ਼ਣੇ ਨਹੀਂ ਪੈਂਦੇ

ਤੇ ਨਾ ਹੀ ਤਰਾਸ਼ਣੇ..."[60]

"ਸੱਚ ਦੀ ਪਰਿਭਾਸ਼ਾ ਨੂੰ

ਲੋੜ ਨਹੀਂ ਸ਼ਬਦ ਜਾਲ ਦੀ

ਜੇ ਕੋਈ 'ਬੋਲ' ਹਮਸਫ਼ਰ ਹੋਵੇ

ਅਰਥਾਂ ਦੇ ਜੰਗਲ 'ਚ ਵਿਚਰਦੇ

ਸੁੱਚੇ ਸ਼ਬਦ..."[61]

ਇਸ ਸੰਬੰਧ ਵਿਚ ਡਾ. ਜਸਵਿੰਦਰ ਸਿੰਘ ਲਿਖਦੇ ਹਨ, "ਅਜੋਕੀ ਪੰਜਾਬੀ ਸ਼ਾਇਰੀ ਵਿਚ ਸਵੈ ਅਤੇ ਪਰ, ਸਵੈ ਅਤੇ ਸਮਾਜ, ਸਵੈ ਅਤੇ ਸਮੂਹ, ਸਵੈ ਅਤੇ ਸ੍ਰਿਸ਼ਟੀ ਦੇ ਗੁੰਝਲਦਾਰ ਪ੍ਰਕਰਣ ਨਾਲੋਂ-ਨਾਲ ਬਲਸ਼ਾਹੀ ਸੰਬੰਧਾਂ ਅਤੇ ਦਵੰਦਾਂ ਨੂੰ ਪੇਸ਼ ਕਰਦੇ ਹਨ। ਸਵੈ ਹੋਣ ਦੀ ਬਲਸ਼ਾਹੀ ਪਹਿਚਾਣ, ਸਾਮੂਹਿਕ ਮਾਨਵੀ ਹੱਕਾਂ ਅਤੇ ਸੰਘਰਸ਼ਾਂ ਦੀ ਸੋਝੀ ਕਾਵਿ ਦੇ ਮੂਲ ਸਰੋਕਾਰ ਹਨ ਅਤੇ ਉਸਾਰੂ ਪ੍ਰਤੀਬਦਲ ਇਨ੍ਹਾਂ ਦੀ ਵਿਚਾਰਧਾਰਨ ਦ੍ਰਿਸ਼ਟੀ ਦਾ ਮਰਹਮ ਹਨ।"[62]

ਅਜੋਕੇ ਵਰਤਾਰੇ ਵਿਚ ਅਣਸੁਰੱਖਿਆ ਦੀ ਭਾਵਨਾ ਜਿਹੜੀ ਵੱਧ ਰਹੀ ਹੈ ਇਸ ਨੇ ਮਨੁੱਖ ਦੀ ਜ਼ਿੰਦਗੀ ਨੂੰ ਇਸ ਕਦਰ ਕਬਜ਼ੇ ਵਿਚ ਕਰ ਲਿਆ ਹੈ ਕਿ ਮਨੁੱਖ ਹਰ ਪਲ ਅਜਿਹੇ ਤਣਾਅ ਵਿਚ ਰਹਿੰਦਾ ਹੈ ਕਿ ਉਸ ਨੂੰ ਕਦੇ ਬਾਹਰਲੇ ਮੁਲਕ ਜਾਣ ਦਾ ਫ਼ਿਕਰ, ਕਦੇ ਹਰ ਹੀਲੇ ਕਿਸੇ ਤੋਂ ਅੱਗੇ ਜਾਣ ਦੀ ਹੋੜ, ਰੁਜ਼ਗਾਰ ਦਾ ਫ਼ਿਕਰ। ਇਸ ਵਰਤਾਰੇ ਵਿਚ ਮਨੁੱਖ ਸੁਰੱਖਿਅਤ ਨਹੀਂ ਹੈ। ਮਨੁੱਖ ਦੌੜਦਾ ਤਾਂ ਹੈ ਪਰ ਉਸ ਦੀ ਦੌੜ ਕਿਸੇ ਮੰਜ਼ਲ ਤੇ ਨਹੀਂ ਪੁੱਜਦੀ ਸਗੋਂ ਉਹ ਆਪਣੀ ਪਰਿਕਰਮਾ ਖੁਦ ਆਪ ਹੀ ਕਰ ਰਿਹਾ ਹੈ।

"ਕਦੇ ਕੋਈ ਤੜਫਦੀ ਨਦੀ

ਪਨਾਹ ਮੰਗਦੀ ਮਾਰੂਥਲ ਕੋਲੋਂ

ਕਦੇ ਕੋਈ ਸੁਲਗ਼ਦਾ ਪਹਾੜ

ਸਮੁੰਦਰ 'ਚ ਲਹਿਣ ਲਈ ਤਰਲੇ ਕਰਦਾ

ਕਦੇ ਕੋਈ ਸਹਿਮੀ ਚਿੜੀ

ਅੱਗ ਵਿਚ ਛਾਲ ਮਾਰਦੀ

ਕਿਤੇ ਕੋਈ ਦਰਿਆ ਜੰਗਲ

ਪਤਾਲ ਵੱਲ ਦੌੜਦਾ..."[63]

ਡਾ. ਅਰਵਿੰਦਰ ਕੌਰ ਅਨੁਸਾਰ, "ਅੱਜ ਦੇ ਦੌਰ ਵਿਚ ਸਵੈ ਕੇਂਦਰਤ ਮਨੁੱਖ ਵਿਅਕਤੀਵਾਦੀ ਰੁਚੀਆਂ ਦਾ ਮਾਲਕ ਬਣ ਗਿਆ ਹੈ। ਬਾਹਰੀ ਸਥਿਤੀਆਂ ਦੇ ਅੰਤਰਗਤ ਉਹ ਦੁਬਿਧਾ, ਦਿਸ਼ਾਹੀਣਤਾ ਤੇ ਭਟਕਣ ਦਾ ਸ਼ਿਕਾਰ

ਹੋਇਆ ਫਿਰਦਾ ਹੈ। ਬੁੱਟਰ ਨੇ ਆਪਣੀਆਂ ਕਈਆਂ ਨਜ਼ਮਾਂ ਵਿਚ ਅੰਤਰਮੁਖੀ ਵੇਦਨਾ ਨੂੰ ਵੀ ਸਮਾਇਆ ਹੈ। ਇਹ ਅੰਤਰ ਮੁਖਤਾ ਦਾ ਵਹਾ ਮਨੁੱਖ ਨੂੰ ਇਕਲਾਪੇ ਦੇ ਅਹਿਸਾਸ ਦੀ ਝਲਕ ਦਿੰਦਾ ਹੈ।"[64]

ਵਰਤਮਾਨ ਪੂੰਜੀਵਾਦੀ ਵਿਵਸਥਾ ਵਿਚ ਵੀ ਸੱਤਾਧਾਰੀ ਧਿਰ ਮਰਦ ਹੀ ਹੈ ਭਾਵੇਂ ਇਸ ਨੇ ਆਪਣੇ ਸੁਰੱਖਿਅਤ ਕਵਚ ਵਜੋਂ ਪੂੰਜੀਵਾਦੀ ਵਿਵਸਥਾ ਦੇ ਅਨੁਕੂਲ ਨਵਾਂ ਮੁੱਲ ਵਿਧਾਨ ਸਿਰਜ ਲਿਆ ਹੈ ਜੋ ਕਿ ਮਰਦਾਵੀਂ ਸੱਤਾ ਨੂੰ ਹੀ ਪਹਿਲ ਦਿੰਦਾ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਦਰਸ਼ਨ ਬੁੱਟਰ ਦੇ ਕਾਵਿ ਸੰਸਾਰ ਵਿਚ ਕੁੱਝ ਅਜਿਹਾ ਨਜ਼ਰੀਂ ਪੈਂਦਾ ਹੈ ਜੋ ਆਪਣੇ ਕਾਵਿ ਵਿਚ ਥੀਮਕ ਪੱਧਰ ਤੇ ਕੁੱਝ ਹੋਰ ਕਹਿੰਦੇ ਹੋਏ ਵੀ ਆਪਣੇ ਜਿਹਨ ਪ੍ਰਬੰਧ ਰਾਹੀਂ ਨਾਰੀ ਨਿੰਦਾ ਜਾਂ ਮਰਦ ਸੱਤਾ ਜਿਹੀਆਂ ਭਾਵਨਾਵਾਂ ਨੂੰ ਅਚੇਤ ਰੂਪ ਵਿਚ ਵਿਅਕਤ ਕਰ ਜਾਂਦਾ ਹੈ।

ਡਾ. ਆਈ ਐਚ ਅਨੁਸਾਰ, "ਸੱਤਾ ਦੇ ਸੰਗਠਨ ਤੋਂ ਸਾਡਾ ਭਾਵ ਵਿਰਾਟ ਪੱਧਰ ਤੇ ਸਵੀਕ੍ਰਿਤ ਸਥਿਰ ਅਤੇ ਨਿਰੰਤਰ ਚੈਨਲਾਂ ਸੰਸਥਾਵਾਂ ਅਤੇ ਬੱਝਵੇਂ ਵਿਵਹਾਰਾਂ ਤੋਂ ਹੈ। ਜਿਨ੍ਹਾਂ ਦੀ ਸਹਾਇਤਾ ਨਾਲ ਸੱਤਾ ਨੂੰ ਲਾਗੂ ਕੀਤਾ ਜਾਂਦਾ ਹੈ।"[65]

ਦਰਸ਼ਨ ਬੁੱਟਰ ਉਤਰ ਆਧੁਨਿਕਵਾਦੀ ਦ੍ਰਿਸ਼ਟੀ ਰਾਹੀਂ ਸਭਿਆਚਾਰਕ ਤਨਾਉ ਤੋਂ ਵੀ ਮੁਕਤ ਨਹੀਂ ਕਿਉਂਕਿ ਉਤਰ ਆਧੁਨਿਕਵਾਦ ਦਾ ਆਪਣੇ ਅਤੀਤ ਨਾਲੋਂ ਟੁੱਟਣਾ ਇਸ ਦੀ ਇਤਿਹਾਸਕ ਸੰਵੇਦਨਹੀਨਤਾ ਨੂੰ ਪ੍ਰਗਟ ਕਰਦਾ ਹੈ ਭਾਵੇਂ ਉਹ ਅਤੀਤ ਨੂੰ ਭੁੱਲ ਜਾਣਾ ਚਾਹੁੰਦਾ ਹੈ ਪਰ ਉਸ ਦੇ ਚੇਤਿਆਂ ਵਿਚ ਯਾਦਾਂ ਦਾ ਪਰਛਾਵਾਂ ਨਾਲ-ਨਾਲ ਤੁਰਦਾ ਹੈ ਜਿਹੜਾ ਅਚੇਤ ਜਾ ਸੁਚੇਤ ਰੂਪ ਵਿਚ ਬੁੱਟਰ ਦੀਆਂ ਕਵਿਤਾਵਾਂ ਵਿਚ ਨਜ਼ਰ ਆਉਂਦਾ ਹੈ।

ਉੱਤਰਆਧੁਨਿਕਤਾ ਬਾਰੇ ਡਾ. ਜਗਵੀਰ ਸਿੰਘ ਆਖਦੇ ਹਨ, "ਉੱਤਰ ਪੂੰਜੀਵਾਦੀ ਆਰਥਿਕਤਾ ਸੋਚ ਦੇ ਰੁਬਰੂ ਹੋ ਕੇ ਆਪਣੀ ਹੋਂਦ ਮੁਖੀ ਸਰੋਕਾਰਾਂ ਅਤੇ ਮਨੁੱਖੀ ਰਿਸ਼ਤਿਆਂ ਨੂੰ ਪੁਨਰਪਰਿਭਾਸ਼ਤ ਕਰਨ ਦਾ ਯਤਨ ਕਰਦੇ ਹਨ। ਮਨੁੱਖ ਦੇ ਅਨੁਭਵ ਅਤੇ ਬੋਧ ਨੂੰ ਪ੍ਰਭਾਵਿਤ ਕਰਨ ਵਾਲੀ ਇਹ ਗਲੋਬਲ ਚੇਤਨਾ ਜਿੱਥੇ ਚਿੰਤਨ ਦੀ ਪੱਧਰ 'ਤੇ ਵਿਸ਼ਵ ਵਿਆਪੀ ਵਿਰਾਟਤਾ ਦਾ ਅਹਿਸਾਸ ਜਗਾਉਂਦੀ ਹੈ। ਉੱਥੇ ਇਹ ਵਿਅਕਤੀਵਾਦੀ ਹੋਂਦ ਦੇ ਨਿਗੂਣੇਪਣ ਦਾ ਅਹਿਸਾਸ ਵੀ ਪੈਦਾ ਕਰਦੀ ਹੈ।"[66]

ਉਤਰ ਆਧੁਨਿਕਵਾਦ ਦੀ ਪੈ ਰਹੀ ਜ਼ਹਿਰੀਲੀ ਬਰਸਾਤ ਤੋਂ ਸੰਸਾਰ ਦਾ ਕੋਈ ਵੀ ਵਰਗ ਅਣਭਿੱਜ ਨਹੀਂ ਹੈ ਫਿਰ ਬੁੱਟਰ ਕਿਵੇਂ ਰਹਿ ਸਕਦਾ ਹੈ ਉਹ ਸੰਬੰਧ ਵਿਚ ਲਿਖਦਾ ਹੈ-

"ਤੇਜ਼ਾਬੀ ਬਾਰਿਸ਼ ਲਈ

ਆਹਰ ਕਰਦਾ ਹਾਂ

ਨਦੀਆਂ ਨੂੰ

ਰੇਤ ਹੋ ਜਾਣ ਲਈ ਆਖਦਾ ਹਾਂ

ਫੁੱਲਾਂ ਨੂੰ

ਸੁੱਕ ਜਾਣ ਦਾ ਹੁਕਮ ਦਿੰਦਾ ਹਾਂ

ਪੰਛੀਆਂ ਨੂੰ

ਫੁੜਕ ਜਾਣ ਦਾ ਸਰਾਪ ਦਿੰਦਾ ਹਾਂ"[67]

"ਖੰਡ ਲਪੇਟੀ ਜ਼ਹਿਰ

ਸਾਨੂੰ ਇਨੀ ਮਿੱਠੀ ਲਗਦੀ

ਕਿ ਡੋਲ੍ਹ ਦੇਈਏ

ਸ਼ਹਿਦ ਦੇ ਭਰੇ ਘੜੇ ਵੀ...

ਕੁਰਾਹੇ ਪਏ ਪੈਰਾਂ ਦੀ

ਮੈਲ ਹੀ ਡੀਕੀ ਜਾਈਏ

ਚਰਣਾਮਤ ਜਾਣ ਕੇ..."[68]

"ਗ਼ਰਜ ਸੌਂ ਜਾਵੇ ਤਾਂ ਅਸੀਂ ਜਾਗਦੇ

ਹਵਸ ਰੁਕ ਜਾਵੇ ਤਾਂ ਅਸੀਂ ਤੈਰਦੇ

ਹਿਰਸ ਬੁਝ ਜਾਵੇ ਤਾਂ ਅਸੀਂ ਜਗਦੇ

'ਮੈਂ' ਮਰ ਜਾਵੇ ਤਾਂ ਅਸੀਂ ਜਿਉਂਦੇ... ..."[69]

ਦਰਸ਼ਨ ਬੁੱਟਰ ਨੇ ਪੰਜਾਬ ਸੰਕਟ ਨਾਲ ਸਬੰਧਿਤ ਕਵਿਤਾਵਾਂ ਵੀ ਲਿਖੀਆਂ ਹਨ। ਪੰਜਾਬ ਵਿਚ ਫੈਲੀ ਮੂਲਵਾਦੀ ਖਾਲਸਤਾਨੀ ਲਹਿਰ ਹਾਕਮ ਜਮਾਤਾਂ ਦੀ ਛਤਰ ਛਾਇਆ ਹੇਠ ਵਧੀ ਤੇ ਜਿਸ ਨੇ ਪੰਜਾਬ ਦੀ ਆਰਥਿਕਤਾ, ਸਮਾਜਿਕਤਾ ਨੂੰ ਚੰਗੀ ਤਰ੍ਹਾਂ ਝੰਜੋੜਿਆ ਤੇ ਸੰਪਰਦਾਇਕਤਾ ਵਿਚ ਫਸਾ ਕੇ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ। ਦਰਸ਼ਨ ਬੁੱਟਰ ਨੇ ਪੰਜਾਬ ਸੰਕਟ ਦੇ ਮਨੁੱਖੀ ਮਨ ਉਤੇ ਪਏ ਪ੍ਰਭਾਵਾਂ ਨੂੰ ਅਤੀਤ ਅਤੇ ਵਰਤਮਾਨ ਦੇ ਪ੍ਰਸੰਗ ਵਿਚ ਰੱਖ ਕੇ ਪਰਖਿਆ ਹੈ। ਇਸ ਵਿਚ ਉਸ ਨੇ ਲੋਕਾਂ ਪ੍ਰਤੀ ਭਾਵਨਾ ਨੂੰ ਭਾਵੁਕਤਾ ਨਾਲ ਲੈਣ ਦੀ ਬਜਾਏ ਯਥਾਰਥਵਾਦੀ ਦ੍ਰਿਸ਼ਟੀ ਨਾਲ ਪ੍ਰਗਟਾਇਆ ਹੈ।

"ਲੰਘ ਰਿਹਾ ਹਾਂ
ਵਕਤ ਦੀ ਕਾਲੀ ਗੁਫ਼ਾ 'ਚੋਂ
ਗ਼ਰਦਿਸ਼ ਦੀ ਬੁੱਕਲ ਮਾਰ ਕੇ
ਨਾਲ ਮੇਰੇ ਕਾਫ਼ਲੇ
ਭਟਕਦੇ ਰੰਗਾਂ ਦੇ...
ਜਲਾਵਤਨ ਪੌਣਾਂ ਦੇ...
ਧੁੰਦਲੀਆਂ ਯਾਦਾਂ ਦੇ..."[70]

"ਕਈ ਅਹਿਮ ਗੱਲਾਂ
ਵਿਸ਼ੇਸ਼ ਘਟਨਾਵਾਂ
ਸਾਡੇ ਬੇ-ਜ਼ਮੀਰੇ ਲੋਕਾਂ ਦੇ
ਚੇਤਿਆਂ 'ਚੋਂ
ਵਿਸਰ ਗਈਆਂ
ਸਾਧਾਰਨ ਗੱਲਾਂ ਵਾਂਗ
ਮਾਂ ਲੋਰੀ ਦਾ

ਹੌਕਿਆਂ 'ਚ

ਤਬਦੀਲ ਹੋ ਜਾਣਾ

ਸਹਿਮੀਆਂ ਖੁਸ਼ੀਆਂ ਦਾ

ਚੁੱਪ ਵੱਟ ਕੇ

ਲੰਘ ਜਾਣਾ

ਛਣ ਛਣ ਚੂੜੀਆਂ ਦਾ

ਦਰਿੰਦਗੀ ਦੇ ਚੁਰਸਤੇ 'ਚ

ਟੁੱਟ ਜਾਣਾ..."[71]

ਡਾ. ਅਰਵਿੰਦਰ ਕੌਰ ਦਰਸ਼ਨ ਬੁੱਟਰ ਬਾਰੇ ਲਿਖਦੀ ਹੈ, "ਦਰਸ਼ਨ ਬੁੱਟਰ ਨੇ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਹਾਂ ਪੱਖੀ ਰਵੱਈਆ ਅਪਣਾਇਆ ਹੈ। ਉਸ ਨੇ ਆਪਣੀਆਂ ਕਵਿਤਾਵਾਂ ਵਿਚ ਆਪਣੇ ਪ੍ਰਸ਼ਨਾਂ ਦੇ ਆਪ ਹੀ ਉੱਤਰ ਦਿੱਤੇ ਹਨ। ਇਹ ਪ੍ਰਸ਼ਨ ਸਮਾਜ ਵਿਚ ਵਾਪਰਦੇ ਵਰਤਾਰਿਆਂ ਨੂੰ ਸੰਬੋਧਿਤ ਹਨ। ਇਹ ਪ੍ਰਸ਼ਨ ਉਹ ਹਨ ਜੋ ਉਸ ਦੇ ਮਨ ਵਿਚ ਸੱਜਰੇ ਵਲਵਲਿਆਂ ਰਾਹੀਂ ਪ੍ਰਗਟ ਹੋਏ ਹਨ। ਓਸ ਨੇ ਸਾਰਿਆਂ ਰੰਗਾਂ ਵਿਚ ਇਕ ਵਿਲੱਖਣ ਰੰਗ ਫੜਿਆ ਹੈ। ਉਹ ਹੈ ਦਰਦ ਦਾ ਰੰਗ ਇਸ ਮਜੀਠੀ ਰੰਗ ਵਿਚ ਰੰਗਿਆ ਮਨੁੱਖ ਕਈ ਅਨੁਭਵਾਂ ਦੀ ਸੂਖਮ ਸੰਵੇਦਨਾ ਦਾ ਅਹਿਸਾਸ ਕਰਦਾ ਹੈ। ਕਈ ਵਾਰ ਤਾਂ ਇਹ ਸੂਖਮ ਸੰਵੇਦਨਾ ਹੋਰਨਾਂ ਲਈ ਆਸ਼ਾ ਦੀ ਕਿਰਨ ਜਗਾਉਂਦੀ ਹੈ। ਮਾਨਵਵਾਦੀ ਦ੍ਰਿਸ਼ਟੀਕੋਣ ਰੱਖਦਾ ਹੋਇਆ ਕਵੀ ਸਰਬ ਸਾਂਝੀ ਅਰਦਾਸ ਕਰਦਾ ਹੈ। ਜਿਵੇਂ ਬੁੱਟਰ ਦੇ ਕਾਵਿ-ਸੰਗ੍ਰਹਿ ਦਰਦ ਮਜੀਠੀ ਵਿਚ ਪਹਿਲੀ ਕਵਿਤਾ 'ਅਰਦਾਸ' ਹੈ।"[72]

ਦੇਖੋ ਉਦਾਹਰਣ-

"ਹਰ ਚੁੱਲ੍ਹੇ ਲਈ...ਅੱਗ

ਹਰ ਅੱਗ ਲਈ...ਦਿਸ਼ਾ

ਹਰ ਵਿਹੜੇ ਲਈ...ਝਾਂਜਰ

ਹਰ ਝਾਂਜਰ ਲਈ...ਚਾਅ..."[73]

ਦਰਸ਼ਨ ਬੁੱਟਰ ਮਾਨਵਵਾਦੀ ਵਿਚਾਰਧਾਰਾ ਦਾ ਕਵੀ ਹੈ। ਉਸ ਦੀ ਦ੍ਰਿਸ਼ਟੀ ਮਾਨਵਤਾ ਨਾਲ ਭਰੀ ਪਈ ਹੈ ਤੇ ਉਸ ਦੀਆਂ ਬਹੁਤੀਆਂ ਕਵਿਤਾਵਾਂ ਮਾਨਵਵਾਦੀ ਸਰੋਕਾਰਾਂ ਦੇ ਆਲੇ-ਦੁਆਲੇ ਹੀ ਚੱਕਰ ਕੱਟਦੀਆਂ ਹਨ। ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦਾ ਉਹ ਜ਼ਿੰਦਗੀ ਦੇ ਬਹੁਤ ਸਾਰੇ ਰੰਗਾਂ ਨੂੰ ਅਤੇ ਮਨੁੱਖ ਦੇ ਦੁਆਲੇ ਚੁਣੌਤੀਆਂ, ਮੁਸ਼ਕਲਾਂ, ਖਤਰਿਆਂ ਨੂੰ ਮਹਿਸੂਸ ਕਰਦਾ ਹੋਇਆ ਉਹ ਆਪਣੀਆਂ ਕਵਿਤਾਵਾਂ ਵਿਚ ਇਸ ਦੇ ਕਾਰਨ ਤੇ ਹੱਲ ਦੀ ਤਲਾਸ਼ ਕਰਦਾ ਹੈ। ਉਹ ਕਵਿਤਾਵਾਂ ਰਾਹੀਂ ਸਮਾਜ ਵਿਚ ਦਿਨ-ਬ-ਦਿਨ ਵੱਧ ਰਹੀ ਇਕੱਲਤਾ, ਭਟਕਣ ਨੂੰ ਬਾਰ-ਬਾਰ ਸੰਬੋਧਿਤ ਹੁੰਦਾ ਹੈ ਕਿਉਂਕਿ ਅਜੋਕਾ ਮਨੁੱਖ ਇਸ ਸੰਸਾਰ ਵਿਚ ਇਕੱਲਤਾ ਦਾ ਸੰਤਾਪ ਹੰਢਾ ਰਿਹਾ ਹੈ। ਮਨੁੱਖੀ ਮਨ ਅੰਦਰਲੀ ਚੇਤਨਾ ਅਤੇ ਅਵਚੇਤਨਾ ਨੂੰ ਪੇਸ਼ ਕਰਦਾ ਹੋਇਆ ਬੁੱਟਰ ਮਾਨਵੀ ਸਰੋਕਾਰਾਂ ਨੂੰ, ਸਮਾਜ ਨੂੰ, ਵਿਸ਼ਵੀਕਰਨ ਨੂੰ, ਨਾਰੀਵਾਦ ਨੂੰ, ਪ੍ਰਕਿਰਤੀ ਨੂੰ ਆਪਣੀਆਂ ਕਵਿਤਾਵਾਂ ਦਾ ਹਿੱਸਾ ਬਣਾਉਂਦਾ ਹੈ।

> ਦਰਸ਼ਨ ਬੁੱਟਰ ਬਾਰੇ ਡਾ. ਰਾਜਿੰਦਰਪਾਲ ਬਰਾੜ ਲਿਖਦੇ ਹਨ, "ਦਰਸ਼ਨ ਬੁੱਟਰ ਖੁਲ੍ਹੀ ਕਵਿਤਾ ਦਾ ਸੰਵੇਦਨਸ਼ੀਲ ਸ਼ਾਇਰ ਹੈ। ਉਸ ਦੀਆਂ ਬਹੁਤੀਆਂ ਕਵਿਤਾਵਾਂ ਮੈਂ ਦਾ ਤੂੰ ਨਾਲ ਸੰਵਾਦ ਹਨ। ਇਸ ਕਾਰਨ ਖੁੱਲ੍ਹੀ ਕਵਿਤਾ ਵਿਚੋਂ ਪ੍ਰਗੀਤ ਦਾ ਝਾਉਲਾ ਪੈਂਦਾ ਹੈ। ਉਸ ਦੀਆਂ ਕਵਿਤਾਵਾਂ ਵਿਚ ਭਾਵੇਂ ਸਾਮੂਹਿਕ ਮਾਨਵੀ ਦਰਦ ਨੂੰ ਕਾਵਿਕ ਦਰਦ ਨਾਲ ਪੇਸ਼ ਕੀਤਾ ਗਿਆ ਹੈ।"[74]

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਦੇ ਕਾਵਿ ਸੰਗ੍ਰਹਿ ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਵਿਚ ਇਤਿਹਾਸਕ, ਸਮਾਜਕ ਤੇ ਮਾਨਵੀ ਸਰੋਕਾਰ ਰੂਪਮਾਨ ਹੁੰਦੇ ਹਨ। ਇਨ੍ਹਾਂ ਸਰੋਕਾਰਾਂ ਰਾਹੀਂ ਬੁੱਟਰ ਨੇ ਇਤਿਹਾਸ ਨੂੰ, ਸਮਾਜ ਦੀਆਂ ਸਮੱਸਿਆਵਾਂ ਨੂੰ, ਮਾਨਵੀ ਰਿਸ਼ਤਿਆਂ ਨੂੰ ਭਲੀ ਭਾਂਤੀ ਉਜਾਗਰ ਕੀਤਾ ਹੈ। ਉਹ ਇਤਿਹਾਸ ਤੇ ਮਿਥਿਹਾਸ ਦੇ ਹਵਾਲੇ ਨਾਲ ਅਧਿਆਤਮਕ ਰੰਗ ਦੇ ਕੇ ਕਿਸੇ ਵੀ ਤਰੀਕੇ ਨਾਲ ਮਨੁੱਖ ਦੇ ਮਨੁੱਖ ਬਣੇ ਰਹਿਣ ਦੀ ਆਸ ਦਾ ਪੱਲਾ ਨਹੀਂ ਛੱਡਦਾ। ਬੁੱਟਰ ਦੇ ਕਾਵਿਕ ਅਧਿਐਨ ਵਿਚੋਂ ਲੰਘਦਿਆਂ ਜੋ ਕੇਂਦਰੀ ਵਿਚਾਰ ਉੱਭਰ ਕੇ ਪ੍ਰਤੱਖ ਹੁੰਦੇ ਹਨ ਉਹ ਹਨ ਮਾਨਵਤਾਵਾਦੀ ਸਮਾਜਕ ਸਰੋਕਾਰਾਂ ਦੇ ਅੰਤਰਗਤ ਮਾਨਵੀ ਰਿਸ਼ਤਿਆਂ ਦਾ ਟਕਰਾਅ, ਤੜਕਾਉ ਮਨੁੱਖੀ ਬਦਲਾਵ ਉਸ ਦੀ ਕਵਿਤਾਵਾਂ ਦੇ ਪ੍ਰਮੁੱਖ ਸੁਰ ਹਨ। ਉਹ ਮਾਨਵੀ ਸਰੋਕਾਰਾਂ ਦੀ ਬਾਤ ਪਾਉਂਦਿਆਂ ਮਨੁੱਖੀ ਜ਼ਿੰਦਗੀ ਦੇ ਸਾਹਮਣੇ ਮੂੰਹ ਅੱਡੀ ਖੜੇ ਖਤਰਿਆਂ ਦੀ ਨਿਸ਼ਾਨਦੇਹੀ ਕਰਦਾ ਹੋਇਆ ਅਜੋਕੇ ਮਨੁੱਖ ਨੂੰ ਸੁਚੇਤ ਕਰਦਾ ਹੈ।

ਇਸ ਅਧਿਐਨ ਤੋਂ ਇਹ ਗੱਲ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਈ ਹੈ ਕਿ ਦਰਸ਼ਨ ਬੁੱਟਰ ਦੇ ਕਾਵਿ ਜਗਤ ਨੂੰ ਕਿਸੇ ਇਕ ਵਾਦ ਅਧੀਨ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਉਸ ਦੀਆਂ ਕਵਿਤਾਵਾਂ ਵਿਚ ਬਹੁਪਖੀ ਸਰੋਕਾਰ ਹਨ ਜਿਹੜੇ ਮਾਨਵੀ ਜ਼ਿੰਦਗੀ ਦੇ ਕੌੜੇ ਯਥਾਰਥ ਨੂੰ ਅਭਿਵਿਅਕਤ ਕਰਨ ਸਮੇਂ ਕਈ ਪ੍ਰਸ਼ਨ ਖੜੇ ਕਰਦੇ ਹਨ। ਉਹ ਮਨੁੱਖ ਦੁਖਾਂ-ਦਰਦਾਂ, ਵੇਦਨਾਵਾਂ, ਸਮੱਸਿਆਵਾਂ ਅਤੇ ਅਨੇਕਾਂ ਗੁੰਝਲਾਂ ਵਿਚ ਫਸਿਆ ਹੋਇਆ ਹੈ। ਜਿਸ ਨੂੰ ਉਹ ਆਪਣੀ ਕਵਿਤਾ ਵਿਚ ਵੱਖ-ਵੱਖ ਸਰੋਕਾਰਾਂ ਰਾਹੀਂ ਸਿਰਜਦਾ ਹੈ। ਦਰਸ਼ਨ ਬੁੱਟਰ ਰਿਸ਼ਤਿਆਂ ਵਿਚ ਨਿਘਾਰ, ਘਰ ਤੋਂ ਅਲਗਾਵ, ਮਨੁੱਖ ਦੀ ਤ੍ਰਾਸਦੀ, ਵਿਸ਼ਵੀਕਰਨ, ਨਿੱਜੀਕਰਨ ਦੀਆਂ ਨੀਤੀਆਂ ਕਾਰਨ ਲੋਕ ਮਨਾਂ ਵਿਚ ਮੱਚੀ ਤਰਥਲੀ ਨੂੰ ਆਪਣੀ

ਕਵਿਤਾ ਰਾਹੀਂ ਪੇਸ਼ ਕਰਦਾ ਹੈ। ਉਹ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਨਾਰੀਤਵ ਦੇ ਬਿੰਬ ਨੂੰ ਉਭਾਰਦਾ ਹੈ। ਉਹ ਜਾਣਦਾ ਹੈ ਕਿ ਔਰਤ ਕੇਵਲ ਸਿਰਜਣਹਾਰ ਹੀ ਨਹੀਂ ਸਗੋਂ ਮਨੁੱਖ ਦੀ ਹਮਸਫ਼ਰ ਵੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਬਾਜ਼ਾਰ ਦੀ ਚਕਾਚੌਂਧ ਵਿਚ ਉਲਝੀ ਮੱਧਵਰਗੀ ਜ਼ਿੰਦਗੀ ਅਤੇ ਧਰਤੀ ਤੇ ਰੀਂਗਦੀ ਜ਼ਿੰਦਗੀ ਦੇ ਅਸਲ ਯਥਾਰਥ ਨੂੰ ਦਰਸ਼ਨ ਬੁੱਟਰ ਇਕ ਅੱਖ ਨਾਲ ਵੇਖਦਾ ਹੈ। ਪੂੰਜੀਵਾਦੀ ਦੌਰ ਵਿਚ ਮਨੁੱਖ ਦੀ ਲਾਲਸਾ, ਹਵਸ ਤੇ ਵੱਧ ਤੋਂ ਵੱਧ ਪੂੰਜੀ ਇਕੱਤਰ ਕਰਨ ਦੀ ਤਮੰਨਾ ਨੇ ਮਨੁੱਖ ਅੰਦਰੋਂ ਖੁਸ਼ੀਆਂ ਖੇੜੇ, ਮਨ ਦਾ ਸਕੂਨ ਖੋਹ ਲਿਆ ਹੈ। ਅਜੋਕੇ ਦੌਰ ਨੇ ਮਨੁੱਖ ਅੰਦਰੋਂ ਮਨੁੱਖਤਾ ਨੂੰ ਮਨਫ਼ੀ ਕਰ ਦਿੱਤਾ ਹੈ। ਇਸੇ ਤ੍ਰਾਸਦੀ ਕਾਰਨ ਮਨੁੱਖ ਕੁਦਰਤ ਨਾਲੋਂ, ਆਪੇ ਨਾਲੋਂ, ਪਰਿਵਾਰ ਨਾਲੋਂ ਤੇ ਸਮਾਜ ਨਾਲੋਂ ਟੁੱਟ ਰਿਹਾ ਹੈ। ਕੁਦਰਤੀ ਨਜ਼ਾਰਿਆਂ ਤੋਂ ਭਾਵ ਬੂਟਿਆਂ ਨੂੰ, ਪੰਛੀਆਂ-ਪਸ਼ੂਆਂ ਨੂੰ ਵੱਧ ਤੋਂ ਵੱਧ ਨੁਕਸਾਨ ਪਹੁੰਚਾ ਰਿਹਾ ਹੈ। ਇਸ ਟੁੱਟ-ਭੱਜ ਵਿਚ ਮਨੁੱਖ ਤਨਾਅ ਭਰੀ ਜ਼ਿੰਦਗੀ ਵਿਚ ਜਿਊਂਦਾ ਨਹੀਂ ਸਿਰਫ਼ ਸਾਹ ਲੈਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਤਸਕੀਨ, ਆਧੁਨਿਕ ਸਰੋਕਾਰ ਅਤੇ ਨਵਤੇਜ ਦੀ ਕਵਿਤਾ, ਪੰਨਾ-4
2. ਡਾ. ਜਸਪਾਲ ਕੌਰ, ਆਲੋਚਕ ਆਖਦੇ ਨੇ, ਪੰਨਾ-122
3. ਡਾ. ਹਰਦੇਵ ਬਾਹਰੀ, ਬ੍ਰਹਤ ਅੰਗਰੇਜ਼ੀ ਹਿੰਦੀ ਕੋਸ਼ ਭਾਗ-1, ਪੰਨਾ-263
4. Judy pearsall (Editor), The New Oxford dictionary Of English, page-389
5. Ibid, page-1566.
6. ਡਾ. ਹਰਿਭਜਨ ਸਿੰਘ ਭਾਟੀਆ, ਪੰਜਾਬੀ ਆਲੋਚਨਾ:ਇਕ ਪਰਿਚਯ (ਜਸਵੀਰ ਸਿੰਘ ਆਹਲੂਵਾਲੀਆ, ਡਾ. ਸੁਰਜੀਤ ਹਾਂਸ), ਪੰਨਾ-256
7. ਉਹੀ, ਪੰਨਾ-257
8. ਡਾ. ਅਤਰ ਸਿੰਘ, ਕਾਵਿ ਅਧਿਐਨ, ਪੰਨਾ-129
9. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰ ਧਾਰਾਈ ਆਧਾਰ, ਪੰਨਾ-26
10. ਡਾ. ਸਤਿੰਦਰ ਸਿੰਘ ਨੂਰ, ਖੜਾਵਾਂ, ਮੁੱਖ ਬੰਦ, ਪੰਨਾ-13
11. ਸੁਸ਼ੀਲ ਦੁਸਾਂਝ, ਦਰਸ਼ਨ ਬੁੱਟਰ ਦੀਆਂ ਖੜਾਵਾਂ, ਪੰਨਾ-23
12. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-31
13. ਉਹੀ, ਖੜਾਵਾਂ, ਪੰਨਾ-63
14. ਉਹੀ, ਮਹਾਂਕੰਬਣੀ, ਪੰਨਾ-10
15. ਉਹੀ, ਦਰਦ ਮਜੀਠੀ, ਪੰਨਾ-20
16. ਉਹੀ, ਖੜਾਵਾਂ, ਪੰਨਾ-39
17. ਉਹੀ, ਮਹਾਂਕੰਬਣੀ, ਪੰਨਾ-58
18. ਹਰਭਜਨ ਬਟਾਲਵੀ, ਦਰਸ਼ਨ ਬੁੱਟਰ ਦੀਆਂ ਖੜਾਵਾਂ, ਪੰਨਾ-12
19. ਉਹੀ, ਮਹਾਂਕੰਬਣੀ, ਪੰਨਾ-58
20. ਦਰਸ਼ਨ ਬੁੱਟਰ, ਖੜਾਵਾਂ, ਪੰਨਾ-9
21. ਉਹੀ, ਮਹਾਂਕੰਬਣੀ, ਪੰਨਾ-68, 69
22. ਉਹੀ, ਦਰਦ ਮਜੀਠੀ, ਪੰਨਾ-22
23. ਸੁਤਿੰਦਰ ਸਿੰਘ ਨੂਰ, ਦਰਸ਼ਨ ਬੁੱਟਰ ਦੀਆਂ ਖੜਾਵਾਂ, ਪੰਨਾ-13
24. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-62
25. ਉਹੀ, ਮਹਾਂਕੰਬਣੀ, ਪੰਨਾ-34,35

26. ਉਹੀ, ਪੰਨਾ-17
27. ਉਹੀ, ਖੜਾਵਾਂ, ਪੰਨਾ-31
28. ਉਹੀ, ਮਹਾਂਕੰਬਣੀ, ਪੰਨਾ-88
29. ਉਹੀ, ਦਰਦ ਮਜੀਠੀ, ਪੰਨਾ-46
30. ਉਹੀ, ਖੜਾਵਾਂ' ਪੰਨਾ-19
31. ਉਹੀ, ਮਹਾਂਕੰਬਣੀ, ਪੰਨਾ-25
32. ਉਹੀ, ਦਰਦ ਮਜੀਠੀ, ਪੰਨਾ-17
33. ਉਹੀ, ਖੜਾਵਾਂ, ਪੰਨਾ-22
34. ਉਹੀ, ਮਹਾਂਕੰਬਣੀ, ਪੰਨਾ-27
35. ਉਹੀ, ਦਰਦ ਮਜੀਠੀ, ਪੰਨਾ-28
36. ਉਹੀ, ਖੜਾਵਾਂ, ਪੰਨਾ-35
37. ਮਨਿੰਦਰ ਕਾਂਗ, ਆਲੋਚਕ ਆਖਦੇ ਨੇ, ਪੰਨਾ-35
38. ਡਾ. ਸੁਰਜੀਤ ਸਿੰਘ ਦੌਧਰ, ਉਹੀ, ਪੰਨਾ-200
39. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-39
40. ਉਹੀ, ਖੜਾਵਾਂ, ਪੰਨਾ-18
41. ਉਹੀ, ਮਹਾਂਕੰਬਣੀ, ਪੰਨਾ-13
42. ਡਾ. ਅਰਵਿੰਦਰ ਕੌਰ, ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ, ਪੰਨਾ-123
43. ਦਰਸ਼ਨ ਬੁੱਟਰ, ਮਹਾਂਕੰਬਣੀ, ਪੰਨਾ-54,56
44. ਉਹੀ, ਦਰਦ ਮਜੀਠੀ, ਪੰਨਾ-86,87
45. ਉਹੀ, ਮਹਾਂਕੰਬਣੀ, ਪੰਨਾ-54
46. ਉਹੀ, ਦਰਦ ਮਜੀਠੀ, ਪੰਨਾ-30
47. ਉਹੀ, ਉਹੀ, ਪੰਨਾ-47
48. ਉਹੀ, ਪੰਨਾ-82
49. ਉਹੀ, ਪੰਨਾ-83
50. ਉਹੀ, ਖੜਾਵਾਂ, ਪੰਨਾ-70
51. ਉਹੀ, ਪੰਨਾ-72
52. ਉਹੀ, ਮਹਾਂਕੰਬਣੀ, ਪੰਨਾ-92

53. ਉਹੀ, ਦਰਦ ਮਜੀਠੀ, ਪੰਨਾ-59
54. ਉਹੀ, ਮਹਾਂਕੰਬਣੀ, ਪੰਨਾ-31
55. ਸੁਰਜੀਤ ਪਾਤਰ, ਕਾਵਿ ਲੋਕ, ਜਨਵਰੀ ਮਾਰਚ 2001, ਪੰਨਾ-16
56. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-68
57. ਉਹੀ, ਪੰਨਾ-64
58. ਉਹੀ, ਮਹਾਂਕੰਬਣੀ, ਪੰਨਾ-75
59. ਉਹੀ, ਦਰਦ ਮਜੀਠੀ. ਪੰਨਾ-77
60. ਉਹੀ, ਖੜਾਵਾਂ, ਪੰਨਾ-38
61. ਉਹੀ, ਮਹਾਂਕੰਬਣੀ, ਪੰਨਾ-11
62. ਡਾ. ਜਸਵਿੰਦਰ ਸਿੰਘ, ਪੰਜਾਬੀ ਸਾਹਿਤ ਸਮਕਾਲੀ ਦ੍ਰਿਸ਼, ਪੰਨਾ-36
63. ਦਰਸ਼ਨ ਬੁੱਟਰ, ਮਹਾਂਕੰਬਣੀ, ਪੰਨਾ-68
64. ਡਾ. ਅਰਵਿੰਦਰ ਕੌਰ, ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ, ਪੰਨਾ-124
65. Dr. I.H, Issue in political theory, page-67
66. ਡਾ.ਜਗਵੀਰ ਸਿੰਘ, ਪਰਵਾਸੀ ਪੰਜਾਬੀ ਕਵਿਤਾ:ਸੰਦਰਭ ਤੇ ਸਰੋਕਾਰ, ਪੰਨਾ-65
67. ਦਰਸ਼ਨ ਬੁੱਟਰ, ਖੜਾਵਾਂ, ਪੰਨਾ-21
68. ਉਹੀ, ਦਰਦ ਮਜੀਠੀ, ਪੰਨਾ-59
69. ਉਹੀ, ਮਹਾਂਕੰਬਣੀ, ਪੰਨਾ-19
70. ਉਹੀ, ਦਰਦ ਮਜੀਠੀ, ਪੰਨਾ-34
71. ਉਹੀ, ਖੜਾਵਾਂ, ਪੰਨਾ-78
72. ਡਾ. ਅਰਵਿੰਦਰ ਕੌਰ, ਸਮਕਾਲੀ ਕਵਿਤਾ ਦਾ ਮੁਹਾਂਦਰਾ, ਪੰਨਾ-121,122
73. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-13
74. ਡਾ. ਰਾਜਿੰਦਰਪਾਲ ਸਿੰਘ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-222

# ਅਧਿਆਇ ਚੌਥਾ

# ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ

**4.1 ਜੁਗਤ ਕੀ ਹੈ?**

**4.2 ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ:**

4.2.1 ਦਰਸ਼ਨ ਬੁੱਟਰ ਦਾ ਖੁੱਲ੍ਹੀ ਕਵਿਤਾ ਵੱਲ ਰੁਝਾਨ:

4.2.2 ਕਲਪਨਾ:

4.2.3 ਬਿੰਬ ਵਿਧਾਨ:

4.2.4 ਅਲੰਕਾਰ:

4.2.5 ਰਸ ਵਿਧਾਨ:

4.2.6 ਪ੍ਰਤੀਕ ਵਿਧਾਨ:

4.2.7 ਸ਼ਬਦ ਚੋਣ:

4.2.8 ਸ਼ੈਲੀ:

4.2.9 ਭਾਸ਼ਾ

# ਅਧਿਆਇ ਚੌਥਾ

# ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ

ਪਿਛਲੇ ਅਧਿਆਇਆਂ ਵਿਚ ਅਸੀਂ ਦਰਸ਼ਨ ਬੁੱਟਰ ਦੀ ਕਵਿਤਾ ਵਿਚਲੇ ਉਭਰਦੇ ਸਰੋਕਾਰਾਂ ਦਾ ਅਧਿਐਨ ਕੀਤਾ ਹੈ। ਇਸ ਅਧਿਆਇ ਵਿਚ ਬੁੱਟਰ ਦੇ ਸਮੁੱਚੇ ਕਾਵਿ ਜਗਤ ਦੀਆਂ ਉਨ੍ਹਾਂ ਕਾਵਿਕ ਜੁਗਤਾਂ ਦਾ ਅਧਿਐਨ ਕੀਤਾ ਜਾਵੇਗਾ ਜਿਹੜੀਆਂ ਕਾਵਿ ਜੁਗਤਾਂ ਬੁੱਟਰ ਆਪਣੀਆਂ ਕਵਿਤਾਵਾਂ ਵਿਚ ਵਰਤਦਾ ਹੈ।

## 4.1 ਜੁਗਤ ਕੀ ਹੈ?

ਦਰਸ਼ਨ ਬੁੱਟਰ ਦੇ ਕਾਵਿ ਸੰਸਾਰ ਵਿਚਲੀਆਂ ਕਾਵਿਕ ਜੁਗਤਾਂ ਦਾ ਅਧਿਐਨ ਕਰਨ ਤੋਂ ਪਹਿਲਾਂ 'ਜੁਗਤ ਵਿਧਾਨ' ਦੇ ਸਿਧਾਂਤਕ ਪੱਖ ਬਾਰੇ ਜਾਣੂ ਹੋਣਾ ਜ਼ਰੂਰੀ ਹੈ। 'ਜੁਗਤ' ਕੀ ਹੁੰਦੀ ਹੈ? ਦੇਸੀ ਭਾਸ਼ਾ ਵਿਚ ਜੁਗਤ ਇਕ ਕਿਸਮ ਦਾ ਜੁਗਾੜ ਹੈ। ਸਾਡੀ ਲੋਕਧਾਰਾ ਵਿਚ ਅਜਿਹਾ ਲੋਕ ਸਾਹਿਤ ਮਿਲਦਾ ਹੈ ਜਿਨ੍ਹਾਂ ਵਿਚ ਜੁਗਤ ਜਾਂ ਜੁਗਾੜ ਰਾਹੀਂ ਕਹਾਣੀ ਨੂੰ ਸਿਰੇ ਚਾੜਿਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਜੁਗਤ ਸ਼ਬਦ ਵਰਤਿਆ ਗਿਆ ਹੈ। 'ਜੁਗਤ' ਤੋਂ ਅਰਥ ਹੈ ਜੁੜਿਆ ਹੋਇਆ। ਪਰ ਜਦ ਅਸੀਂ ਜੁਗਤ ਵਿਚ 'ਜੁਗਤਿ' ਵਰਤਦੇ ਹਾਂ ਤਾਂ ਉਸ ਦਾ ਅਰਥ ਤਰੀਕਾ ਜਾਂ ਢੰਗ ਬਣ ਜਾਂਦਾ ਹੈ। ਸਮੁੱਚੀ ਬਾਣੀ ਸ਼ਬਦ ਗੁਰੂ ਦੇ ਸੰਕਲਪ ਰਾਹੀਂ ਸਭਿਆਚਾਰਕ ਜੁਗਤਾਂ ਅਧੀਨ ਸਮੁੱਚੇ ਮਾਨਵ ਦੇ ਕਲਿਆਣ ਲਈ ਵਰਤੀ ਗਈ ਹੈ।

ਗੁਰਬਾਣੀ ਵਿਚ ਅਜਿਹੀਆਂ ਪੰਕਤੀਆਂ ਹਨ ਜਿਨ੍ਹਾਂ ਵਿਚ ਜੁਗਤਿ ਨੂੰ ਵਰਤਿਆ ਗਿਆ ਹੈ। ਸੁਖਮਨੀ ਸਾਹਿਬ ਵਿਚ ਸਾਹਿਬ ਸ੍ਰੀ ਗੁਰੁ ਅਰਜਨ ਦੇਵ ਜੀ ਫੁਰਮਾਉਂਦੇ ਹਨ,

"ਜੀਅ ਕੀ ਜੁਗਤਿ ਜਾ ਕੈ ਸਭ ਹਾਥਿ॥

ਅੰਤਰ ਬਾਹਰਿ ਜਾਨਹੁ ਸਾਥਿ॥ "[1]

ਕਿਸੇ ਵੀ ਰਚਨਾ ਨੂੰ ਪੜ੍ਹਨ 'ਤੇ ਆਲੋਚਕ ਵੇਖਦਾ ਹੈ ਕਿ ਲਿਖਣ ਵਾਲੇ ਨੇ ਕੀ ਅਤੇ ਕਿਵੇਂ ਲਿਖਿਆ ਹੈ। ਭਾਵ ਕਿਹੜੀ ਜੁਗਤ ਵਰਤੀ ਹੈ? ਰੂਸੀ ਰੂਪਵਾਦੀਆਂ ਦਾ ਇਹੀ ਕਹਿਣਾ ਹੈ 'ਰਚਨਾ ਨੂੰ ਵੇਖੋ, ਰਚਨਾ ਦਾ ਵਿਸ਼ਲੇਸ਼ਣ ਕਰੋ'। ਉਹ ਰਚਨਾ ਦੇ ਬਾਹਰੇ ਤੱਤਾਂ ਦਾ ਵਿਸ਼ਲੇਸ਼ਣ ਕਰਨ ਦੀ ਬਜਾਏ ਉਸ ਦੇ ਅੰਦਰਲੇ ਤੱਤਾਂ ਨੂੰ ਵਿਸ਼ਲੇਸ਼ਣ ਦਾ ਧੁਰਾ ਬਣਾਉਂਦੇ ਹਨ। ਇਸ ਨੇ ਸਾਹਿਤ ਦੀ ਭਾਸ਼ਾਗਤ ਹੋਂਦ ਤੋਂ ਸੁਚੇਤ ਕਰ ਕੇ ਸਾਹਿਤਕ ਕਿਰਤ ਨੂੰ ਨਿਵੇਕਲੇ ਅੰਦਾਜ ਵਿਚ ਮਾਨਣ ਤੇ ਸਮਝਣ ਦਾ ਸੁਝਾਅ ਦਿੱਤਾ ਹੈ।

> ਡਾ. ਕੁਲਦੀਪ ਸਿੰਘ ਧੀਰ ਅਨੁਸਾਰ, "ਰੂਪਵਾਦੀ ਪਹੁੰਚ ਵਿਧੀ ਨੂੰ ਚੰਗੀ ਤਰ੍ਹਾਂ ਸਮਝਣ ਲਈ ਲਕੀਰ ਦੇ ਦੂਜੇ ਪਾਸੇ ਖੜੀਆਂ ਪ੍ਰਮੁੱਖ ਪਹੁੰਚ ਵਿਧੀਆਂ ਦਾ ਸਿਧਾਂਤਕ ਆਧਾਰ ਪਛਾਣ ਲੈਣਾ ਉਚਿਤ ਹੋਵੇਗਾ। ਇਹ ਪਹੁੰਚ ਵਿਧੀਆਂ ਹਨ-ਦਾਰਸ਼ਨਿਕ, ਇਤਿਹਾਸਕ, ਮਾਰਕਸਵਾਦੀ, ਨੈਤਿਕ, ਮਨੋਵਿਗਿਆਨਕ ਅਤੇ ਪ੍ਰਭਾਵਵਾਦੀ"।[2]

ਜੁਗਤ ਤੋਂ ਬਿਨਾਂ ਕੋਈ ਵੀ ਕਾਰਜ ਸੰਭਵ ਨਹੀਂ ਹੈ। ਜੁਗਤ ਵਿਹੂਣਾ ਕਾਰਜ ਕਲਾਤਮਕਤਾ ਦੀਆਂ ਸਿਖ਼ਰਾਂ ਨਹੀਂ ਛੋਹ ਸਕਦਾ। ਇਸ ਤਰ੍ਹਾਂ ਹੀ ਸਾਹਿਤ ਸਿਰਜਣਾ ਵਿਚ ਵੀ ਸੁਚੇਤ, ਅਚੇਤ ਸਾਹਿਤਕ ਜੁਗਤਾਂ ਦੀ ਵਰਤੋਂ ਹੁੰਦੀ ਹੈ। ਵਿਦਵਾਨ ਸਾਹਿਤ ਨੂੰ ਸਮਾਜ ਦਾ ਦਰਪਣ ਕਹਿੰਦੇ ਹਨ। ਸਾਹਿਤ ਵਿਚ ਭਾਸ਼ਾ, ਸ਼ੈਲੀ, ਬਿੰਬ, ਪ੍ਰਤੀਕ, ਅਲੰਕਾਰ, ਬਿਰਤਾਂਤ ਆਦਿ ਕਈ ਤਰ੍ਹਾਂ ਦੀਆਂ ਕਾਵਿਕ ਜੁਗਤਾਂ ਦੀ ਸ਼ਮੂਲੀਅਤ ਹੁੰਦੀ ਹੈ। ਸਾਹਿਤ ਇਕ ਕਲਾ ਹੈ, ਸਾਹਿਤ ਦਾ ਬੁਨਿਆਦੀ ਮਕਸਦ ਗਿਆਨ ਸਿਰਜਣਾ ਰਾਹੀਂ ਸਾਡੀ ਸੁਹਜਾਤਮਕ ਭੁੱਖ ਦੀ ਤ੍ਰਿਪਤੀ ਕਰਨਾ ਹੁੰਦਾ ਹੈ। ਸਾਹਿਤਕ ਸੁਹਜ ਦੀ ਸਿਰਜਣਾ ਕਲਾਤਮਕ ਜੁਗਤਾਂ ਦੀ ਗੈਰ ਹਾਜ਼ਰੀ ਤੋਂ ਬਿਨਾਂ ਅਸੰਭਵ ਹੈ।

> ਡਾ. ਵਨੀਤਾ ਦਰਸ਼ਨ ਬੁੱਟਰ ਦੀ ਸ਼ਾਇਰੀ ਬਾਰੇ ਲਿਖਦੀ ਹੈ, "ਇੱਥੇ ਹਰ ਕਾਵਿ ਟੁੱਕੜੀ ਦੇ ਆਰੰਭ ਜਾਂ ਕੇਂਦਰ ਵਿਚ ਖੜਾਵਾਂ ਦਾ ਪ੍ਰਤੀਕ ਹੈ ਪਰ ਉਸ ਦੇ ਇਰਦ-ਗਿਰਦ ਸਫ਼ਰ ਦੇ ਕੇਵਲ ਬਿੰਬ ਹੀ ਨਹੀਂ ਜਾਗਦੇ ਸਗੋਂ ਵਿਚਾਰ ਪ੍ਰਵਾਹ ਦੇ ਪ੍ਰਤੀਕ ਬਣ ਜਾਂਦੇ ਹਨ। ਦਰਸ਼ਨ ਬੁੱਟਰ ਦੇ ਇਸ ਕਾਵਿ ਸੰਗ੍ਰਹਿ ਦੀਆਂ ਇਹ ਮੁੱਖ ਵਿਧੀਆਂ ਹਨ। ਜਦੋਂ ਤਕ ਅਸੀਂ ਉਸ ਦੀਆਂ ਕਾਵਿਕ ਜੁਗਤਾਂ ਨੂੰ ਆਪਣੇ ਅਹਿਸਾਸ ਦਾ ਹਿੱਸਾ ਨਹੀਂ ਬਣਾ ਲੈਂਦੇ ਉਦੋਂ ਤਕ ਉਸ ਦੇ ਇਸ ਕਾਵਿ ਸੰਗ੍ਰਹਿ ਦੇ ਅੰਦਰਲੇ ਭੇਦ ਤਕ ਨਹੀਂ ਪਹੁੰਚ ਸਕਦੇ। ਉਹ ਜਿਸ ਕਿਸਮ ਦੇ ਕਾਵਿ ਸੰਸਾਰ ਨਾਲ ਸਬੰਧਤ ਹੈ, ਉਸ ਦੀ ਚੇਤਨਾ ਵੀ ਇਸੇ ਅਹਿਸਾਸ ਨਾਲ ਜੁੜੀ ਹੋਈ ਹੈ।"[3]

## 4.2 ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ

ਸਮਕਾਲੀ ਪੰਜਾਬੀ ਕਵਿਤਾ ਆਪਣੇ ਰੂਪ ਸੰਚਾਰ ਬਾਰੇ ਵਧੇਰੇ ਚੇਤੰਨ ਹੈ। ਦਰਸ਼ਨ ਬੁੱਟਰ ਵੀ ਆਪਣੀ ਸੁਹਜਾਤਮਕ ਦ੍ਰਿਸ਼ਟੀ ਅਤੇ ਕਾਵਿਕ ਜੁਗਤਾਂ ਨਾਲ ਆਪਣੀ ਕਵਿਤਾ ਦੇ ਰੂਪ ਸੰਚਾਰ ਪ੍ਰਤੀ ਚੇਤੰਨ ਨਜ਼ਰ ਆਉਂਦਾ ਹੈ। ਉਸ ਦੇ ਕਾਵਿ ਦੇ ਰੂਪ ਸੰਚਾਰ ਅਧੀਨ ਉਸ ਦੀਆਂ ਉਨਾਂ ਕਾਵਿਕ ਜੁਗਤਾਂ ਦਾ ਅਧਿਐਨ ਕਰਨ ਦੀ ਲੋੜ ਹੈ ਜਿਹੜੀਆਂ ਉਸ ਦੇ ਕਾਵਿ ਰੂਪ ਦੀ ਉਸਾਰੀ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਅਧਿਐਨ ਵਿਚ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਸੰਚਾਰ ਪੱਖੋਂ ਜਾਦੂਮਈ ਜੁਗਤਾਂ ਵਰਤਦਾ ਹੈ ਜਿਸ ਨਾਲ ਭਾਸ਼ਾਈ ਸੁਹਜ ਦੇ ਚਮਤਕਾਰ ਨਾਲ ਉਹ ਅਰੂਪ ਭਾਵਨਾਵਾਂ, ਪ੍ਰਕਿਰਤੀ ਤੇ ਜ਼ਿੰਦਗੀ ਦੇ ਗੁੱਝੇ ਭੇਦਾਂ ਜਾਂ ਮਨੁੱਖੀ ਮਨ ਦੀਆਂ ਤਰੰਗਾਂ ਨੂੰ ਇਨ੍ਹੀ ਖੂਬਸੂਰਤੀ ਨਾਲ ਚਿਤਰਦਾ ਹੈ ਕਿ ਸ਼ਬਦ ਵੀ ਰਾਗ, ਸੰਗੀਤ, ਨ੍ਰਿਤ ਦੇ ਜਾਦੂ ਵਾਂਗ ਪਾਠਕਾਂ ਦੇ ਮਨ ਤੇ ਛਾ ਜਾਂਦੇ ਹਨ।

"ਇਕੋ ਸਮੇਂ

ਜ਼ਿਹਨ 'ਚ ਉਤਰ ਆਏ-

ਰੰਗ...ਸ਼ਬਦ...ਸਾਜ਼...

ਰੰਗ ਬਿਖੇਰਾਂ!

ਨਜ਼ਮ ਲਿਖਾਂ!

ਕਿ ਬੰਸਰੀ ਬੁੱਲ੍ਹਾਂ 'ਤੇ ਧਰਾਂ!"[4]

"ਰੰਗ ਤਾਂ ਉਹੀ

ਕਦੇ ਬਣਦੇ

ਕੈਨਵਸ ਦੀ ਆਭਾ...

ਕਦੇ

ਬੁਰਸ਼ ਦੀ ਛੋਹ ਨਾਲ

ਤ...ੜ...ਫ ਉੱਠਦੇ..."[5]

### 4.2.1 ਦਰਸ਼ਨ ਬੁੱਟਰ ਦਾ ਖੁੱਲ੍ਹੀ ਕਵਿਤਾ ਵੱਲ ਰੁਝਾਨ

ਦਰਸ਼ਨ ਬੁੱਟਰ ਨੇ ਆਪਣੀ ਕਲਮ ਨਜ਼ਮ, ਗੀਤ, ਗ਼ਜ਼ਲ ਆਦਿ ਕਾਵਿ ਰੂਪਾਂ ਤੇ ਖੁੱਲ੍ਹ ਕੇ ਚਲਾਈ ਹੈ। ਉਸ ਦੀ ਸ਼ਾਇਰੀ ਤੇ ਉਸ ਦੀ ਸ਼ਖ਼ਸੀਅਤ ਆਪਸ ਵਿਚ ਇੰਨੇ ਅਭੇਦ ਹਨ ਕਿ ਉਹ ਕਵਿਤਾ ਤੋਂ ਅਲੱਗ ਨਹੀਂ ਹੁੰਦੇ। ਉਸ ਦੀ ਸੁਚੇਤ ਸਾਧਨਾ ਕਾਵਿਮਈ ਹੋ ਕੇ ਉਭਰਦੀ ਹੈ। ਉਸ ਦਾ ਬਾਕੀ ਸ਼ਾਇਰਾਂ ਨਾਲੋਂ ਵੱਖਰਾਪਨ ਇਹ ਹੈ ਕਿ ਉਹ ਵੱਖਰੀ ਸ਼ਬਦਾਵਲੀ, ਵੱਖਰਾ ਅੰਦਾਜ਼ ਅਤੇ ਵੱਖਰੀ ਸੁਰ ਅਪਣਾਉਂਦਾ ਹੋਇਆ ਅਜੋਕੀ ਕਵਿਤਾ ਨੂੰ ਵੱਖਰੀਆਂ ਲੀਹਾਂ 'ਤੇ ਤੋਰਦਾ ਹੈ। ਉਹ ਤੀਖਣ ਸੋਚ ਦਾ ਮਾਲਕ ਹੈ ਅਤੇ ਮਿੱਠੇ ਬੋਲਾਂ ਦਾ ਵਣਜਾਰਾ ਹੈ। ਉਸ ਨੇ ਆਪਣੀ ਕਾਵਿਕ ਦ੍ਰਿਸ਼ਟੀ ਨੂੰ ਵਿਸ਼ਾਲ ਕਰਨ ਲਈ ਸੰਸਾਰ ਦੇ ਵੱਖ-ਵੱਖ ਪ੍ਰਸਿੱਧ ਲੇਖਕਾਂ, ਵਿਦਵਾਨਾਂ ਦੀਆਂ ਪੁਸਤਕਾਂ ਦਾ ਅਧਿਐਨ ਕੀਤਾ ਹੈ ਜਿਨਾਂ ਵਿਚ ਪ੍ਰਮੁੱਖ ਹਨ-ਬਰੈਖਤ, ਗੋਰਕੀ, ਚੈਖੋਵ, ਰਸੂਲ ਹਮਜ਼ਾਤੋਵ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਆਦਿ। ਉਹ

ਕਵਿਤਾ ਨੂੰ ਸ਼ਬਦਾਂ ਦੀ ਜਕੜ ਵਿਚ ਵਿਸ਼ਵਾਸ ਨਹੀਂ ਰੱਖਦਾ ਸਗੋਂ ਉਨਾਂ ਨੂੰ ਕਲਪਨਾ ਰਾਹੀਂ ਖੁੱਲ੍ਹਾ ਛੱਡ ਕੇ ਆਸਮਾਨੀ ਉਡਾਰੀਆਂ ਲਾਉਣ ਭੇਜ ਦਿੰਦਾ ਹੈ ਭਾਵ ਬੁੱਟਰ 'ਖੁੱਲ੍ਹੀ ਕਵਿਤਾ' ਹੀ ਰਚਦਾ ਹੈ।

ਕਵੀ ਜਾਹਨਸਨ ਨੇ ਕਲਪਨਾ ਬਾਰੇ ਕਿਹਾ ਹੈ, "ਕਵਿਤਾ ਸੁਹਜ ਸੁਆਦ ਨੂੰ ਯਥਾਰਥ ਨਾਲ ਮਿਲਾਉਣ ਦਾ ਹੁਨਰ ਹੈ। ਜਿਸ ਵਿਚ ਤਰਕ ਦੀ ਸਹਾਇਤਾ ਲਈ ਕਲਪਨਾ ਦੀ ਜ਼ਰੂਰਤ ਪੈਂਦੀ ਹੈ।" [6]

ਦਰਸ਼ਨ ਬੁੱਟਰ ਦੀ ਕਲਪਨਾ ਦੀ ਉਡਾਰੀ ਵਿਚ ਝੂਟੇ ਖਾਂਦੇ ਸ਼ਬਦ ਵੇਖੋ:

"ਹੌਲ਼ੇ ਪੱਤੇ ਹੀ

ਅਸਮਾਨ ਦੀ ਸੈਰ ਕਰਦੇ

ਬੋਝਲ ਪੌਣਾਂ 'ਚ ਪਤੰਗ ਨਹੀਂ ਉੱਡਦੇ

ਮੈਲ਼ੇ ਪਾਣੀਆਂ 'ਚ ਅਕਸ ਨਹੀਂ ਬਣਦੇ..."[7]

ਦਰਸ਼ਨ ਬੁੱਟਰ ਦੀ ਭਾਸ਼ਾ, ਸ਼ੈਲੀ, ਸੁਹਜਾਤਮਕ, ਅਰਥਯੁਕਤ ਅਤੇ ਆਲੌਕਿਕ ਸੁਹਜ ਸੁੰਦਰਤਾ ਬਾਰੇ ਵਿਸ਼ਲੇਸ਼ਣ ਕਰਦਿਆਂ ਡਾ. ਅਨੂਪ ਸਿੰਘ ਲਿਖਦੇ ਹਨ, "ਦਰਸ਼ਨ ਬੁੱਟਰ ਦੀ ਭਾਸ਼ਾ ਸ਼ੈਲੀ ਸੁਹਜਾਤਮਕ ਪ੍ਰਭਾਵ ਪੈਦਾ ਕਰਨ ਵਾਲੀ ਅਤੇ ਇਸ ਦੀ ਤੀਬਰਤਾ ਤੀਖਣਤਾ ਨੂੰ ਪ੍ਰਚੰਡ ਕਰਨ ਵਾਲੀ ਹੈ। ਉਸ ਦੀ ਭਾਸ਼ਾ ਅਦਭੁਤ, ਕੋਮਲਤਾ, ਸੁਖਮਤਾ, ਅਰਥਯੁਕਤ ਤੇ ਆਲੋਕਿਕ ਸੁਹਜ ਸੁੰਦਰਤਾ ਪੈਦਾ ਕਰਨ ਵਾਲੀ ਹੈ। ਉਹ ਆਪਣੇ ਭਾਵਾਂ ਤੇ ਵਿਚਾਰਾਂ ਨੂੰ ਰਸਾਤਮਿਕ ਭਾਸ਼ਾ ਰਾਹੀਂ ਵਿਅਕਤ ਕਰਦਾ ਹੈ। ਉਸ ਦੀ ਭਾਸ਼ਾ, ਸ਼ੈਲੀ ਸਾਡੀਆਂ ਭਾਵਨਾਵਾਂ, ਅਹਿਸਾਸਾਂ, ਸੰਵੇਦਨਾਵਾਂ ਨੂੰ ਜਗਾਉਂਦੀ ਹੈ ਅਤੇ ਕਾਵਿ ਵਸਤੂ ਨੂੰ ਡੂੰਘੀ ਤਹਿ ਤੱਕ ਲੈ ਜਾਂਦੀ ਹੈ।"[8]

ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਪੁਸਤਕ ਕਾਵਿ ਦੇ ਤੱਤ ਵਿਚ ਕਵੀ ਦੇ ਅਹਿਸਾਸਾਂ ਅਤੇ ਉਸ ਦੀ ਸੰਵੇਦਨਸ਼ੀਲਤਾ ਜਿਹੜੀ ਪਾਠਕਾਂ ਨੂੰ ਟੁੰਬਦੀ ਹੈ ਬਾਰੇ ਅੰਗਰੇਜ਼ੀ ਆਲੋਚਕ ਹਡਸਨ ਦੇ ਹਵਾਲੇ ਨਾਲ ਲਿਖਦੇ ਹਨ, "ਸਾਹਿਤ ਕਲਾ ਵਿਚ ਵਲਵਲਾ ਜਾਂ ਭਾਵ ਤੱਤ ਹੁੰਦਾ ਹੈ। ਕਵੀ ਦਾ ਵਿਸ਼ਾ ਵਸਤੂ ਉਸ ਦੇ ਦਿਲ ਵਿਚ ਅਨੇਕਾਂ ਭਾਵ ਜਾਂ ਅਹਿਸਾਸ ਜਗਾਉਂਦਾ ਹੈ ਅਤੇ ਕਵੀ ਇਨ੍ਹਾਂ ਅਹਿਸਾਸਾਂ ਨੂੰ ਪਾਠਕਾਂ ਦੇ ਦਿਲਾਂ ਵਿਚ ਜਗਾਉਣਾ ਚਾਹੁੰਦਾ ਹੈ।"[9]

### 4.2.2 ਕਲਪਨਾ

ਜਦੋਂ ਅਸੀਂ ਬੁੱਟਰ ਦੀ ਕਲਪਨਾ ਦੀ ਉਡਾਰੀ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਸ ਦੇ ਬਹੁਤ ਸਾਰੇ ਰੰਗ ਮੂਰਤੀਮਾਨ ਹੁੰਦੇ ਹਨ ਜੋ ਉਸ ਦੇ ਸਮੁੱਚੇ ਕਾਵਿ ਸੰਸਾਰ ਵਿਚ ਸਮੋਅ ਕੇ ਇਕ ਅਜਿਹੀ ਸਤਰੰਗੀ ਪੀਂਘ ਬਣਦੇ ਹਨ ਜਿਹੜੇ ਜੀਵਨ ਦੇ ਉਨਾਂ ਰੰਗਾਂ ਰਾਹੀਂ ਮਨੁੱਖੀ ਮਨ ਦੀ ਵੇਦਨਾ ਤੇ ਸੰਵੇਦਨਾ ਨੂੰ ਇੱਕਲਿਆਂ ਤੇ ਸਾਮੂਹਿਕ ਰੂਪ ਵਿਚ ਪੇਸ਼

ਕਰਦੇ ਹਨ। ਉਹ ਕੁਦਰਤ ਨਾਲ ਗੱਲਾਂ ਕਰਦਿਆਂ ਹੋਇਆਂ ਜੀਵਨ ਦੀਆਂ ਤੰਦਾਂ ਨੂੰ ਵੀ ਪਿਆਰੀ ਜਿਹੀ ਛੋਹ ਪ੍ਰਦਾਨ ਕਰਦਾ ਹੈ। ਉਦਾਹਰਣ ਵਜੋਂ-

"ਕੱਲ੍ਹ ਮੈਂ

ਤਿਹਾਈ ਨਦੀ ਵਿਚ

ਡੋਲ੍ਹ ਆਇਆ ਸਾਂ...ਭਰੀਆਂ ਪਲਕਾਂ

ਅੱਜ

ਬੁਝਦੀ ਹੀ ਨਹੀਂ...ਮੇਰੀ ਪਿਆਸ

ਪੂਰੀ ਨਦੀ ਪੀ ਕੇ ਵੀ..." [10]

"ਸੁੱਕੇ ਪੱਤੇ ਦੀ ਕੁਰਬਾਨੀ

ਸ਼ਾਖ

ਵਿਹਲੀ ਕਰ ਦਿੱਤੀ

ਨਵੇਂ ਪੱਤੇ ਦੇ ਬੈਠਣ ਲਈ..."[11]

"ਜੇ ਤੂੰ ਧੋਣਾ ਹੈ ਪਹਾੜ ਦਾ ਚਿਹਰਾ

ਤਾਂ ਬਾਰਿਸ਼ ਬਣ

ਜੇ ਤੂੰ ਪੜ੍ਹਨੀ ਹੈ ਸਮੁੰਦਰ ਦੀ ਕਵਿਤਾ

ਤਾਂ ਹਵਾ ਬਣ

ਜੇ ਤੂੰ ਉਗਾਉਣੀ ਹੀ ਹੈ ਜ਼ਿੰਦਗੀ ਦੀ ਫ਼ਸਲ

ਤਾਂ ਮਿੱਟੀ ਬਣ...”[12]

ਡਾ. ਸਤਿੰਦਰ ਸਿੰਘ ਲਿਖਦੇ ਹਨ, “ਰੂਪ ਇਕ ਮਾਧਿਅਮ ਹੈ ਜਿਸ ਵਿਚ ਕਾਵਿਕ ਅਨੁਭਵ ਪ੍ਰਗਟ ਹੁੰਦਾ ਹੈ। ਇਹ ਅਨੁਭਵ ਨੂੰ ਸੰਵੇਦਨਯੋਗ ਬਣਾਉਂਦਾ ਹੈ। ਇਹ ਅਨੁਭਵ ਦੀ ਸਰਲਤਾ ਤੇ ਜਟਿਲਤਾ ਦਾ ਪ੍ਰਤੀਕ ਹੈ ਕਿਉਂਕਿ ਇਹ ਚੋਣ ਤੇ ਵਿਵਸਥਾ ਰਾਹੀਂ ਅਨੁਭਵ ਨੂੰ ਰੂਪ ਤੇ ਆਕਾਰ ਪ੍ਰਦਾਨ ਕਰਦਾ ਹੈ। ਵਸਤੂ ਤੇ ਰੂਪ ਦੇ ਸਬੰਧਾਂ ਬਾਰੇ ਬਹੁਤ ਸਮੇਂ ਤੋਂ ਚਰਚਾ ਹੁੰਦੀ ਆਈ ਹੈ। ਕਈ ਵਾਰ ਇਨ੍ਹਾਂ ਨੂੰ ਸਬੰਧਿਤ ਰੂਪ ਵਿਚ ਲਿਆ ਗਿਆ ਹੈ, ਕਈ ਵਾਰ ਅੱਡ-ਅੱਡ ਰੂਪ ਵਿਚ ਤੇ ਕਈ ਵਾਰ ਅਖੰਡ ਰੂਪ ਵਿਚ।” [13]

ਦਰਸ਼ਨ ਬੁੱਟਰ ਬਾਰੇ ਆਲੋਚਕਾਂ ਦਾ ਕਹਿਣਾ ਹੈ ਕਿ ਉਹ ਕਿਤਾਬਾਂ ਲਈ ਕਵਿਤਾ ਨਹੀਂ ਲਿਖਦਾ ਸਗੋਂ ਕਵਿਤਾ ਲਈ ਕਿਤਾਬ ਲਿਖਦਾ ਹੈ। ਉਸ ਦੀਆਂ ਇਹ ਸਤਰਾਂ ਅਲੋਚਕਾਂ ਦੀ ਗੱਲ ਤੇ ਪੂਰੀਆਂ ਢੁੱਕਦੀਆਂ ਹਨ-

“ਦੋ ਹੀ ਤਰ੍ਹਾਂ ਦੇ ਹੁੰਦੇ ਨੇ

ਸ਼ਾਇਰ... ...

ਇਕ

ਕਿਤਾਬਾਂ ਲਈ

ਕਵਿਤਾ ਲਿਖਦੇ ਨੇ

ਇਕ

ਕਵਿਤਾ ਲਈ

ਕਿਤਾਬ ਲਿਖਦੇ ਨੇ...”[14]

ਦਰਸ਼ਨ ਬੁੱਟਰ ਨੇ ਆਪਣੀ ਕਾਵਿ ਰਚਨਾ ਵਿਚ ਕਲਪਨਾ ਰਾਹੀਂ ਮਿੱਠੀ ਤੇ ਆਕਰਸ਼ਿਤ ਛੋਹ ਦਿੱਤੀ ਹੈ। ਉਹ ਕਲਪਨਾ ਦੇ ਵਹਾਅ ਵਿਚ ਵਹਿੰਦਾ ਹੋਇਆ ਦੂਰ ਦੇਸ਼ ਦੀਆਂ ਉਡਾਰੀਆਂ ਲਾ ਆਉਂਦਾ ਹੈ।

## 4.2.3 ਬਿੰਬ ਵਿਧਾਨ

ਦਰਸ਼ਨ ਬੁੱਟਰ ਕਿਤਾਬ ਨੂੰ ਮਨੁੱਖੀ ਜ਼ਿੰਦਗੀ ਦਾ ਬਿੰਬ ਮੰਨਦਾ ਹੋਇਆ ਇਸ ਦੀ ਜਿਲਦ ਨੂੰ ਮਨੁੱਖ ਦੀ ਰੀੜ ਦੀ ਹੱਡੀ ਵਜੋਂ ਚਿਤਵਦਾ ਹੈ ਕਿਉਂਕਿ ਜੇ ਕਿਤਾਬ ਦੀ ਜਿਲਦ ਉੱਖੜ ਜਾਂਦੀ ਹੈ ਤਾਂ ਉਹ ਵਰਕਾ-ਵਰਕਾ ਹੋ ਜਾਂਦੀ ਹੈ ਤੇ ਇਸ ਤਰ੍ਹਾਂ ਹੀ ਜੇ ਮਨੁੱਖ ਦੀ ਰੀੜ ਦੀ ਹੱਡੀ ਟੁੱਟ ਜਾਂਦੀ ਹੈ ਤਾਂ ਮਨੁੱਖੀ ਜੀਵਨ ਖੇਰੂੰ-ਖੇਰੂੰ ਹੋ ਜਾਂਦਾ ਹੈ।

"ਕਿਤਾਬ ਦਾ

ਪਹਿਲਾ ਹੀ ਪੰਨਾ

ਪਲਟਿਆ

'ਜਿਲਦ' ਉੱਖੜ ਗਈ...

... ... ... ... ...

ਕਿ...ਸਿਰ ਫੜ ਕੇ

ਬਹਿ ਗਏ

ਪੈਂਤੀ ਦੇ ਪੈਂਤੀ ਅੱਖਰ..." [15]

ਡਾ. ਪ੍ਰੇਮ ਪ੍ਰਕਾਸ਼ ਸਿੰਘ ਬਿੰਬ ਬਾਰੇ ਲਿਖਦੇ ਹਨ, "ਬਿੰਬ ਕਵਿਤਾ ਦਾ ਉਹ ਅੰਸ਼ ਹੁੰਦਾ ਹੈ ਜਿਹੜਾ ਭਾਵ ਤੋਂ ਲੈ ਕੇ ਸ਼ੈਲੀ ਤੱਕ ਅਤੇ ਵਸਤੂ ਤੋਂ ਲੈ ਕੇ ਰੂਪ ਤਕ ਪਸਰਿਆ ਰਹਿੰਦਾ ਹੈ।" [16]

ਬਿੰਬ ਦੀ ਪ੍ਰਕਿਰਤੀ ਬਾਰੇ ਡਾ. ਤਰਲੋਕ ਸਿੰਘ ਕੰਵਰ ਲਿਖਦੇ ਹਨ, "ਬਿੰਬ ਤਾਂ ਮਾਨਵੀ ਚਿੰਤਨ ਦੀ ਬੁਨਿਆਦੀ ਵਿਧੀ ਹੈ। ਸ਼ਾਸਤਰੀਆਂ ਨੇ ਮਾਨਵੀ ਬੁੱਧੀ, ਤਥਾ ਮਾਨਵੀ ਚਿੰਤਨ ਦਾ ਸਰੂਪ ਨਿਸ਼ਚਤ ਕਰਨ ਦੀ ਸਮੱਸਿਆ ਨਾਲ ਦੋ ਚਾਰ ਹੁੰਦਿਆਂ ਇਹ ਪ੍ਰਸਤਾਵ ਪੇਸ਼ ਕੀਤਾ ਹੈ ਕਿ ਮਾਨਵੀ ਚਿੰਤਨ ਦੋ ਵਿਧੀਆਂ ਵਿਚ ਪ੍ਰਗਟ ਹੁੰਦਾ ਹੈ। ਇਨ੍ਹਾਂ ਦੋਹਾਂ ਵਿਧੀਆਂ ਦਾ ਸਬੰਧ ਆਪਸੀ ਦਵੰਦ ਵਾਲਾ ਹੈ।" [17]

ਬਿੰਬ ਕਾਵਿ ਦਾ ਮਹੱਤਵਪੂਰਨ ਅੰਗ ਹਨ। ਢੁੱਕਵੇਂ ਬਿੰਬਾਂ ਰਾਹੀਂ ਹੀ ਕਵੀ ਆਪਣੇ ਭਾਵਾਂ, ਮਨ ਦੇ ਵਲਵਲਿਆਂ ਨੂੰ ਕਵਿਤਾ ਰਾਹੀਂ ਉਜਾਗਰ ਕਰਦਾ ਹੇ। ਬੁੱਟਰ ਨੇ ਵੀ ਆਪਣੇ ਕਾਵਿ ਨੂੰ ਕਈ ਕਾਵਿ ਬਿੰਬਾਂ ਰਾਹੀਂ ਸ਼ਿੰਗਾਰਿਆ ਹੈ। ਉਹ ਕੋਮਲ ਭਾਵੀ ਸ਼ਾਇਰ ਹੈ। ਉਹ ਚੰਗੇ ਪਲਾਂ ਦੇ ਅਹਿਸਾਸ ਕਵਿਤਾ ਰਾਹੀਂ ਪੇਸ਼ ਕਰਦਾ ਹੈ। ਬੁੱਟਰ ਅਜਿਹੇ ਕਾਵਿ ਚਿਤਰ ਉਲੀਕਦਾ ਹੈ ਜਿਨ੍ਹਾਂ ਦਾ ਸਬੰਧ ਸਭਿਆਚਾਰਕ ਬਿੰਬਾਂ ਦੇ ਉਸਾਰ ਨਾਲ ਜੁੜਦਾ ਹੈ। ਉਸ ਦੀ ਕਵਿਤਾ ਦੀ ਰੂਪਕੀ ਕਲਾਤਮਿਕਤਾ ਉਸ ਦੀ ਬਿੰਬ ਯੋਜਨਾ ਵਿਚੋਂ ਪੁੰਗਰਦੀ ਤੇ ਵਿਕਸਤ ਹੁੰਦੀ ਹੈ। ਉਸ ਨੂੰ ਬਹੁਤੇ ਆਲੋਚਕਾਂ ਨੇ 'ਬਿੰਬਾਂ ਦਾ

ਬਾਦਸ਼ਾਹ' ਵੀ ਕਿਹਾ ਹੈ ਕਿਉਂਕਿ ਉਹ ਬਿੰਬਾਂ ਨੂੰ ਵਿਲੱਖਣ ਅੰਦਾਜ ਵਿਚ ਵਰਤਣ ਵਿਚ ਮਾਹਿਰ ਹੈ। ਉਸ ਦੇ ਬਿੰਬਾਂ ਵਿਚ ਅਰਥਪੂਰਣਤਾ ਦੇ ਗੁਣ ਸਮਾਏ ਹੋਏ ਹਨ। ਉਸ ਦਾ ਇਕ ਬਿੰਬ ਕਈ-ਕਈ ਅਰਥ ਪ੍ਰਗਟ ਕਰਦਾ ਹੈ। ਇਹੀ ਉਸ ਦੀ ਵਿਸ਼ੇਸ਼ ਕਾਵਿਕ ਜੁਗਤ ਹੈ ਕਿ ਉਹ ਸ਼ਬਦਾਂ ਦੇ ਆਡੰਬਰ ਵਿਚ ਨਹੀਂ ਉਲਝਦਾ ਸਗੋਂ ਆਪਣੇ ਅਨੁਭਵ ਨੂੰ ਬਿੰਬਾਂ ਰਾਹੀਂ ਪੇਸ਼ ਕਰਦਾ ਹੈ। ਉਦਾਹਰਨ ਵਜੋਂ-

"ਕਵਿਤਾ ਨੂੰ ਮਾਨਣ ਲਈ

ਕੁਰੇਦਨਾ ਪੈਂਦਾ ਸੰਵੇਦਨਾ ਨੂੰ

ਅਰਥਾਂ ਦੇ ਦਗਦੇ ਕੋਲਿਆਂ 'ਤੇ

ਮਹਿੰਦੀ ਵਾਲੇ ਪੈਰ ਧਰਨੇ ਪੈਂਦੇ

ਕਦੇ ਮੈਂ ਪੀਂਘ ਝੂਟਦੀ ਸਾਂ

ਵਿਹੜੇ ਵਿਚਲੀ ਆਪਣੇ ਹਾਣ ਦੀ ਨਿੰਮ 'ਤੇ

ਜਿਸ ਦੀ ਛਾਵੇਂ ਜਾਣ ਤੋਂ ਵੀ ਡਰਦੀ ਹੁਣ ਤਾਂ

ਸਿਖ਼ਰ ਲਟਕਦਾ ਡੂੰਮਣਾ ਵੇਖ ਕੇ..."[18]

ਦਰਸ਼ਨ ਬੁੱਟਰ ਕਵਿਤਾ ਰਚਨ ਵੇਲੇ ਮਨੁੱਖੀ ਜ਼ਿੰਦਗੀ, ਸਮਾਜ ਤੇ ਨਿਤ ਦੇ ਕਾਰ-ਵਿਹਾਰ 'ਚੋਂ ਬਿੰਬ ਲੈਂਦਾ ਹੈ ਤੇ ਆਪਣੀਆਂ ਕਵਿਤਾਵਾਂ ਨੂੰ ਆਕਰਸ਼ਣ ਪ੍ਰਦਾਨ ਕਰਦਾ ਹੈ। ਜਿਸ ਨਾਲ ਪਾਠਕ ਮਲੋ-ਮੱਲੀ ਉਸ ਦੀਆਂ ਕਵਿਤਾਵਾਂ ਵੱਲ ਖਿੱਚੇ ਆਉਂਦੇ ਹਨ।

### 4.2.4 ਅਲੰਕਾਰ

'ਅਲੰਕਾਰ' ਕਵਿਤਾ ਦੇ ਉਹ ਗਹਿਣੇ ਹਨ ਜੋ ਕਵਿਤਾ ਨੂੰ ਖੂਬਸੂਰਤੀ ਪ੍ਰਦਾਨ ਕਰਦੇ ਹਨ। ਜਿਸ ਤਰ੍ਹਾਂ ਇਕ ਸੁੰਦਰ ਇਸਤਰੀ ਗਹਿਣਿਆਂ ਨਾਲ ਹੋਰ ਆਕਰਸ਼ਿਤ ਹੋ ਜਾਂਦੀ ਹੈ। ਉਸੇ ਤਰ੍ਹਾਂ ਹੀ ਸੁੰਦਰ ਕਵਿਤਾ ਗਹਿਣਿਆਂ ਰੂਪੀ ਅਲੰਕਾਰਾਂ ਨਾਲ ਹੋਰ ਆਕਰਸ਼ਿਤ ਹੋ ਜਾਂਦੀ ਹੈ। ਪ੍ਰਸਿੱਧ ਆਲੋਚਕ ਅਚਾਰਿਆ ਰਾਮਚੰਦਰ ਸ਼ੁਕਲ ਅਨੁਸਾਰ, "ਭਾਵਾਂ ਨੂੰ ਉਚਿਆਉਣ ਅਤੇ ਵਸਤੂਆਂ ਦੇ ਰੂਪ, ਗੁਣ ਅਤੇ ਕਿਰਿਆ ਨੂੰ ਵਧੇਰੇ ਅਨੁਭਵ ਕਰਾਉਣ ਲਈ ਮਦਦ ਦੇਣ ਵਾਲੀ ਜੁਗਤੀ ਦਾ ਨਾਮ 'ਅਲੰਕਾਰ' ਹੈ।" [19]

ਪੰਜਾਬੀ ਦੇ ਬਹੁਤ ਸਾਰੇ ਵਿਦਵਾਨ ਅਲੰਕਾਰਾਂ ਨੂੰ ਕਵਿਤਾ ਦੀ ਚੂਲ ਮੰਨਦੇ ਹਨ। ਦਰਸ਼ਨ ਬੁੱਟਰ ਅਲੰਕਾਰਾਂ ਦੇ ਤੰਦਾਂ 'ਚ ਕਿਤੇ ਵੀ ਉਲਝਿਆ ਨਜ਼ਰ ਨਹੀਂ ਆਉਂਦਾ। ਉਸ ਦੇ ਕਾਵਿ ਵਿਚ ਅਨੁਪ੍ਰਾਸ, ਯਮਕ, ਰੂਪਕ, ਉਪਮਾ, ਦ੍ਰਿਸ਼ਟਾਂਤ, ਅਤਿਕਥਨੀ ਆਦਿ ਅਲੰਕਾਰਾਂ ਦੀ ਵਰਤੋਂ ਹੋਈ ਹੈ। ਉਸ ਨੇ ਅਲੰਕਾਰਾਂ ਦਾ ਪ੍ਰਯੋਗ ਮੌਲਿਕ ਅਤੇ ਨਵੀਨ ਅੰਦਾਜ਼ ਵਿਚ ਸਿਰਜਿਆ ਹੈ।

"ਦਰਾਂ ਤੋਂ

ਅਕਸਰ ਖਾਲੀ ਮੁੜਦੇ

ਯੋਗੀ... ...

ਰਮਤੇ... ...

ਸਾਧ ਵਿਚਾਰੇ... ..." [20]

"ਅਜੇ ਤਾਂ

ਕੁਦਰਤ ਵੀ ਕੁਚਲੀ ਜਾ ਰਹੀ

ਜ਼ੋਰਾਵਰਾਂ ਦੇ ਪੈਰਾਂ ਹੇਂਠ

ਧਰਤ ਵੀ ਭੋਗੀ ਜਾ ਰਹੀ

ਨਾਰੀ ਦੇ ਨਾਲ ਨਾਲ..." [21]

ਦਰਸ਼ਨ ਬੁੱਟਰ ਦੀਆਂ ਕਵਿਤਾਵਾਂ ਵਿਚ ਅਲੰਕਾਰ ਤਾਂ ਹੈ ਪਰ ਅਲੰਕਾਰਾਂ ਦੀ ਬਹੁਤਾਤ ਨਹੀਂ ਹੈ। ਉਹ ਢੁੱਕਵੇਂ ਅਲੰਕਾਰਾਂ ਦੀ ਵਰਤੋਂ ਕਰਦਾ ਹੋਇਆ ਕਾਵਿ ਰਚਨਾ ਕਰਦਾ ਹੈ। ਉਸ ਅਲੰਕਾਰਾਂ ਦੀਆਂ ਤੰਦਾਂ ਵਿਚ ਕਿਤੇ ਵੀ ਉਲਝਦਾ ਪ੍ਰਤੀਤ ਨਹੀਂ ਹੁੰਦਾ।

## 4.2.5 ਰਸ ਵਿਧਾਨ

ਕਾਵਿ ਅਤੇ ਰਸ ਦਾ ਸਬੰਧ ਅਟੁੱਟ ਹੈ। ਕਾਵਿਕ ਰਸ ਤੋਂ ਭਾਵ ਮਨ ਵਿਚ ਪੈਦਾ ਹੋਣ ਵਾਲੀ ਉਸ ਚਿਤ ਬਿਰਤੀ ਜਾਂ ਮਾਨਸਿਕ ਅਵਸਥਾ ਨਾਲ ਹੈ ਜੋ ਕਾਵਿ ਨੂੰ ਪੜ੍ਹਨ, ਸੁਣਨ ਅਤੇ ਨਾਟਕ ਨੂੰ ਦੇਖਣ ਪਿਛੋਂ ਪਾਠਕ/ਦਰਸ਼ਕ ਮਹਿਸੂਸ ਕਰਦਾ

ਹੈ। ਭਾਰਤੀ ਕਾਵਿ ਸ਼ਾਸਤਰੀਆਂ ਨੇ 'ਰਸ' ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਰਸ ਦਾ ਮੁੱਖ ਪ੍ਰਯੋਜਨ ਪਾਠਕ ਨੂੰ ਕਾਵਿ ਦੇ ਨਾਲ ਤੋਰ ਕੇ ਇਕਮਿਕ ਕਰਨਾ ਹੈ। 'ਰਸ' ਕਾਵਿ ਸਾਹਿਤ ਦਾ ਪ੍ਰਭਾਵਸ਼ਾਲੀ ਤੱਤ ਹੁੰਦਾ ਹੈ। ਕਾਵਿ ਵਿਚ ਰਸ ਨਿਸ਼ਪਤੀ ਵਿਭਾਵ, ਅਨੁਭਾਵ ਤੇ ਵਿਭਚਾਰੀ ਭਾਵਾਂ ਦੇ ਸੰਯੋਗ ਤੋਂ ਹੁੰਦੀ ਹੈ।

ਰਾਜਿੰਦਰ ਸਿੰਘ ਸੇਖੋਂ ਰਸ ਬਾਰੇ ਲਿਖਦਾ ਹੈ, "ਅਸੀਂ ਜਦੋਂ ਦੁਨਿਆਵੀ ਵਸਤਾਂ ਦਾ ਉਪਭੋਗ ਕਰਦੇ ਹਾਂ ਤਾਂ 'ਰਸ' ਉਤਪੰਨ ਹੁੰਦਾ ਹੈ ਪਰ ਇਸ ਦਾ ਸਬੰਧ ਜੀਭ ਨਾਲ ਹੈ। ਜਦ ਕਿ ਕਾਵਿਕ ਰਸ ਦਾ ਸਬੰਧ ਵਿਸ਼ੇਸ਼ ਤੌਰ ਤੇ ਮਨ ਅਤੇ ਆਮ ਤੌਰ ਤੇ ਅੱਖਾਂ, ਕੰਨਾਂ ਤੇ ਬੋਲਾਂ ਨਾਲ ਹੁੰਦਾ ਹੈ।"[22]

ਦਰਸ਼ਨ ਬੁੱਟਰ ਨੇ ਆਪਣੀਆਂ ਕਵਿਤਾਵਾਂ ਵਿਚ 'ਰਸ' ਦਾ ਪ੍ਰਯੋਗ ਬਾਖੂਬੀ ਕੀਤਾ ਹੈ। ਦਰਸ਼ਨ ਬੁੱਟਰ ਦੇ ਕਾਵਿ ਸੰਦਰਭ ਵਿਚ ਕਿਹਾ ਜਾ ਸਕਦਾ ਹੈ ਕਿ ਉਹ ਨੌ ਰਸਾਂ ਵਿਚੋਂ ਮੁੱਖ ਤੌਰ ਤੇ ਕਰੁਣਾ ਰਸ ਅਤੇ ਅਦਭੁਤ ਰਸ ਦੀ ਵਰਤੋਂ ਕਰਦਾ ਹੈ। ਕਿਤੇ-ਕਿਤੇ ਸ਼ਿੰਗਾਰ ਰਸ ਅਤੇ ਭਿਆਨਕ ਰਸ ਵੀ ਵਰਤਦਾ ਹੈ। ਉਦਾਹਰਨ ਵਜੋਂ-

**ਸ਼ਿੰਗਾਰ ਰਸ-**

"ਨਹੀਂ ਮੰਗਦਾ

ਗੋਰੀ ਦੁਪਹਿਰ ਦਾ...ਚਿੱਟਾ ਸੂਰਜ

ਨਹੀਂ ਚਿਤਵਦਾ

ਸੰਦਲੀ ਸਵੇਰ ਦੀ...ਸੂਹੀ ਭਾਅ..."[23]

"ਵਗਦੇ ਪਾਣੀਆਂ 'ਚ ਦੀਵੇ ਤੋਰਦੀਆਂ

ਚੂੜੇ ਵਾਲੀਆਂ ਬਾਹਵਾਂ

ਗਲੀ 'ਚੋਂ ਲੰਘਦੀਆਂ

ਛਨਣ ਛਨਣ ਗੋਰੀਆਂ ਬਾਂਦੀਆਂ..."[24]

"ਇਕ ਸੁਫ਼ਨਾ ਆਉਂਦਾ

ਤਾਰਿਆਂ ਖਿੜੀ ਗੁਲਜ਼ਾਰ ਦਾ

ਤੋੜ ਤੋੜ ਤਾਰੇ ਮੈਂ ਝੋਲ ਭਰ ਲੈਂਦੀ

ਕੁੱਝ ਤਾਰੇ ਮੀਢੀਆਂ 'ਚ ਸਜਾਉਂਦੀ

ਮੱਥੇ ਤੇ ਲਾ ਲੈਂਦੀ ਸੂਰਜ ਦੀ ਬਿੰਦੀ

ਸਾਹਾਂ ਦੀ ਭੁੱਬਲ ਫ਼ਰੋਲਦਿਆਂ

ਕਿਵੇਂ ਦੇਵਾਂ ਸੁਰਤਾਲ

ਸੀਨੇ 'ਚ ਭਟਕਦੀਆਂ

ਖਾਨਾਬਦੋਸ਼ ਧੜਕਣਾਂ ਨੂੰ..."[25]

"ਮੁੱਠੀ ਭਰ ਲੋਕ

ਉਤਸੁਕਤਾ ਨਾਲ ਉਡੀਕ ਰਹੇ

ਅੰਤਿਮ ਭਿਆਨਕ ਜੰਗ ਨੂੰ

ਰਾਤ ਫਿਰ

ਰਾਖ਼ ਦੇ ਢੇਰ 'ਤੇ ਬੈਠ

ਮਨੁੱਖ ਦੀ ਮੌਤ ਦਾ

ਜਸ਼ਨ ਮਨਾਏਗੀ"[26]

"ਤੂੰ ਇਨਾਂ ਸਿਸਕੀਆਂ ਦਾ ਸੇਕ

ਲੱਗਣ ਦੇ ਦੂਸ਼ਿਤ ਪੌਣਾਂ ਨੂੰ

ਸੜਦਾ ਸੜਦਾ ਸੜ ਜਾਏਗਾ

ਆਦਮ ਅੰਦਰਲਾ ਸ਼ੈਤਾਨ ਵੀ...”[27]

ਇਸ ਤਰ੍ਹਾਂ ਦਰਸ਼ਨ ਬੁੱਟਰ ਨੇ ਆਪਣੀਆਂ ਕਵਿਤਾਵਾਂ ਵਿਚ ਵਿਸ਼ੇ ਮੁਤਾਬਕ ‘ਰਸ ਵਿਧਾਨ’ ਦਾ ਪ੍ਰਯੋਗ ਕੀਤਾ ਹੈ। ਉਸ ਦੀਆਂ ਕਵਿਤਾਵਾਂ ਵਿਚ ਕਿਧਰੇ ਸ਼ਿੰਗਾਰ ਦੀ ਝਲਕ ਪੈਂਦੀ ਹੈ ਤੇ ਕਿਧਰੇ ਕਰੁਣਾ ਰਸ ਨਜ਼ਰੀਂ ਪੈਂਦਾ ਹੈ। ਉਸ ਨੇ ਆਪਣੇ ਕਾਵਿ ਵਿਚ ਰਸ ਵਿਧਾਨ ਨੂੰ ਬਾਖ਼ੂਬੀ ਨਿਭਾਇਆ ਹੈ।

## 4.2.6 ਪ੍ਰਤੀਕ ਵਿਧਾਨ

ਪ੍ਰਤੀਕ ਸੰਕੇਤਕ ਹੁੰਦਾ ਹੈ ਤੇ ਪ੍ਰਤੀਕ ਦੇ ਸੰਕੇਤ ਮਗਰੋਂ ਹੀ ਬਿੰਬ ਦੀ ਮੂਰਤਨ ਕਿਰਿਆ ਸ਼ੁਰੂ ਹੁੰਦੀ ਹੈ। ਪ੍ਰਤੀਕ ਕਿਸੇ ਵਿਚਾਰ, ਭਾਵ ਜਾਂ ਅਨੁਭਵ ਦਾ ਵੇਖਣ ਯੋਗ ਜਾਂ ਸੁਨਣ ਯੋਗ ਚਿੰਨ੍ਹ ਜਾਂ ਨਿਸ਼ਾਨੀ ਹੈ। ਜਿਸ ਦਾ ਮੰਤਵ ਅਨੁਭਵ ਖੇਤਰ ਦੀਆਂ ਗੱਲਾਂ ਦੀ ਵਿਆਖਿਆ ਕਰਨਾ ਹੈ। ਜਿਹੜਾ ਕੁੱਝ ਸਿਰਫ਼ ਅੰਤਹਕਰਨ ਜਾ ਕਲਪਨਾ ਨਾਲ ਹੀ ਗ੍ਰਹਿਣ ਕੀਤਾ ਜਾਂਦਾ ਹੈ। ਪ੍ਰਤੀਕ ਕਵਿਤਾ ਨੂੰ ਬਹੁਅਰਥੀ ਬਣਾਉਂਦੇ ਹਨ।

> ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, “ਪ੍ਰਤੀਕ ਉਹ ਹੈ ਜਿਸ ਵਿਚ ਅਮੂਰਤ ਦੇ ਸਮੂਰਤ ਰੂਪ ਨੂੰ ਪ੍ਰਗਟਾਇਆ ਜਾਂਦਾ ਹੈ। ਦ੍ਰਿਸ਼, ਵਸਤੂ ਦਾ ਪ੍ਰਤੀਕ ਸਮਾਨਤਾ ਦੇ ਆਧਾਰ ਤੇ ਸਾਡੇ ਮਨ ਦੇ ਸਾਹਮਣੇ ਸਦ੍ਰਿਸ਼ ਵਸਤੂ ਨੂੰ ਪੇਸ਼ ਕਰਦਾ ਹੈ।”[28]

ਦਰਸ਼ਨ ਬੁੱਟਰ ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਕਾਵਿਕ ਜੁਗਤਾਂ ਦੀ ਵਰਤੋਂ ਕਰਦਾ ਹੈ। ਉਸ ਕੋਲ ਸਹਿਜਤਾ, ਸੂਖਮਤਾ, ਸੰਖੇਪਤਾ ਨਾਲ ਆਪਣੇ ਵਿਚਾਰਾਂ/ਭਾਵਾਂ ਨੂੰ ਕਵਿਤਾ ਵਿਚ ਪਰੋਣ ਦਾ ਗੂੜਾ ਗਿਆਨ ਹੈ। ਉਹ ਕੁੱਝ ਸ਼ਬਦਾਂ ਵਿਚ ਹੀ ਬਹੁਅਰਥ ਸਿਰਜਦੀਆਂ ਰਚਨਾਵਾਂ ਸਿਰਜਣ ਵਾਲਾ ਪੰਜਾਬੀ ਦਾ ਵਿਲੱਖਣ ਸ਼ਾਇਰ ਹੈ। ਉਹ ਵਰਤਮਾਨ ਵਰਤਾਰੇ ਵਿਚ ਘਰਾਂ ਦਾ ਬੰਦ ਬੂਹੇ ਵਾਲੇ ਹੋਣਾ, ਰੱਜੇ-ਪੁੱਜੇ ਹੋਣਾ ਸਭ ਕੁੱਝ ਹੋਣ ਦੇ ਬਾਵਜੂਦ ਕਿਰਦਾਰ ਦੀ ਕੰਗਾਲੀ ਦੇ ਅਜੋਕੇ ਸਮਾਜ ਦੇ ਸਭਿਆਚਾਰ ਪ੍ਰਤੀਕ ਅਸਲ ਵਿਚ ਸਮਾਜ ਦੇ ਪਲ ਪਲ ਗਰਕ ਜਾਣ ਦੀ ਨਿਸ਼ਾਨੀ ਹੈ। ਉਹ ਬਹੁਤ ਸੋਹਣੇ ਪ੍ਰਤੀਕਾਂ ਦੀ ਵਰਤੋਂ ਨਾਲ ਕਵਿਤਾ ਨੂੰ ਰੰਗਤ ਪ੍ਰਦਾਨ ਕਰਦਾ ਹੈ। ਸਰਾਪਿਆ ਵਿਰਲਾਪ, ਮਰਮਰੀ ਪੱਥਰ, ਭਟਕਦੀਆਂ ਰੂਹਾਂ, ਫਰੇਮਾਂ ਵਿਚ ਕੈਦ ਚਿੜੀਆਂ, ਜਾਰਾਂ ਵਿਚ ਬੰਦ ਮੱਛੀਆਂ ਆਦਿ ਪ੍ਰਤੀਕ ਅਜੋਕੇ ਮਨੁੱਖ ਦੇ ਗਰਕ ਹੋ ਜਾਣ ਦੇ ਪ੍ਰਤੀਕ ਹਨ। ਬੁੱਟਰ ਦੁਆਰਾ ਵਰਤੇ ਪ੍ਰਤੀਕ ਉਸ ਦੀ ਕਾਵਿ ਕਲਾ ਨੂੰ ਉਘਾੜਣ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

ਦਰਸ਼ਨ ਬੁੱਟਰ ਵਿਸ਼ਾ ਵਸਤੂ ਅਨੁਕੂਲ ਪ੍ਰਤੀਕ ਯੋਜਨਾ ਦੀ ਕਲਾ ਨੂੰ ਵਰਤਦਾ ਹੈ। ਉਹ ਕਵਿਤਾ ਵਿਚ ਪ੍ਰਕਿਰਤੀ ਦੇ ਪ੍ਰਤੀਕਾਂ ਨੂੰ ਵਰਤਦਾ ਹੋਇਆ ਸਮਾਜ ਨਾਲ ਜੋੜਦਾ ਹੈ। ਉਦਾਹਰਨ ਵਜੋਂ-

"ਹੁਣ ਤਾਂ ਇਹ ਵੀ ਚੇਤਾ ਨਹੀਂ

'ਟਹਿਣੀ'

ਹਵਾ ਨਾਲ ਕੰਬੀ ਸੀ

ਕਿ...ਪੰਛੀ ਦੇ ਉੱਡਣ ਨਾਲ

ਹੁਣ ਤਾਂ ਇਹ ਵੀ ਯਾਦ ਨਹੀਂ

'ਬਰਫ਼'

ਹਉਕੇ ਨਾਲ ਪਿਘਲੀ ਸੀ

ਕਿ...ਲਹੂ ਦੇ ਸੇਕ ਨਾਲ..."[29]

"ਕਿਸੇ ਕਿਸੇ ਦੇ ਹਿੱਸੇ

ਲਹਿਰਾਂ ਤੇ ਤੁਰਨਾ

"ਪੌਣਾਂ ਤੇ ਦਸਤਖ਼ਤ ਕਰਨੇ"

"ਹਵਾ 'ਚ ਹਰਫ਼ ਲਿਖ ਦੇਣੇ..."[30]

"ਰੰਗਾਂ ਦੇ...

ਅਥਾਹ ਸਮੁੰਦਰ 'ਚੋਂ

ਕੁਝ ਮੱਛੀਆਂ ਫੜੀਆਂ ਨੇ

ਸ਼ਬਦ ਦੀ...

ਅਮੁਕ ਬਾਰਿਸ਼ 'ਚੋਂ

ਕੁਝ ਬੂੰਦਾਂ ਚੱਖੀਆਂ ਨੇ..."[31]

"ਧੁੱਪ ਦੇ ਰੰਗਾਂ ਦੀ ਅਵਾਰਗੀ ਨੂੰ

ਮਨ ਦੀ ਕੈਨਵਸ ਪੇਸ਼ ਕਰੀਏ

ਤਾਂ ਉੱਭਰ ਹੀ ਆਉਂਦੇ

ਕੁਝ ਨਕਸ਼ ਜਿਊਣ ਜੋਗੇ..."[32]

ਦਰਸ਼ਨ ਬੁੱਟਰ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਪ੍ਰਤੀਕ ਬਹੁਤ ਢੁਕਵੇਂ ਲਏ ਹਨ। ਉਸ ਨੇ ਪ੍ਰਤੀਕਾਂ ਦੀ ਵੰਨ-ਸੁਵੰਨਤਾ ਨਾਲ ਰਚਨਾਵਾਂ ਨੂੰ ਵਧੇਰੇ ਆਕਰਸ਼ਿਤ ਤੇ ਭਾਵ ਪੂਰਨ ਬਣਾਇਆ ਹੈ।

## 4.2.7 ਸ਼ਬਦ ਚੋਣ

ਦਰਸ਼ਨ ਬੁੱਟਰ ਸ਼ਬਦਾਂ ਦੀ ਚੋਣ ਵਿਚ ਮਾਹਿਰ ਹੈ। ਉਹ ਸ਼ਬਦਾਂ ਦਾ ਖਲਾਰਾ ਨਹੀਂ ਪਾਉਂਦਾ ਸਗੋਂ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ' ਕਥਨ ਨੂੰ ਸਾਰਥਕ ਕਰਦਾ ਹੈ। ਬੁੱਟਰ ਬਾਰੇ ਸਿਰਮੌਰ ਕਵੀ ਸੁਰਜੀਤ ਪਾਤਰ ਦਾ ਇਹ ਕਥਨ ਸਹੀ ਹੈ-

'ਥੋੜਾ ਕਹਿ ਕੇ ਬਹੁਤਾ ਕਹਿਣ ਵਾਲੇ ਸ਼ਾਇਰ

ਬਹੁਤ ਥੋੜੇ ਹੁੰਦੇ ਹਨ

ਦਰਸ਼ਨ ਬੁੱਟਰ ਉਨ੍ਹਾਂ ਥੋੜਿਆਂ ਵਿਚੋਂ ਇਕ ਹੈ

ਉਹ ਡੂੰਘੀ ਚੁੱਪ ਵਿਚੋਂ ਸ਼ਬਦ ਸਿਰਜਦਾ ਹੈ

ਤੇ ਉਸ ਦੇ ਸ਼ਬਦ

ਡੂੰਘੀ ਚੁੱਪ ਸਿਰਜਦੇ ਹਨ..."[33]

ਦਰਸ਼ਨ ਬੁੱਟਰ ਦੀ ਸ਼ਬਦ ਚੋਣ ਖੂਬਸੂਰਤ ਹੀ ਨਹੀਂ ਬਹੁ ਅਰਥੀ ਵੀ ਹੈ। ਗੰਭੀਰਤਾ, ਡੂੰਘਾਈ, ਕਲਾਤਮਿਕਤਾ ਉਸ ਦੀ ਕਾਵਿ ਰਚਨਾ ਦੀ ਵਿਲੱਖਣਤਾ ਹੈ। ਉਹ ਸ਼ਬਦਾਂ ਨੂੰ ਮਾਲਾ ਦੇ ਮੋਤੀਆਂ ਵਾਂਗ ਜੜ੍ਹਦਾ ਹੈ। ਉਸ ਦੀ ਕਾਵਿ ਰਚਨਾ ਬਹੁ ਰੰਗੀ ਹੈ। ਉਹ ਗੀਤ, ਨਜ਼ਮ ਤੇ ਗ਼ਜ਼ਲ ਵਿਚ ਪਿੰਗਲ ਤੇ ਅਰੂਜ਼ ਦੇ ਨਿਯਮਾਂ ਨੂੰ ਬਹੁਤੀ ਤਵੱਜੋ ਨਹੀਂ ਦਿੰਦਾ ਪਰ ਉਹ ਆਪਣੇ ਵਿਚਾਰਾਂ ਨੂੰ ਥੋੜ੍ਹੇ ਸ਼ਬਦਾਂ ਵਿਚ ਪਰੋਂਦਾ ਹੋਇਆ ਖੁੱਲ੍ਹੀ ਕਵਿਤਾ, ਨਜ਼ਮ ਜਾਂ ਗੀਤ, ਗ਼ਜ਼ਲ ਲਿਖਦਾ ਹੈ ਤਾਂ ਉਸ ਵਿਚ ਅੰਤਾਂ ਦੀ ਰਵਾਨਗੀ ਹੁੰਦੀ ਹੈ। ਉਸ ਦੀ ਪਹਿਚਾਣ ਖੁੱਲ੍ਹੀ ਕਵਿਤਾ ਦੇ ਕਵੀ ਵਜੋਂ ਹੈ। ਉਹ ਸ਼ਬਦਾਂ ਦੇ ਖੁੱਲ੍ਹੇ ਸੁਭਾਅ ਨੂੰ ਪਛਾਣਦਾ ਹੋਇਆ ਉਨ੍ਹਾਂ ਨੂੰ ਕੈਦ ਕਰਨ ਤੋਂ ਇਨਕਾਰੀ ਹੈ।ਉਸ ਦੇ ਸ਼ਬਦ ਕਦੇ ਰੰਗ ਬਣ ਕੇ ਤਸਵੀਰ ਪੇਸ਼ ਕਰਦੇ ਹਨ ਤੇ ਕਦੇ ਸਾਜ ਬਣ ਕੇ ਸੰਗੀਤਕ ਮਾਹੌਲ ਸਿਰਜਦੇ ਹਨ। ਜਿਵੇਂ ਰਾਗ ਤੇ ਸੰਗੀਤ ਕੰਨਾਂ ਨੂੰ ਟੁੰਬਦੇ ਹਨ ਉਵੇਂ ਹੀ ਰੰਗ ਅੱਖਾਂ ਨੂੰ ਪ੍ਰਭਾਵਿਤ ਕਰਦੇ ਹਨ। ਦਰਸ਼ਨ ਬੁੱਟਰ ਆਪਣੀ ਕਵਿਤਾ ਵਿਚ ਕਦੇ ਰੰਗਾਂ ਰਾਹੀਂ ਤੇ ਕਦੇ ਸੰਗੀਤ ਰਾਹੀਂ ਆਪਣੇ ਮਨ ਦੇ ਵਲਵਲਿਆਂ ਨੂੰ ਸਿਰਜਦਾ ਹੈ।

> ਕਵੀ ਬੁੱਟਰ ਬਾਰੇ ਵਿਚਾਰ ਕਰਦਿਆਂ ਡਾ. ਜਸਪਾਲ ਕੌਰ ਲਿਖਦੇ ਹਨ, "ਸ਼ਾਇਰ ਜਿਸ ਸੰਜਮ ਅਤੇ ਸਹਿਜ ਨਾਲ ਸ਼ਬਦਾਵਲੀ ਨੂੰ ਚੁਣਦਾ ਹੈ। ਉੱਥੇ ਸ਼ਬਦ ਅਨੇਕਾਂ ਹੀ ਚਿਹਨਕ ਪਸਾਰਾਂ ਨਾਲ ਜੁੜਦੇ ਥੋੜ੍ਹੇ ਵਿਚ ਬਹੁਤਾ ਕਹਿਣ ਦੀ ਸਮਰੱਥਾ ਰੱਖਦੇ ਹਨ। ਸ਼ਾਇਰ ਵਿਰੋਧੀ ਜੁੱਟਾਂ ਰਾਹੀਂ ਅੰਦਰੋਂ-ਬਾਹਰੋਂ, ਤੇਰੇ-ਮੇਰੇ, ਪਰਾਏ-ਆਪਣੇ, ਬੋਲਣਾ-ਖਾਮੋਸ਼, ਜੋੜ-ਘਟਾਅ, ਪਹਿਲ-ਆਖ਼ਰੀ, ਖੁੱਲ੍ਹਾ-ਬੰਦ, ਜਾਗ-ਨੀਂਦ, ਮਿੱਟੀ-ਅੰਬਰ, ਕੈਦ-ਉਡਾਰੀ ਆਦਿ ਨਾਲ ਕਵਿਤਾ ਨੂੰ ਹੋਰ ਵੀ ਪੁਖਤਾ ਤੇ ਅਸੀਮ ਕਰਦਾ ਹੈ।"[34]

ਦਰਸ਼ਨ ਬੁੱਟਰ ਦੀ ਕਵਿਤਾ ਦਾ ਪ੍ਰਮੁੱਖ ਲੱਛਣ ਸੰਜਮ ਤੇ ਸੰਖੇਪਤਾ ਹੈ। ਦਰਦ ਮਜੀਠੀ ਕਾਵਿ ਸੰਗ੍ਰਹਿ ਵਿਚ ਉਸ ਦੀ ਕੋਈ ਵੀ ਕਵਿਤਾ ਲੰਬੀ ਨਹੀਂ ਇਕ ਇਕ ਸਫ਼ੇ ਤੇ ਇਕ ਜਾਂ ਦੋ ਕਵਿਤਾਵਾਂ ਹਨ। ਉਸ ਨੇ ਕਵਿਤਾ ਲਿਖਣ ਦੀ ਬਜਾਏ ਚੁੱਪ ਨੂੰ ਕਵਿਤਾ ਵਿਚ ਗੁੰਦਿਆ ਹੈ। ਲੈਅ ਬੱਧਤਾ ਉਸ ਦੀ ਖੁੱਲ੍ਹੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਕੁੱਝ ਵਿਦਵਾਨ ਛੰਦ ਵਾਲੀ ਕਵਿਤਾ ਨੂੰ ਹੀ ਪ੍ਰਗੀਤਕ ਮੰਨਦੇ ਹਨ ਪਰ ਪ੍ਰਗੀਤਕਤਾ ਕਾਫ਼ੀਏ ਤੇ ਰਦੀਫ਼ ਦੇ ਦਾਇਰੇ ਤੋਂ ਬਾਹਰ ਬਿਆਨ ਦੀ ਸ਼ਿੱਦਤ ਅਤੇ ਸਰੋਦਪੁਣੇ ਉੱਤੇ ਨਿਰਭਰ ਕਰਦੀ ਹੈ।

"ਇਕ ਸਤਰੇ

ਖ਼ਤ ਵੀ

ਕਿਤਾਬ ਹੁੰਦੇ ਨੇ

ਕਈ ਕਿਤਾਬਾਂ 'ਚ

ਕੋਈ

ਸਤਰ ਨਹੀਂ ਹੁੰਦੀ..."[35]

ਬੁੱਟਰ ਦੀ ਪ੍ਰਗੀਤਕਤਾ ਬਾਰੇ ਡਾ. ਸੁਤਿੰਦਰ ਸਿੰਘ ਨੂਰ ਲਿਖਦੇ ਹਨ, "ਉਹ ਆਪਣੀ ਕਵਿਤਾ ਨੂੰ ਕਦੇ ਵੀ ਨਸਰੀ ਅੰਦਾਜ਼ ਦੇ ਨੇੜੇ ਨਹੀਂ ਜਾਣ ਦਿੰਦਾ ਜੋ ਕਿ ਬਹੁਤ ਸਾਰੇ ਕਵੀਆਂ ਵਿਚ ਵਾਪਰ ਰਿਹਾ ਹੈ। ਉਹ ਕਾਵਿ ਭਾਸ਼ਾ ਦੇ ਕਾਵਿ ਅੰਦਾਜ਼ ਵਲੋਂ ਬਹੁਤ ਚੇਤੰਨ ਹੈ। ਉਸ ਦੀ ਕਵਿਤਾ ਪ੍ਰਗੀਤ ਹੋਣ ਦੇ ਬਾਵਜੂਦ ਸਤਰਾਂ ਵਿਚ ਸ਼ੇਅਰਾਂ ਵਰਗੀ ਖੂਬਸੂਰਤੀ ਪੈਦਾ ਕਰ ਲੈਂਦੀ ਹੈ।... ... ਉਹ ਪ੍ਰਗੀਤਕ ਅੰਦਾਜ਼ ਦੀ ਖੁੱਲੀ ਨਜ਼ਮ ਵਿਚ ਵੀ ਪ੍ਰਗੀਤਕ ਭਾਸ਼ਾ ਨੂੰ ਸਮੋਣਾ ਜਾਣਦਾ ਹੈ। ਕਰੁਣਾ ਨੂੰ ਨਜ਼ਮ ਦੇ ਅਵਚੇਤਨ ਤਕ ਪਰਚਾ ਲੈਂਦਾ ਹੈ ਤੇ ਉਸ ਦੀ ਨਜ਼ਮ ਪਾਠਕ ਦੇ ਅਵਚੇਤਨ ਤਕ ਪਈ ਕਰੁਣਾ ਦੀਆਂ ਤੈਹਾਂ ਨੂੰ ਜਗਾਉਣ ਲਗਦੀ ਹੈ। ਇਹ ਕੰਮ ਇਨਾਂ ਸੌਖਾ ਨਹੀਂ ਹੁੰਦਾ, ਇਸ ਵਿਚ ਕਾਵਿ ਯੋਗਤਾ ਲੁਕੀ ਹੁੰਦੀ ਹੈ।"[36]

"ਦਸਤਕ ਦਾ

ਅੰਦਾਜ਼ ਹੀ

ਦੱਸ ਦਿੰਦਾ

ਆਇਆ ਕੌਣ ਪ੍ਰਾਹੁਣਾ... ..." [37]

ਦਰਸ਼ਨ ਬੁੱਟਰ ਨੂੰ ਛੋਟੀਆਂ ਨਜ਼ਮਾਂ ਦਾ ਵੱਡਾ ਕਵੀ ਕਿਹਾ ਗਿਆ ਹੈ ਕਿਉਂਕਿ ਉਸ ਨੇ ਆਪਣੀਆਂ ਕਾਵਿ ਰਚਨਾਵਾਂ ਵਿਚ ਵਾਧੂ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਹੈ ਸਗੋਂ ਘੱਟ ਸ਼ਬਦਾਂ ਵਿਚ ਹੀ ਭਾਵ ਪ੍ਰਗਟਾਇਆ ਹੈ।

### 4.2.8 ਸ਼ੈਲੀ

ਦਰਸ਼ਨ ਬੁੱਟਰ ਦੀ ਕਾਵਿਕ ਸ਼ੈਲੀ ਸੁਹਜਾਤਮਕ ਪ੍ਰਭਾਵ ਪੈਦਾ ਕਰਕੇ ਤੀਬਰਤਾ ਤੇ ਤੀਖਣਤਾ ਨੂੰ ਉੱਚ ਪੱਧਰ ਤੇ ਪੇਸ਼ ਕਰਦੀ ਹੈ। ਸ਼ੈਲੀ ਦਾ ਅਰਥ ਹੈ-ਲਿਖਣ ਦਾ ਢੰਗ ਤਰੀਕਾ। ਕਵੀ ਦੀਆਂ ਭਾਵਨਾਵਾਂ ਅਤੇ ਵਿਚਾਰ ਜਿਸ ਅੰਦਾਜ਼ ਵਿਚ ਅਭਿਵਿਅਕਤੀ ਗ੍ਰਹਿਣ ਕਰਦੇ ਹਨ, ਉਸ ਨੂੰ ਸ਼ੈਲੀ ਕਿਹਾ ਜਾਂਦਾ ਹੈ। ਬੌਧਿਕਤਾ ਭਾਵ ਆਤਮਿਕਤਾ, ਸੰਖੇਪਤਾ ਤੇ ਸਪੱਸ਼ਟਤਾ ਉਸ ਦੀ ਸ਼ੈਲੀ ਨੂੰ ਨਿਰਧਾਰਤ ਕਰਨ ਵਾਲੇ ਆਧਾਰਭੂਤ ਤੱਤ ਹਨ। ਬੁੱਟਰ ਸੰਖੇਪ ਸ਼ਬਦਾਂ ਵਿਚ ਬਹੁ-ਅਰਥਾਂ ਵਾਲੀਆਂ ਕਵਿਤਾਵਾਂ ਸਿਰਜਣ ਵਾਲਾ ਸ਼ਾਇਰ ਹੈ। ਉਹ ਸੰਬੋਧਨੀ ਸ਼ੈਲੀ, ਪ੍ਰਸ਼ਨ-ਉੱਤਰ ਸ਼ੈਲੀ, ਸਵੈ ਤੇ ਨਾਇਕ ਸ਼ੈਲੀ ਦੀ ਵਰਤੋਂ ਕਰਦਾ ਹੈ। ਉਹ ਜਿੱਥੇ ਸੰਬੋਧਨੀ ਸ਼ੈਲੀ ਰਾਹੀਂ ਸਿੱਧਾ ਪਾਠਕ ਅਤੇ ਸਰੋਤੇ ਨੂੰ ਸੰਬੋਧਿਤ ਹੁੰਦਾ ਹੈ, ਉੱਥੇ ਪ੍ਰਸ਼ਨ ਮੂਲਕ ਸ਼ੈਲੀ ਰਾਹੀਂ ਪਾਠਕਾਂ ਅੱਗੇ ਪ੍ਰਸ਼ਨ ਖੜੇ ਕਰਦਾ ਹੈ ਤੇ ਉੱਤਰ ਲਈ ਤੱਤਪਰ ਬਣਾਉਂਦਾ ਹੈ।

"ਮਾਂ

ਨਿਤ ਆਖਦੀ ਹੈ

ਸ਼ੀਸ਼ਾ

ਸਾਫ਼ ਵੀ ਰੱਖਣਾ ਹੈ

ਤੇ ਸੁਰੱਖਿਅਤ ਵੀ

ਸੋਚਦੀ ਹਾਂ

ਭਲਾ ਮਾਂ

ਕਿਹੜੇ ਸ਼ੀਸ਼ੇ ਦੀ ਗੱਲ ਕਰਦੀ ਹੈ!"[38]

ਦਰਸ਼ਨ ਬੁੱਟਰ ਦੀ ਪੁਸਤਕ 'ਦਰਦ ਮਜੀਠੀ' ਸਮੁੱਚੀ ਸੰਬੋਧਨੀ ਸ਼ੈਲੀ ਵਿਚ ਲਿਖੀ ਗਈ ਕਾਵਿ ਪੁਸਤਕ ਹੈ। ਜਿਸ ਦੀ ਹਰ ਕਵਿਤਾ ਪਹਿਲਾਂ ਪ੍ਰਸ਼ਨ ਉਠਾਉਂਦੀ ਹੈ, ਫਿਰ ਉਸ ਦੇ ਉੱਤਰ ਦੱਸ ਕੇ ਪਾਠਕਾਂ ਦੀ ਤ੍ਰਿਪਤੀ ਕਰਦੀ ਹੈ। ਕੁੱਝ ਪ੍ਰਸ਼ਨਾਂ ਦੇ ਉੱਤਰ ਤਾਂ ਉਹ ਪਾਠਕਾਂ 'ਤੇ ਵੀ ਛੱਡ ਦਿੰਦਾ ਹੈ।

"ਮੰਨਿਆ ਕਿ

ਉੱਚੇ ਫਣ...ਕੀਲ ਲੈਂਦੇ ਨੇ

ਕੁਝ ਬੀਨਾਂ ਨੂੰ

ਪਰ

ਕੁੰਜ ਉਤਰਣ ਤੋਂ ਬਾਅਦ

ਨਜ਼ਰ ਨਹੀਂ ਆਉਂਦਾ

ਕੁਝ ਵੀ ਮੇਲਦਾ... ..." [39]

"ਬੰਦ ਦਰਵਾਜ਼ਿਆਂ ਦੇ ਜੰਦਰੇ

ਪਟਾਕ ਖੁੱਲ੍ਹਦੇ ਗਏ

ਤੇਰੇ ਸਰਲ ਸਹਿਜ ਬੋਲਾਂ ਨਾਲ

ਬੇਤਰਤੀਬ ਉਲਝਣਾਂ ਦੀਆਂ ਤੰਦਾਂ

ਸੁਲਝ ਗਈਆਂ ਤੇਰੀ ਖਾਮੋਸ਼ ਤੱਕਣੀ ਨਾਲ...''[40]

ਦਰਸ਼ਨ ਬੁੱਟਰ ਨੇ ਪ੍ਰਸ਼ਨ-ਉੱਤਰ ਸ਼ੈਲੀ, ਸੰਬੋਧਨੀ ਸ਼ੈਲੀ ਰਾਹੀਂ ਆਪਣੀਆਂ ਕਵਿਤਾਵਾਂ ਵਿਚਲੇ ਭਾਵਾਂ ਨੂੰ ਸਪੱਸ਼ਟ ਕੀਤਾ ਹੈ। ਉਹ ਇਨ੍ਹਾਂ ਸ਼ੈਲੀਆਂ ਦੀ ਵਰਤੋਂ ਕਰ ਕੇ ਆਪਣੇ ਪਾਠਕਾਂ ਵਿਚ ਪੜ੍ਹਨ ਦੀ ਰੁਚੀ ਬਣਾਈ ਰੱਖਣ ਵਿਚ ਸਫ਼ਲ ਹੋਇਆ ਹੈ।

### 4.2.9 ਭਾਸ਼ਾ

ਦਰਸ਼ਨ ਬੁੱਟਰ ਦੀਆਂ ਕਵਿਤਾਵਾਂ ਵਿਚ ਤਿੱਖਾ ਵਿਵੇਕ ਤੇ ਗਹਿਰੀ ਭਾਵਨਾ ਹੈ। ਉਸ ਦੀ ਭਾਸ਼ਾ ਯੋਗਤਾ ਉਸ ਦੀ ਸੋਚ ਦੇ ਸਮਤੋਲ, ਲਿਖਣ-ਅਭਿਆਸ ਅਤੇ ਗਹਿਰੇ ਅਧਿਐਨ ਦੀ ਗਵਾਹੀ ਦਿੰਦੀ ਹੈ। ਉਸ ਦੀ ਭਾਸ਼ਾ ਠੇਠ ਪੰਜਾਬੀ, ਸਰਲ ਤੇ ਹਰ ਇਕ ਦੀ ਸਮਝ ਵਿਚ ਆਸਾਨੀ ਨਾਲ ਆਉਣ ਵਾਲੀ ਹੈ। ਲਗਭਗ ਹਰ ਇਕ ਕਵਿਤਾ ਨੂੰ ਉਹਨਾਂ ਨੇ ਆਦਿ ਤੋਂ ਲੈ ਕੇ ਅੰਤ ਤਕ ਬਾਖੂਬੀ ਨਿਭਾਇਆ ਹੈ। ਦਰਸ਼ਨ ਬੁੱਟਰ ਦੀ ਕਾਵਿਕ ਭਾਸ਼ਾ ਸਰਲ, ਠੇਠ ਤੇ ਆਕਰਸ਼ਿਤ ਹੈ। ਉਸ ਦੀ ਭਾਸ਼ਾ ਸੁਹਜਾਤਮਕ ਪ੍ਰਭਾਵ ਤੇ ਸੁਆਦ ਪੈਦਾ ਕਰਨ ਵਾਲੀ ਹੈ। ਉਸ ਦੀ ਭਾਸ਼ਾ ਅਦਭੁਤ ਰੰਗਣ, ਕੋਮਲਤਾ, ਸੂਖਮਤਾ ਅਤੇ ਅਰਥਯੁਕਤਾ ਹੈ। ਉਸ ਦੀ ਭਾਸ਼ਾ ਕਾਵਿ ਵਸਤੂ ਨੂੰ ਡੂੰਘੀ ਤਹਿ ਤਕ ਲੈ ਜਾਂਦੀ ਹੈ। ਬੁੱਟਰ ਨੂੰ ਛੋਟੀਆਂ ਨਜ਼ਮਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ। ਅਸਲ ਵਿਚ ਛੋਟੀ ਨਜ਼ਮ ਲਿਖਣੀ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੁੰਦੀ ਹੈ। ਕਈ ਵਾਰ ਪੂਰੀ ਕਿਤਾਬ ਵਿਚ ਇਕ ਵੀ ਸਤਰ ਕਵਿਤਾ ਨਹੀਂ ਹੁੰਦੀ ਪਰ ਬੁੱਟਰ ਇਕ ਹੀ ਸਤਰ ਵਿਚ ਪੂਰੇ ਜੀਵਨ ਅਨੁਭਵ ਨੂੰ ਪਰੋਣ ਦੀ ਸਮਰੱਥਾ ਰੱਖਦਾ ਹੈ। ਉਸ ਦੀ ਕਵਿਤਾ ਬਾਰੇ ਡਾ. ਸੁਰਜੀਤ ਪਾਤਰ ਲਿਖਦੇ ਹਨ, ''

''ਸ਼ਬਦਾਂ, ਬੰਦਿਆਂ, ਚੀਜ਼ਾਂ ਤੇ ਮੁੱਲਾਂ ਨਾਲ

ਸੰਵੇਦਨਸ਼ੀਲ, ਜੀਵੰਤ ਤੇ ਸਿਰਜਣਾਤਮਕ ਰਿਸ਼ਤਾ

ਦਰਸ਼ਨ ਬੁੱਟਰ ਦੀ

ਸ਼ਖਸੀਅਤ ਤੇ ਸ਼ਾਇਰੀ ਦੀ ਪ੍ਰਮਾਣਕਿਤਾ ਹੈ।''[41]

ਉਸ ਬਾਰੇ ਚਰਚਾ ਕਰਦੇ ਹੋਏ ਭੁਪਿੰਦਰਪ੍ਰੀਤ ਕਹਿੰਦੇ ਹਨ, ''ਉਸ ਦੀਆਂ ਕਵਿਤਾਵਾਂ ਵਿਚ ਵੱਖ ਵੱਖ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਅਹਿਸਾਸ ਤੇ ਵਿਸ਼ਵਾਸ ਦਾ ਇਕ ਐਸਾ ਪੁੱਲ ਹੈ ਜੋ ਦੋ ਰੂਹਾਂ ਨੂੰ ਇਕ ਮਿਕ ਕਰ ਕੇ

ਰੱਖਦਾ ਹੈ। ਉਸ ਦੀ ਕਵਿਤਾ ਵਿਚ ਵਿਰੋਧ ਦੇ ਸਾਰੇ ਗੁਣਾਂ ਨੂੰ ਹਰ ਧਰਾਤਲ ਤੇ ਉਤਰਨ ਦਾ ਸਲੀਕਾ ਹੈ। ਉਸ ਨੂੰ ਡਰ ਹੈ, ਮਾਸੂਮ ਜਿਹਾ ਤੇ ਲਿਖਦਾ ਹੈ-

"ਕਵਿਤਾ

ਤੂੰ ਮੇਰੇ ਵਿਚੋਂ ਕਦੇ ਕਦੇ

ਇਵੇਂ ਅਲੋਪ ਹੋ ਜਾਨੀ ਏਂ ਕਿਧਰੇ

ਜਿਵੇਂ...

ਮਹਿਬੂਬ ਦੇ ਘਰ ਬਹਿ ਕੇ

ਲਿਖੀ ਨਜ਼ਮ 'ਚੋਂ

ਦਰਦ ਗੁੰਮ ਹੋ ਜਾਂਦਾ ਹੈ..."[42]

ਦਰਸ਼ਨ ਬੁੱਟਰ ਦੀ ਕਾਵਿਕ ਭਾਸ਼ਾ ਸਰਲ, ਠੇਠ ਤੇ ਆਕਰਸ਼ਿਤ ਹੈ। ਦਰਸ਼ਨ ਬੁੱਟਰ ਦੀ ਭਾਸ਼ਾ ਸਹਿਜ ਸੁਭਾਵਕ ਤੇ ਸਾਦ ਮੁਰਾਦੀ ਹੈ। ਉਸ ਨੇ ਆਪਣੀ ਸਮੁੱਚੀ ਕਾਵਿ ਰਚਨਾ ਵਿਚ ਦੋਹਾਂ ਪੱਖਾਂ ਤੋਂ ਨਵੀਨਤਾ ਦੇ ਰੰਗ ਭਰੇ ਹਨ। ਵਿਚਾਰਾਂ ਦੀ ਅਭਿਵਿਅਕਤੀ ਲਈ ਬੁੱਟਰ ਨੇ ਕਵਿਤਾ ਨੂੰ ਚੁਣਿਆ ਹੈ। ਉਸ ਦੀ ਕਵਿਤਾ ਵਸਤੂ ਅਨੁਭਵ ਨੂੰ ਵੀ ਬਹੁਤ ਸਹਿਜ ਰੂਪ ਵਿਚ ਗ੍ਰਹਿਣ ਕਰਦੀ ਹੈ ਭਾਵੇਂ ਇਹ ਅਨੁਭਵ ਕਿੰਨਾ ਵੀ ਤਲਖ਼, ਕੁਸੈਲਾ ਤੇ ਕਰੂਰ ਹੋਵੇ। ਨਿੱਜੀ ਅਨੁਭਵ ਤੋਂ ਉਪਜੇ ਭਾਵ ਕਵੀ ਨੂੰ ਵਿਰਸੇ ਵਿਚ ਮਿਲੇ ਹੋਣ ਕਰਕੇ ਵਿਸ਼ੇਸ਼ ਕਾਵਿ ਅਪਣਾਉਣ ਦੀ ਪ੍ਰੇਰਣਾ ਦਿੰਦੇ ਹਨ। ਉਸ ਦੀ ਭਾਸ਼ਾਈ ਸਮਰੱਥਾ ਇਸ ਗੱਲ ਤੋਂ ਵੀ ਵੇਖੀ ਜਾ ਸਕਦੀ ਹੈ ਕਿ ਉਹ ਇਕ ਸਫ਼ੇ ਦੀ ਸੀਮਾ ਦੀ ਉਲੰਘਣਾ ਨਹੀਂ ਕਰਦਾ ਸਗੋਂ ਕੁਝ ਹੀ ਸ਼ਬਦਾਂ ਵਿਚ ਆਪਣੇ ਵਿਸ਼ੇ ਤੇ ਵਸਤੂ ਨੂੰ ਪੇਸ਼ ਕਰਨ ਵਿਚ ਸਫ਼ਲ ਹੁੰਦਾ ਹੈ।

ਨਿੱਜੀ ਮੁਲਾਕਾਤ ਵਿਚ ਦਰਸ਼ਨ ਬੁੱਟਰ ਜ਼ੁਬਾਨੀ ਆਖਦੇ ਹਨ, "ਮੈਂ ਸੰਖੇਪਤਾ ਤੇ ਸਹਿਜਤਾ ਦਾ ਸ਼ੁਦਾਈ ਹਾਂ। ਮੈਂ ਜ਼ੋਰ ਨਾਲ ਕੀਤੀ ਸਿਰਜਣਾ ਦੇ ਹੱਕ ਵਿਚ ਨਹੀਂ।"[43]

ਉਸ ਨੂੰ ਭਾਸ਼ਾ ਦਾ ਗਿਆਨ ਹੈ ਤੇ ਸੁਚੱਜੀ ਭਾਸ਼ਾ ਵਰਤਣ ਦਾ ਢੰਗ ਸਲੀਕਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਕਲਪਨਾ, ਬਿੰਬ, ਅਲੰਕਾਰ, ਪ੍ਰਤੀਕ, ਰਸ, ਸੁਚੱਜੀ ਸ਼ਬਦ ਚੋਣ, ਮਿਲਾਪੜੀ ਭਾਸ਼ਾ ਆਦਿ ਕਾਵਿਕ ਜੁਗਤਾਂ ਨੂੰ ਸਹੀ ਤੇ ਢੁੱਕਵੀਂ ਥਾਂ ਦਿੰਦਾ ਹੈ। ਉਸ ਦੇ ਕਵਿਤਾ ਵਿਚ ਸੁਹਜ, ਸਹਿਜ ਅਤੇ ਸੱਚ ਸਮਾਏ ਹੋਏ ਹਨ। 'ਸੁਹਜ' ਤੋਂ ਭਾਵ ਮਨ ਨੂੰ ਭਾਉਣ ਵਾਲੀ ਕਵਿਤਾ ਜਿਹੜੀ ਪ੍ਰਚਾਰ ਕਰਦੀ ਹੋਵੇ ਤੇ ਰਚਨਾ ਸ੍ਰੇਸ਼ਠ ਬਣਾਉਂਦੀ ਹੋਵੇ। ਉਸ ਦੀਆਂ ਕਵਿਤਾਵਾਂ ਵਿਚ ਇਹ ਗੁਣ ਵਿਦਮਾਨ ਹਨ।

ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਆਪਣੀਆਂ ਕਵਿਤਾਵਾਂ ਦੀ ਰਚਨਾ ਕਰਨ ਵੇਲੇ ਘੱਟ ਤੇ ਪ੍ਰਭਾਵਸ਼ਾਲੀ ਸ਼ਬਦਾਵਲੀ, ਠੇਠ ਭਾਸ਼ਾ, ਕਲਪਨਾ, ਢੁੱਕਵੇਂ ਬਿੰਬਾਂ, ਪ੍ਰਤੀਕਾਂ ਦੀ ਵਰਤੋਂ ਕਰਦਾ ਹੋਇਆ ਕਾਵਿ ਨੂੰ ਰਸਮਈ ਬਣਾਉਂਦਾ ਹੈ। ਉਹ ਸ਼ਬਦਾਂ ਦਾ ਖਲਾਰਾ ਨਹੀਂ ਪਾਉਂਦਾ ਬਲਕਿ ਘੱਟ ਸ਼ਬਦਾਂ ਵਿਚ ਹੀ ਅਜਿਹੀ ਗੱਲ ਕਹਿ ਦਿੰਦਾ ਹੈ ਜਿਸ ਨਾਲ ਭਾਵ ਵੀ ਸਪੱਸ਼ਟ ਹੋ ਜਾਂਦਾ ਹੈ ਤੇ ਪਰਚਾਰ ਵੀ ਨਹੀਂ ਹੁੰਦਾ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-292
2. ਡਾ. ਕੁਲਦੀਪ ਸਿੰਘ ਧੀਰ, ਰੂਸੀ ਰੂਪਵਾਦ, ਖੋਜ ਪੱਤ੍ਰਿਕਾ, ਪੰਨਾ-108
3. ਡਾ. ਵਿਨੀਤਾ, ਅਲੋਚਕ ਆਖਦੇ ਨੇ, ਪੰਨਾ-49
4. ਦਰਸ਼ਨ ਬੁੱਟਰ, ਖੜਾਵਾਂ, ਪੰਨਾ-38
5. ਉਹੀ, ਦਰਦ ਮਜੀਠੀ, ਪੰਨਾ-78
6. ਪ੍ਰੇਮ ਪ੍ਰਕਾਸ਼, ਕਾਵਿ ਦੇ ਤੱਤ, ਪੰਨਾ-77
7. ਦਰਸ਼ਨ ਬੁੱਟਰ, ਮਹਾਂਕੰਬਣੀ, ਪੰਨਾ-71
8. ਡਾ. ਅਨੂਪ ਸਿੰਘ, ਆਲੋਚਕ ਆਖਦੇ ਨੇ, ਪੰਨਾ-39
9. ਡਾ. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਪੰਨਾ-60
10. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-79
11. ਉਹੀ, ਖੜਾਵਾਂ, ਪੰਨਾ-94
12. ਉਹੀ, ਮਹਾਂਕੰਬਣੀ, ਪੰਨਾ-67
13. ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਪੰਨਾ-88,89
14. ਦਰਸ਼ਨ ਬੁੱਟਰ, ਖੜਾਵਾਂ, ਪੰਨਾ-27
15. ਉਹੀ, ਦਰਦ ਮਜੀਠੀ, ਪੰਨਾ-27,47
16. ਡਾ. ਪ੍ਰੇਮ ਪ੍ਰਕਾਸ਼, ਕਾਵਿ ਦੇ ਤੱਤ, ਪੰਨਾ-10
17. ਡਾ. ਤਰਲੋਕ ਸਿੰਘ ਕੰਵਰ, ਆਧੁਨਿਕ ਪੰਜਾਬੀ ਕਵਿਤਾ ਵਿਚ ਬਿੰਬ ਯੋਜਨਾ, ਖੋਜ ਪੱਤ੍ਰਿਕਾ ਪੰਨਾ-221
18. ਦਰਸ਼ਨ ਬੁੱਟਰ, ਮਹਾਂਕੰਬਣੀ, ਪੰਨਾ-23,48
19. ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਭਾਰਤੀ ਕਾਵਿ ਸ਼ਾਸਤਰ, ਪੰਨਾ-125
20. ਦਰਸ਼ਨ ਬੁੱਟਰ, ਖੜਾਵਾਂ, ਪੰਨਾ-29
21. ਉਹੀ, ਮਹਾਂਕੰਬਣੀ, ਪੰਨਾ-55
22. ਡਾ. ਰਾਜਿੰਦਰ ਸਿੰਘ ਸੇਖੋਂ, ਆਲੋਚਨਾ ਅਤੇ ਪੰਜਾਬੀ ਆਲੋਚਨਾ, ਪੰਨਾ-53
23. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-91
24. ਉਹੀ, ਖੜਾਵਾਂ, ਪੰਨਾ-72
25. ਉਹੀ, ਦਰਦ ਮਜੀਠੀ, ਪੰਨਾ-88
26. ਉਹੀ, ਖੜਾਵਾਂ, ਪੰਨਾ-74,75

27. ਉਹੀ, ਮਹਾਂਕੰਬਣੀ, ਪੰਨਾ-57
28. ਸਤਿੰਦਰ ਸਿੰਘ, ਵਿਹਾਰਕ ਸਮੀਖਿਆ, ਪੰਨਾ-45
29. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-29
30. ਉਹੀ, ਖੜਾਵਾਂ, ਪੰਨਾ-58
31. ਉਹੀ, ਪੰਨਾ-64
32. ਉਹੀ, ਮਹਾਂਕੰਬਣੀ, ਪੰਨਾ-83
33. ਡਾ. ਸੁਰਜੀਤ ਪਾਤਰ, ਖੜਾਵਾਂ, ਸਰਵਰਕ
34. ਡਾ. ਜਸਪਾਲ ਕੌਰ, ਕਵਿਤਾ ਉਤਸਵ 'ਚ ਵਿਚਾਰ ਚਰਚਾ ਦੌਰਾਨ, ਪੰਜਾਬੀ ਭਵਨ ਲੁਧਿਆਣਾ
35. ਦਰਸ਼ਨ ਬੁੱਟਰ, ਖੜਾਵਾਂ, ਪੰਨਾ-42
36. ਸੁਤਿੰਦਰ ਸਿੰਘ ਨੂਰ, ਦਰਸ਼ਨ ਬੁੱਟਰ ਦੀਆਂ ਖੜਾਵਾਂ, ਪੰਨਾ-13
37. ਦਰਸ਼ਨ ਬੁੱਟਰ, ਦਰਦ ਮਜੀਠੀ, ਪੰਨਾ-47
38. ਉਹੀ, ਖੜਾਵਾਂ, ਪੰਨਾ-36
39. ਉਹੀ, ਦਰਦ ਮਜੀਠੀ, ਪੰਨਾ-45
40. ਉਹੀ, ਮਹਾਂਕੰਬਣੀ, ਪੰਨਾ-94
41. ਡਾ. ਸੁਰਜੀਤ ਪਾਤਰ, ਖੜਾਵਾਂ, ਸਰਵਰਕ
42. ਭੁਪਿੰਦਰਪ੍ਰੀਤ, ਹਰਫ਼ ਹਜ਼ੂਰੀ, ਖੜਾਵਾਂ, ਪੰਨਾ-55, 56
43. ਦਰਸ਼ਨ ਬੁੱਟਰ ਦੀ ਜ਼ੁਬਾਨੀ, ਪ੍ਰੋ. ਮੋਹਨ ਸਿੰਘ ਮੇਲੇ ਦੌਰਾਨ (20 ਅਕਤੂਬਰ, 2014), ਪੰਜਾਬੀ ਭਵਨ ਲੁਧਿਆਣਾ।

# ਦਰਸ਼ਨ ਬੁੱਟਰ ਨਾਲ ਨਿੱਜੀ ਮੁਲਾਕਾਤ

**ਪ੍ਰਸ਼ਨ:-** ਤੁਹਾਡਾ ਕਵਿਤਾ ਵੱਲ ਝੁਕਾਅ ਕਿਉਂ ਤੇ ਕਿਵੇਂ ਹੋਇਆ ਅਤੇ ਤੁਸੀਂ ਆਪਣਾ ਸਾਹਿਤਕ ਗੁਰੂ ਕਿਸ ਨੂੰ ਮੰਨਦੇ ਹੋ?

**ਉੱਤਰ:-** ਕਵਿਤਾ ਨਾਲ ਮੇਰਾ ਸਬੰਧ ਵਿਰਸੇ ਤੋਂ ਹੈ। ਕਵਿਤਾ ਮੇਰੇ ਪਰਿਵਾਰ ਦੇ ਖ਼ੂਨ ਵਿਚ ਹੈ। ਮੇਰੇ ਪਿਤਾ ਜੀ ਸਟੇਜੀ ਕਵੀ ਸਨ। ਮੇਰੀ ਸਾਹਿਤਕ ਗੁਰੂ ਮੇਰੀ ਮਾਂ ਹੈ ਤੇ ਕਿਤਾਬਾਂ ਮੇਰੀਆਂ ਪ੍ਰੇਰਣਾ ਸਰੋਤ ਹਨ। ਸਾਰੇ ਹੀ ਵੱਡੇ ਲੇਖਕ ਮੇਰੇ ਲਈ ਮਾਰਗ ਦਰਸ਼ਕ ਹਨ।

**ਪ੍ਰਸ਼ਨ:-** ਤੁਹਾਡੀਆਂ ਕਵਿਤਾਵਾਂ ਵਿਚ ਪ੍ਰਤੀਕਾਂ ਤੇ ਬਿੰਬਾਂ ਦੀ ਏਨੀ ਬਹੁਤਾਤ ਕਿਉਂ ਹੈ?

**ਉੱਤਰ:-** ਹਰ ਸ਼ਬਦ ਦੀ ਇਕ ਧੁਨੀ ਹੈ ਤੇ ਧੁਨੀ ਵਿਚੋਂ ਵੱਖ-ਵੱਖ ਆਵਾਜ਼ਾਂ ਨਿਕਲਦੀਆਂ ਹਨ ਜਿਹੜੀਆਂ ਵਾਕ ਬਣਦੀਆਂ ਹਨ। ਹਰ ਪ੍ਰਤੀਕ ਜੀਵਨ ਦੇ ਵੱਖ-ਵੱਖ ਪੱਖਾਂ ਨੂੰ ਉਜਾਗਰ ਕਰਦਾ ਹੈ। ਅਸੀਂ ਸ਼ਬਦਾਂ ਦੇ ਖਲਾਰੇ 'ਚੋਂ ਪ੍ਰਤੀਕਾਂ ਨੂੰ ਵਰਤ ਕੇ ਕਵਿਤਾ ਦੇ ਅਰਥਾਂ ਨੂੰ ਬਹੁਪੱਖੀ ਬਣਾਉਂਦੇ ਹਾਂ।

**ਪ੍ਰਸ਼ਨ:-** ਤੁਹਾਡੀ ਸ਼ਾਇਰੀ ਵਿਚ ਰਿਸ਼ਤੇ ਅਤੇ ਸ਼ਬਦਾਂ ਵਿਚ ਅੰਤਰ ਕਿਉਂ ਹੈ?

**ਉੱਤਰ:-** (ਕੁੱਝ ਚੁੱਪ ਜਿਹੇ ਹੋ ਕੇ), ਅੰਤਰ ਨਾ ਰਿਸ਼ਤਿਆਂ ਵਿਚ ਹੈ ਤੇ ਨਾ ਹੀ ਸ਼ਬਦਾਂ ਵਿਚ ਕਵਿਤਾ ਵਿਚ ਜੋ ਬਿੰਦੂ ਲਾਏ ਹਨ ਉਹ ਰਿਸ਼ਤਿਆਂ ਨੂੰ ਪ੍ਰਭਾਸ਼ਿਤ ਕਰਦੇ ਹਨ। ਅੰਤਰ ਵਿਚ ਵੀ ਕਵਿਤਾ ਹੈ ਜਿੱਥੇ ਸ਼ਬਦ ਨਹੀਂ ਅੰਤਰ ਹੈ ਉੱਥੇ ਵੀ ਕਵਿਤਾ ਤੇ ਮਨੁੱਖ ਦੇ ਰਿਸ਼ਤੇ ਦਾ ਇਕ ਉਹ ਰੂਪ ਹੈ ਜਿੱਥੇ ਮਨੁੱਖ ਨਾਲ ਕਵਿਤਾ ਡੂੰਘੇ ਅਰਥ ਸਿਰਜ ਜਾਂਦੀ ਹੈ। ਅਸਲ ਗੱਲ ਤਾਂ ਇਹ ਹੈ ਕਿ ਪਾਠਕ ਉਸ ਸਪੇਸ ਵਿਚੋਂ ਵੀ ਕਵਿਤਾ ਦੀ ਧੁਨੀ ਨੂੰ ਮਹਿਸੂਸ ਕਰਦਾ ਹੈ।

**ਪ੍ਰਸ਼ਨ:-** ਤੁਹਾਡੀ ਕਵਿਤਾ ਵਿਚ ਇਕ ਤਲਾਸ਼ ਹੈ ਉਹ ਤਲਾਸ਼ ਕਿਸ ਦੀ ਹੈ? ਅਹਿਸਾਸ ਹਨ ਜਾਂ ਕੋਈ...?

**ਉੱਤਰ:-** (ਥੋੜ੍ਹਾ ਮੁਸਕੁਰਾਉਂਦੇ ਹੋਏ) ਅਸਲ ਵਿਚ ਮੇਰੀ ਕਵਿਤਾ ਮਨੁੱਖ ਅੰਦਰਲੇ ਉਸ ਮਨੁੱਖ ਦੀ ਤਲਾਸ਼ ਹੈ ਜਿਸ ਵਿਚੋਂ ਬੰਦਾ ਗਵਾਚ ਗਿਆ ਹੈ। ਸੋਚ ਅੰਦਰਲੀ ਸੁੱਚ ਦੀ ਤਾਂਘ ਹੈ। ਮਕਾਨਾਂ 'ਚੋਂ ਘਰ, ਬੇਗਾਨਿਆਂ ਤੋਂ ਅਪਣੱਤ, ਰੌਲੇ ਵਿਚੋਂ ਚੁੱਪ, ਸ਼ੋਰ ਵਿਚੋਂ ਸੁਰ ਅਤੇ ਵਿਰਾਨਗੀਆਂ ਵਿਚੋਂ ਰੰਗਾਂ ਦੀ ਭਾਲ ਹੈ ਨਾ ਕਿ ਕੁੱਝ ਹੋਰ।

**ਪ੍ਰਸ਼ਨ:-** ਤੁਹਾਡੀ ਕਵਿਤਾ ਦਾ ਕੇਂਦਰੀ ਧੁਰਾ ਘਰ ਹੈ ਤੁਸੀਂ ਘਰ ਦਾ ਸੰਕਲਪ ਕਿਹੋ ਜਿਹਾ ਮਹਿਸੂਸਦੇ ਹੋ?

**ਉੱਤਰ:-** ਘਰ ਮੇਰੀ ਕਵਿਤਾ ਦੇ ਕੇਂਦਰ ਵਿਚ ਹੀ ਨਹੀਂ ਸਗੋਂ ਮੇਰੇ ਸਾਹਾਂ ਵਿਚ ਘਰ ਹੀ ਗੂੰਜਦਾ ਹੈ। ਘਰ ਦਾ ਅਰਥ ਸਿਰਫ਼ ਕੰਧਾਂ ਨਹੀਂ, ਜਿਉਂਦੀ ਜਾਗਦੀ ਧੜਕਦੀ ਜ਼ਿੰਦਗੀ ਦਾ ਨਾਮ ਘਰ ਹੈ। ਜਿੱਥੇ ਝਾਂਜਰ ਦੇ ਬੋਲ, ਮਧਾਣੀ ਦੀ ਗੂੰਜ, ਬੱਚੇ ਦੀ ਕਿਲਕਾਰੀ, ਮੁਟਿਆਰ ਦੀ ਫੁੱਲਕਾਰੀ, ਬਨੇਰੇ ’ਤੇ ਜਗਦੇ ਦੀਵੇ, ਬੂਹੇ ਤੋਂ ਖਾਲੀ ਨਾ ਮੁੜਨ ਵਾਲੇ ਰਮਤੇ ਜੋਗੀਆਂ ਨੂੰ ਮੈਂ ਉਹ ਘਰ ਗਿਣਦਾ ਹਾਂ ਜਿਸ ਵਿਚ ਬਚਪਨ ਤੋਂ ਬੁਢਾਪੇ ਤਕ ਹਰ ਅਹਿਸਾਸ ਉੱਸਲਵੱਟੇ ਲੈਂਦਾ ਹੈ।

**ਪ੍ਰਸ਼ਨ:-** ਤੁਹਾਡੀ ਸਿਰਜਣ ਪ੍ਰਕਿਰਿਆ ਦਾ ਅਹਿਮ ਪਹਿਲੂ ਕੀ ਹੈ?

**ਉੱਤਰ:-** ਕਵੀ ਵੀ ਮਨੁੱਖ ਹੁੰਦਾ ਹੈ। ਮਨੁੱਖ ਦੀਆਂ ਭਾਵਨਾਵਾਂ ਨੂੰ ਵੀ ਕਵੀ ਹੀ ਸਿਰਜਦਾ ਹੈ। ਸਿਰਜਣਾ ਦੇ ਪਲ ਅਹਿਮ ਹੁੰਦੇ ਹਨ ਪਰ ਇਹ ਪਲ ਮਨੁੱਖ ਕੋਲ ਉਦੋਂ ਤੀਕ ਹੀ ਸੁਰੱਖਿਅਤ ਰਹਿੰਦੇ ਹਨ ਜਦੋਂ ਤੀਕ ਉਹ ਕਾਗਜ਼ਾਂ ’ਤੇ ਨਹੀਂ ਉੱਤਰਦੇ। ਮਨੁੱਖ ਅੰਦਰ ਕਾਵਿਕ ਛਿਣ ਅਹਿਸਾਸ, ਅਹਿਸਾਸਾਂ ਨੂੰ ਸਮਝਣ, ਉਨ੍ਹਾਂ ਦੀ ਪਕੜ ਤੇ ਉਨ੍ਹਾਂ ਨੂੰ ਕਾਵਿਕ ਮੁਹਾਂਦਰੇ ਵਿਚ ਸਿਰਜਣ ਦੀ ਸਮਰੱਥਾ ਕਵੀ ਵਿਚ ਹੁੰਦੀ ਹੈ।

ਸੂਖਮਤਾ ਅਤੇ ਸਹਿਜਤਾ ਉਸ ਕੋਲ ਆਪ-ਮੁਹਾਰੇ ਆਉਂਦੀ ਹੈ। ਗੰਭੀਰਤਾ ਪਰਤਾਂ ਖੋਲ੍ਹਦੀ ਹੈ। ਹਰਫ਼ ਕਤਾਰ ਬਣ ਪੰਛੀਆਂ ਵਾਂਗ ਉਡਾਰੀ ਭਰਦੇ ਹਨ। ਕਵਿਤਾ ਕਦੇ ਖਾਮੋਸ਼ੀ, ਕਦੇ ਰੋਹ ਦੇ ਆਲਮ ਵਿਚ, ਕਦੇ ਅੱਖ ਸਿੰਮਦੀ ਹੈ ਕਦੇ ਚੁੱਪ ਬੋਲਦੀ ਹੈ। ਇਹ ਚੁੱਪ ਹੀ ਕਵਿਤਾ ਦਾ ਰੂਪ ਧਾਰਦੀ ਹੈ।

**ਪ੍ਰਸ਼ਨ:-** ਤੁਸੀਂ ਕਵਿਤਾ ਨਾਲ ਆਪਣਾ ਰਿਸ਼ਤਾ ਕਿਸ ਤਰ੍ਹਾਂ ਦਾ ਮੰਨਦੇ ਹੋ?

**ਉੱਤਰ:-** ਕਵਿਤਾ ਨਾਲ ਮੇਰਾ ਰਿਸ਼ਤਾ ਬਹੁਤ ਨਿੱਘਾ, ਪਿਆਰ ਵਾਲਾ ਤੇ ਮਿੱਠਾ ਜਿਹਾ ਅਹਿਸਾਸ ਹੈ ਕਿਉਂ ਕਿ ਕਵਿਤਾ ਮੇਰੀ ਮਾਂ ਵੀ, ਭੈਣ ਵੀ, ਧੀ ਵੀ, ਪਤਨੀ ਵੀ ਤੇ ਮਹਿਬੂਬਾ ਵੀ ਹੈ।

**ਪ੍ਰਸ਼ਨ:-** ਤੁਸੀਂ ਆਪਣੀ ਨਵੀਂ ਕਿਤਾਬ ਪਾਠਕਾਂ ਦੇ ਰੂ-ਬ-ਰੂ ਕਦੋਂ ਕਰਵਾਉਂਗੇ?

**ਉੱਤਰ:-** ਹਾਂ ਜੀ ਬੱਚੇ ਮੇਰੀ ਇਕ ਕਿਤਾਬ ‘ਆਟੇ ਦੇ ਦੀਵੇ’ ਜਲਦੀ ਹੀ ਆ ਰਹੀ ਹੈ ਜਿਸ ਵਿਚ ਮੇਰੇ ਪਹਿਲਾਂ ਵਾਲੇ ਛੇ ਕਾਵਿ ਸੰਗ੍ਰਹਿਆਂ ਵਿਚੋਂ ਚੋਣਵੀਆਂ ਕਵਿਤਾਵਾਂ ਹਨ। ਪਹਿਲਾਂ ਖੜਾਵਾਂ ’ਤੇ ਕਿਤਾਬ ਆਈ ਸੀ ‘ਆਲੋਚਕ ਆਖਦੇ

ਨੇ' ਹੁਣ ਮਹਾਂਕੰਬਣੀ ਤੇ 'ਆਲੋਚਕ ਆਖਦੇ ਨੇ' ਕਿਤਾਬ ਵੀ ਜਲਦ ਹੀ ਪਾਠਕਾਂ ਦੇ ਰੁਬਰੂ ਕਰਵਾਈ ਜਾਵੇਗੀ। ਵੈਸੇ ਮੇਰਾ ਸੱਤਵਾਂ ਕਾਵਿ ਸੰਗ੍ਰਹਿ ਅੱਧਾ ਤਿਆਰ ਹੈ ਤੇ ਉਹ ਨਵੇਂ ਸਾਲ ਦੀ ਆਮਦ ਤੇ ਪਾਠਕਾਂ ਦੀ ਝੋਲੀ ਪਾਇਆ ਜਾਵੇਗਾ।

# ਸਥਾਪਨਾਵਾਂ ਅਤੇ ਸਿੱਟੇ

ਸਾਹਿਤ ਵਿਚ ਸੁਹਜ ਸਿਰਜਣਾ ਦੀ ਰੁਚੀ ਨੂੰ ਹੋਰ ਪ੍ਰਚੰਡ ਕਰਨ ਲਈ ਆਪਣੇ ਜੀਵਨ ਅਨੁਭਵ ਨੂੰ ਆਧਾਰ ਬਣਾ ਕੇ ਮਨੁੱਖ ਨੇ ਕਾਵਿ-ਸਿਰਜਣਾ ਦੇ ਖੇਤਰ ਵਿਚ ਪੈਰ ਪਾਇਆ ਹੈ। ਕਵਿਤਾ ਦਿਲ ਦੀ ਬੋਲੀ ਹੋਣ ਕਾਰਨ ਜਿੱਥੇ ਪਲੇਠਾ ਸਾਹਿਤ ਰੂਪ ਹੋਣ ਦਾ ਮਾਣ ਰੱਖਦੀ ਹੈ ਉੱਥੇ ਨਾਲ ਹੀ ਇਹ ਮਨੁੱਖੀ ਹਾਵਾਂ-ਭਾਵਾਂ, ਆਸ਼ਾਵਾਂ/ਉਮੰਗਾਂ ਨੂੰ ਵੀ ਸਮੂਰਤ ਰੂਪ ਪ੍ਰਦਾਨ ਕਰਦੀ ਹੈ। ਕਵਿਤਾ ਦੇ ਰੂਪ ਰਾਹੀਂ ਨਾ ਸਿਰਫ਼ ਭਾਵਨਾਵਾਂ ਤੇ ਵਿਚਾਰਾਂ ਨੂੰ ਹੀ ਪ੍ਰਗਟਾਇਆ ਜਾ ਸਕਦਾ ਹੈ ਬਲਕਿ ਇਸ ਰਾਹੀਂ ਸਮੁੱਚਾ ਮਨੁੱਖੀ ਵਿਅਕਤਿਤਵ ਸਾਡੇ ਸਨਮੁੱਖ ਹੁੰਦਾ ਹੈ। ਇਸ ਕਰਕੇ ਕਵੀ ਦਾ ਜਨ ਸਾਧਾਰਨ ਨਾਲੋਂ ਵਧੇਰੇ ਬੌਧਿਕ ਅਤੇ ਸੰਵੇਦਨਸ਼ੀਲ ਹੋਣਾ ਜ਼ਰੂਰੀ ਮੰਨਿਆ ਗਿਆ ਹੈ ਕਿਉਂ ਕਿ ਕਿਸੇ ਵੀ ਕਾਵਿ ਕਿਰਤ ਵਿਚੋਂ ਕਵੀ ਦੀ ਸੰਵੇਦਨਾਤਮਕ ਸੂਝ ਝਲਕਦੀ ਹੈ ਅਤੇ ਜੀਵਨ ਅਨੁਭਵ ਦੀ ਸਹਾਇਤਾ ਨਾਲ ਅਹਿਸਾਸ ਦੀ ਪੱਧਰ ਉੱਤੇ ਪ੍ਰਗਟਾਏ ਗਏ ਭਾਵ ਸਮਰੱਥਾ ਦੇ ਧਾਰਨੀ ਹੋ ਨਿਬੜਦੇ ਹਨ। ਦਰਅਸਲ ਕਵਿਤਾ ਰਾਹੀਂ ਕਵੀ ਆਪਣੇ ਅਹਿਸਾਸਾਂ ਨੂੰ ਆਵਾਜ਼ ਦਿੰਦਾ ਹੈ। ਇਹ ਅਹਿਸਾਸ ਕਿਸੇ ਹੱਦ ਤੱਕ ਕਵੀ ਦੀ ਨਿਜੀ ਸ਼ਖ਼ਸੀਅਤ ਦੀ ਕਾਵਿ ਸਿਰਜਣਾ ਵਿਚ ਸਹਾਈ ਹੁੰਦੇ ਹਨ। ਸ਼ਖ਼ਸੀਅਤ ਤੇ ਸ਼ਾਇਰੀ ਦਾ ਬਹੁਤ ਗਹਿਰਾ ਸਬੰਧ ਹੈ।

ਕਵਿਤਾ ਕਵੀ ਮਨ ਦੇ ਆਲੇ-ਦੁਆਲੇ ਪਸਰੇ ਸਰੋਕਾਰਾਂ ਵਿਚੋਂ ਪੈਦਾ ਹੁੰਦੀ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਜੇਕਰ ਹੁਨਰ ਹੈ ਤਾਂ ਕਵਿਤਾ ਹੈ ਕਿਉਂ ਕਿ ਕਵਿਤਾ ਮਨੁੱਖੀ ਹਿਰਦਿਆਂ ਵਿਚ, ਸਿਮਰਤੀਆਂ ਵਿਚ, ਭਾਵਨਾਵਾਂ ਵਿਚ ਸਮਾਈ ਹੋਈ ਹੈ। ਕਾਵਿ ਅਜਿਹਾ ਅਧਿਐਨ ਹੈ ਜਿਸ ਰਾਹੀਂ ਸਿਰਜਣਾ ਦੀ ਰੁਚੀ ਵੀ ਪ੍ਰਚੰਡ ਹੋ ਜਾਂਦੀ ਹੈ ਤੇ ਕਵੀ ਦੀਆਂ ਭਾਵਨਾਵਾਂ ਵੀ ਉਜਾਗਰ ਹੋ ਜਾਂਦੀਆਂ ਹਨ। ਇਹ ਤਾਂ ਸਹਿਜ ਸੁਭਾਵਕ ਹੈ ਕਿ ਕਵੀ ਸਮਾਜ ਦੀਆਂ ਰਾਜਸੀ, ਆਰਥਕ, ਸਮਾਜਕ ਤੇ ਸਭਿਆਚਾਰਕ ਸਥਿਤੀਆਂ ਨੂੰ ਕਾਵਿ ਵਿਚ ਪੇਸ਼ ਕਰਦਾ ਹੈ। ਕਲਮ ਇਕ ਕਵੀ ਦਾ ਸਭ ਤੋਂ ਵੱਡਾ ਹਥਿਆਰ ਹੁੰਦੀ ਹੈ।

ਦਰਸ਼ਨ ਬੁੱਟਰ ਪੰਜਾਬੀ ਕਾਵਿ ਜਗਤ ਵਿਚ ਬਹੁਪੱਖੀ ਪ੍ਰਤਿਭਾ ਦਾ ਸ਼ਾਇਰ ਹੈ। ਉਹ ਪਿਛਲੇ ਡੇਢ ਦਹਾਕੇ ਤੋਂ ਨਿਰੰਤਰ ਸਾਹਿਤ ਸਿਰਜਣਾ ਨਾਲ ਜੁੜਿਆ ਹੋਇਆ ਹੈ। ਵਿਲੱਖਣ ਸੁਰ ਤੇ ਨਿਵੇਕਲੀ ਕਾਵਿ ਦ੍ਰਿਸ਼ਟੀ ਰਾਹੀਂ ਉਸ ਨੇ ਇਕ ਚਿੰਤਨਸ਼ੀਲ ਕਵੀ ਵਜੋਂ ਆਪਣਾ ਮੁਕਾਮ ਹਾਸਿਲ ਕੀਤਾ ਹੈ। ਉਹ ਪੰਜਾਬੀ ਕਾਵਿ ਜਗਤ ਵਿਚ ਇਕ ਉਸਾਰੂ ਤੇ ਸੇਧ ਦੇਣ ਵਾਲਾ ਪੱਖ ਲੈ ਕੇ ਹਾਜ਼ਰ ਹੋਇਆ ਹੈ।

ਕਿਸੇ ਲੇਖਕ ਦੀ ਰਚਨਾ ਉਸ ਦੀ ਸ਼ਖ਼ਸੀਅਤ, ਵਿਚਾਰਧਾਰਾ, ਚੇਤਨ-ਅਵਚੇਤਨ ਤੇ ਪ੍ਰਸਥਿਤੀਆਂ ਵਿਚੋਂ ਹੀ ਆਪਣਾ ਸਥਾਨ ਗ੍ਰਹਿਣ ਕਰਦੀ ਹੈ। ਹਰ ਕਾਬਲ ਸਾਹਿਤਕਾਰ ਸਮੇਂ ਦੇ ਤਤਕਾਲੀ ਵਰਤਾਰਿਆਂ ਤੋਂ ਪ੍ਰਭਾਵਿਤ ਹੁੰਦਾ ਹੈ ਅਤੇ ਇਨ੍ਹਾਂ ਨੂੰ ਸੁਹਜਮਈ ਰੂਪ ਦੇ ਕੇ ਆਪਣੀ ਕਿਰਤ ਵਿਚ ਢਾਲਦਾ ਹੈ। ਦਰਸ਼ਨ ਬੁੱਟਰ ਨੇ ਵੀ ਆਪਣੇ ਵੇਲੇ ਦੇ ਸਮਾਜਕ ਯਥਾਰਥ ਨੂੰ ਆਪਣੀ ਸ਼ਾਇਰੀ ਵਿਚ ਸ਼ਾਮਿਲ ਕੀਤਾ ਹੈ। ਉਸ ਦੀ ਸ਼ਾਇਰੀ ਬੌਧਿਕ ਚਿੰਤਨ ਦੀ ਸ਼ਾਇਰੀ ਹੈ

ਪਰ ਪਿਆਰ ਕਾਵਿ ਉਸ ਦੇ ਅਵਚੇਤਨ ਵਿਚ ਪਿਆ ਹੈ। ਉਸ ਦੀ ਸ਼ਾਇਰੀ ਬੌਧਿਕਤਾ ਤੋਂ ਭਾਵੁਕਤਾ ਤਕ ਦਾ ਸਫ਼ਰ ਤੈਅ ਕਰਦੀ ਹੈ। ਜੋ ਪਿਛਲੇ ਕੁੱਝ ਸਮੇਂ ਤੋਂ ਕਾਵਿ ਸੰਵੇਦਨਾ ਦੀਆਂ ਰਾਹਾਂ ਵਿਚ ਆਪਣੇ ਕਦਮਾਂ ਦੇ ਨਿਸ਼ਾਨ ਉਲੀਕਦਾ ਆ ਰਿਹਾ ਹੈ। ਉਹ ਪ੍ਰਤਿਭਾਸ਼ਾਲੀ ਤੇ ਚੇਤੰਨ ਕਵੀ ਹੈ, ਉਹ ਇਕ ਵਧੀਆ ਕਵੀ ਤੇ ਗ਼ਜ਼ਲਕਾਰ ਹੈ। ਉਸ ਨੇ ਪੰਜਾਬੀ ਕਾਵਿ ਵਿਚ ਗਿਣਾਤਮਕ ਪੱਖੋਂ ਘੱਟ ਪਰ ਗੁਣਾਤਮਕ ਪੱਖੋਂ ਬਹੁਤ ਅਹਿਮ ਹਿੱਸਾ ਪਾਇਆ ਹੈ। ਉਹ ਗੁੱਝੀਆਂ ਪਰਤਾਂ ਨੂੰ ਆਪਣੀ ਕਾਵਿ-ਚੇਤਨਾ ਰਾਹੀਂ ਉਘਾੜਦਾ ਹੈ ਤੇ ਨਿੱਤ ਨਵੀਆਂ ਪੈੜਾਂ ਸਿਰਜਣ ਵੱਲ ਅਗਰਸਰ ਰਹਿੰਦਾ ਹੈ। ਉਹ ਕਵਿਤਾ ਪੱਖੋਂ ਕਾਫੀ ਚਿੰਤਨਸ਼ੀਲ ਰਹਿੰਦਾ ਹੈ। ਉਸ ਨੇ ਆਪਣੀ ਕਵਿਤਾ ਵਿਚ ਨਵੇਂ ਆਸਾਰ ਲਿਆਂਦੇ ਹਨ।

ਦਰਸ਼ਨ ਬੁੱਟਰ ਇਕ ਸਥਾਪਤ ਕਵੀ ਹੈ। ਉਸ ਦੇ ਕਾਵਿ ਮੁਹਾਂਦਰੇ ਵਿਚ ਅਮਾਨਵੀ ਕੀਮਤਾਂ ਨਾਲ ਸੰਘਰਸ਼ ਤੇ ਮਾਨਵੀ ਕੀਮਤਾਂ ਵਿਚ ਦਿਲਦਸਪੀ ਮਿਲਦੀ ਹੈ। ਬੇਸ਼ਕ ਪੰਜਾਬੀ ਕਾਵਿ ਬੜਾ ਲੰਮਾ ਰਸਤਾ ਤੈਅ ਕਰ ਚੁਕਿਆ ਹੈ ਪਰ ਫਿਰ ਵੀ ਹਰ ਸਮੇਂ, ਹਰ ਯੁੱਗ, ਹਰ ਪਰਸਥਿਤੀ ਵਿਚ ਉਸ ਦੀ ਇਕ ਅਲੱਗ ਪਹਿਚਾਣ ਤੇ ਵਿਚਾਰਧਾਰਾ ਬਣਦੀ ਰਹੀ ਹੈ। ਬੁੱਟਰ ਦਾ ਚੇਤੰਨ ਕਵੀ ਵਿਸ਼ਵ ਚੇਤਨਾ ਦਾ ਸਿਰਜਕ ਬਣਦਾ ਹੈ। ਬੁੱਟਰ ਅਜੋਕੇ ਸਮਾਜ ਦੇ ਮੂਲ ਦਵੰਦਾਂ ਦਾ ਵਿਸ਼ਲੇਸ਼ਣ ਕਰਦਿਆਂ ਆਪਣੀ ਸੰਪੂਰਨ ਦ੍ਰਿਸ਼ਟੀ ਨਾਲ ਯਥਾਰਥ ਦੀ ਗਹਿਰਾਈ ਵਿਚ ਜਾ ਕੇ ਵਿਸ਼ਵ ਚੇਤਨਾ ਦਾ ਵਿਕਾਸ ਕਰਦਾ ਹੈ ਤੇ ਜੀਵਨ ਦੇ ਵਿਆਪਕ ਪਾਸਾਰ ਦੀ ਵਿਆਖਿਆ ਕਰਦਾ ਹੈ। ਉਹ ਆਧੁਨਿਕਤਾ ਦੇ ਸੰਕੰਲਪ ਵਿਚਲੀ ਦਵੰਦਾਤਮਕਤਾ ਤੇ ਅਗਾਂਹਵਧੂ ਸਮਿਆਂ ਦੇ ਜ਼ੋਰ ਨਾਲ ਸਮਕਾਲੀ ਯਥਾਰਥ ਵਿਚ ਮਾਨਵੀ ਸਰੋਕਾਰਾਂ ਨੂੰ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਦਰਸ਼ਨ ਬੁੱਟਰ ਦੀ ਸ਼ਾਇਰੀ ਦਾ ਕੇਂਦਰੀ ਨੁਕਤਾ ਜ਼ਿੰਦਗੀ ਹੈ, ਜੋ ਸਮਕਾਲੀ ਸੱਚ ’ਚੋਂ ਨਵੇਂ ਅਰਥਾਂ ਤਹਿਤ ਪੇਸ਼ ਹੋ ਰਹੀ ਹੈ। ਉਹ ਜ਼ਿੰਦਗੀ ਨੂੰ ਮਾਨਵੀ ਮੂਲਾਂ ਦੀ ਧਰੋਹਰ ਬਣਾ ਜ਼ਿੰਦਗੀ ਨੂੰ ਅਤੀਤ, ਭਵਿੱਖ ਤੇ ਵਰਤਮਾਨ ਦੇ ਝਰੋਖੇ ਚੋਂ ਵੇਖਦਾ ਹੋਇਆ, ਪਿਛਾਂਹ ਤੇ ਭੱਦੀ ਸੋਚ ਦੇ ਵਰਤਾਰਿਆਂ ਨਾਲ ਜੂਝਦਾ ਤੇ ਲੜਦਾ ਦੇਖਿਆ ਜਾ ਸਕਦਾ ਹੈ।

ਅਸੀਂ ਆਪਣੇ ਵਿਆਖਿਆਮਈ ਖੋਜ-ਪ੍ਰਬੰਧ ਦਾ ਸਾਰ ਤੱਤ ਪੇਸ਼ ਕਰਦੇ ਹਾਂ। ਅਸੀਂ ਹੱਥਲੇ ਖੋਜ-ਪ੍ਰਬੰਧ **ਦਰਸ਼ਨ ਬੁੱਟਰ ਦੇ ਕਾਵਿ ਜਗਤ ਦੇ ਪ੍ਰਮੁੱਖ ਸਰੋਕਾਰ ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਦੇ ਵਿਸ਼ੇਸ਼ ਸੰਦਰਭ ਵਿਚ** ਵਿਚ ਦਰਸ਼ਨ ਬੁੱਟਰ ਦੀਆਂ ਤਿੰਨ ਕਾਵਿ ਪੁਸਤਕਾਂ ਵਿਚ ਪ੍ਰਮੁੱਖ ਸਰੋਕਾਰਾਂ ਦਾ ਅਧਿਐਨ ਕੀਤਾ ਹੈ। ਪਹਿਲੇ ਅਧਿਆਇ ਵਿਚ ਅਸੀਂ ਪੰਜਾਬੀ ਕਵਿਤਾ ਦਾ ਸਿਧਾਂਤ ਤੇ ਇਤਿਹਾਸ ਦਾ ਅਧਿਐਨ ਕੀਤਾ ਹੈ। ਦੂਜੇ ਅਧਿਆਇ ਵਿਚ ਦਰਸ਼ਨ ਬੁੱਟਰ ਦੀ ਜੀਵਨ ਅਤੇ ਰਚਨਾਤਮਕ ਸਫ਼ਰ ਦਾ ਅਧਿਐਨ ਕੀਤਾ ਹੈ। ਤੀਜੇ ਅਧਿਆਇ ਵਿਚ ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਵਿਚਲੇ ਇਤਿਹਾਸਕ, ਸਮਾਜਕ, ਮਾਨਵੀ, ਨਾਰੀਵਾਦੀ, ਪ੍ਰਕਿਰਤੀ, ਵਿਸ਼ਵੀ ਸਰੋਕਾਰਾਂ ਦਾ ਨਿੱਠ ਕੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੌਥੇ ਅਧਿਆਇ ਵਿਚ ਦਰਸ਼ਨ ਬੁੱਟਰ ਦੀਆਂ ਕਾਵਿਕ ਜੁਗਤਾਂ ਦਾ ਸਰੰਚਨਾਤਮਕ ਪਹੁੰਚ ਦ੍ਰਿਸ਼ਟੀ ਦੁਆਰਾ ਨਿੱਠ ਕੇ ਅਧਿਐਨ ਕੀਤਾ ਹੈ।

ਦਰਸ਼ਨ ਬੁੱਟਰ ਦੀਆਂ ਤਿੰਨ ਕਾਵਿ ਪੁਸਤਕਾਂ ਦੇ ਸਮੁੱਚੇ ਅਧਿਐਨ ਤੋਂ ਉਸ ਵਿਚਲੇ ਕਾਵਿ ਸਰੋਕਾਰ ਰੂਪਮਾਨ ਹੁੰਦੇ ਹਨ। ਇਸ ਵਿਚ ਸਮਾਜਕ, ਇਤਿਹਾਸਕ, ਮਾਨਵੀ, ਨਾਰੀਵਾਦੀ, ਵਿਸ਼ਵੀਕਰਨ, ਪ੍ਰਕਿਰਤੀਵਾਦੀ, ਰੁਮਾਂਸਵਾਦੀ ਪੱਖ

ਉੱਭਰ ਕੇ ਆਉਂਦੇ ਹਨ। ਦਰਸ਼ਨ ਬੁੱਟਰ ਇਤਿਹਾਸਕ ਨਾਇਕਾਂ ਨੂੰ ਆਪਣੀ ਕਵਿਤਾਵਾਂ ਰਾਹੀਂ ਪੇਸ਼ ਕਰਦਾ ਹੋਇਆ ਅਜੋਕੇ ਦੌਰ ਵਿੱਚ ਮਨੁੱਖ ਦੀ ਹੋਣੀ, ਸਮਾਜਕ, ਆਰਥਕ ਦੀ ਨਾ ਬਰਾਬਰੀ ਅਤੇ ਅਨਿਆਂ ਖਿਲਾਫ਼ ਆਪਣੀ ਕਵਿਤਾਵਾਂ ਰਾਹੀਂ ਮਨੁੱਖ ਦੀ ਦਿਸ਼ਾ ਅਤੇ ਦਸ਼ਾ ਨੂੰ ਪੇਸ਼ ਕਰਦਾ ਹੈ। ਬੁੱਟਰ ਦੀ ਕਵਿਤਾ ਵਿਚ ਜ਼ਿੰਦਗੀ ਨੂੰ ਉਹ ਪਿਆਰ ਵਿਹੂਣੀ ਸਵੀਕਾਰਦਾ ਹੈ। ਉਸ ਅਨੁਸਾਰ ਮੁਹੱਬਤ ਮਨੁੱਖ ਲਈ ਹਨੇਰੇ ਵਿਚ ਰਾਹ ਦਸੇਰਾ ਬਣਦੀ ਹੈ ਅਤੇ ਸ਼ਾਂਤੀ ਨਾਲ ਮੰਜ਼ਲ ਵੱਲ ਪਹੁੰਚਾਉਣ ਦਾ ਯਤਨ ਵੀ ਕਰਦੀ ਹੈ। ਉਹ ਨਦੀ ਤੇ ਸਾਗਰ ਦੀ ਗੱਲ ਕਰਦਿਆਂ ਅਸਲ ਵਿਚ ਔਰਤ ਮਰਦ ਦੀ ਗੱਲਬਾਤ ਨੂੰ ਆਪਣੀ ਕਵਿਤਾ ਰਾਹੀਂ ਬਿਆਨ ਕਰਦਾ ਹੈ।ਦਰਸ਼ਨ ਬੁੱਟਰ ਦੀਆਂ ਸਾਰੀਆਂ ਕਵਿਤਾਵਾਂ ਸੰਜੀਦਾ ਅਤੇ ਸੋਚਵਾਨ ਸ਼ਾਇਰੀ ਨੂੰ ਪ੍ਰਗਟ ਕਰਦੀਆਂ ਹਨ। ਇਕ ਖੂਬਸੂਰਤ ਸੁਨੇਹਾ ਤੇ ਮਨ ਵਿਚ ਧੂਹ ਪਾਉਂਦੀ ਲਹਿਰ ਹਰ ਕਵਿਤਾ ਦਾ ਹਿੱਸਾ ਹੈ। ਬੁੱਟਰ ਦੇ ਮੱਥੇ ਵਿਚ ਜਾਗੀਆਂ ਜਿਗਿਆਸਾਵਾਂ ਨੇ ਜਿਨ੍ਹਾਂ ਦੇ ਉਤਰ ਉਹ ਆਪਣੀ ਰੂਹ ਤੋਂ ਪੁੱਛਦਾ ਹੈ ਜੋ ਖਿਆਲਾਂ ਦੇ ਸਮੁੰਦਰ ਕਿਨਾਰੇ ਹੀ ਨਹੀਂ ਸਗੋਂ ਜੀਵਨ ਦੇ ਚੱਪੇ-ਚੱਪੇ ਵਿਚ ਵਿਛੀਆਂ ਪਈਆਂ ਹਨ ਇਨ੍ਹਾਂ ਪੈੜਾਂ ਦੀਆਂ ਆਕਰਿਤੀਆਂ ਮਨੁੱਖੀ ਮਨ ਨੂੰ ਸਮੁੰਦਰ ਤੇ ਸਮਾਜ ਦੀ ਗਹਿਰਾਈ ਵੱਲ ਲੈ ਜਾਣਾ ਚਾਹੁੰਦੀਆਂ ਹਨ।ਉਹ ਰਿਸ਼ਤਿਆਂ ਦੀ ਤੁਲਨਾ ਗਲੇਸ਼ੀਅਰ ਨਾਲ ਕਰਦਾ ਹੈ। ਗਲੇਸ਼ੀਅਰ ਠੰਡਾ ਹੁੰਦਾ ਹੈ ਅਤੇ ਰਿਸ਼ਤਿਆਂ ਵਿਚ ਨਿੱਘ ਘੱਟਣ ਨਾਲ ਰਿਸ਼ਤੇ ਠੰਡੇ ਪੈਂਦੇ ਜਾ ਰਹੇ ਹਨ। ਠੰਡਾ ਪੈਣਾ ਮੌਤ ਦੇ ਸੰਕਲਪ ਵੱਲ ਵੱਧਣਾ ਹੈ। ਬੁੱਟਰ ਦੀ ਕਵਿਤਾ ਰਿਸ਼ਤਿਆਂ ਵਿਚ ਨਿੱਘ ਵੀ ਭਰਦੀ ਹੈ ਤੇ ਰਿਸ਼ਤਿਆਂ ਨੂੰ ਸੰਵਾਰਦੀ ਵੀ ਹੈ।

ਇਸ ਯੁੱਗ ਵਿਚ ਮਨੁੱਖ ਅਤੇ ਮਨੁੱਖ ਦੇ ਸੰਕਲਪ ਦੀ ਤਿੜਕਣ ਹੀ ਸਾਹਮਣੇ ਨਹੀਂ ਆਉਂਦੀ ਸਗੋਂ ਮਨੁੱਖ ਤੇ ਜ਼ਿੰਦਗੀ ਨਾਲ ਸੰਬੰਧਤ ਹੋਰ ਸਰੋਕਾਰ ਵੀ ਅਜਿਹੀ ਟੁੱਟ-ਭੱਜ ਦੇ ਸਨਮੁੱਖ ਹੁੰਦੇ ਹਨ। ਖਪਤ ਸਭਿਆਚਾਰ, ਖੰਡਿਤ ਸੰਵੇਦਨਾਵਾਂ ਉੱਤੇ ਸਵਾਰ ਹੋ ਕੇ ਚਾਰੇ ਦਿਸ਼ਾਵਾਂ ਵਿਚ ਫੈਲਦਾ ਹੈ। ਨਿਰਾਸ਼ਾ, ਵਿਸ਼ਾਦ, ਰੁਦਨ, ਉਦਾਸਹੀਣਤਾ ਦੇ ਇਸ ਦੌਰ ਵਿਚ ਦਰਸ਼ਨ ਬੁੱਟਰ ਦੀ ਕਵਿਤਾ ਖੰਡਿਤ ਹੋਏ ਮਨੁੱਖ ਦੀ ਮਾਨਵਤਾ ਨੂੰ ਪੇਸ਼ ਕਰਦੀ ਹੈ, ਇਸ ਨਾਲ ਉਸ ਦੀ ਮਨੁੱਖਤਾ ਪ੍ਰਤੀ ਪਹੁੰਚ ਵੀ ਸਪੱਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ।ਉਹ ਨਾਰੀ ਦੇ ਬਿੰਬ ਨੂੰ ਕਦੇ ਧਰਤੀ ਨਾਲ ਜੋੜਦਾ ਹੈ ਤੇ ਕਦੇ ਪਾਤਾਲ ਵਰਗੇ ਬਿੰਬਾਂ ਰਾਹੀਂ ਔਰਤ ਦੇ ਅਸਤਿਤਵ ਨੂੰ ਸ਼ਬਦਾਂ ਦੀ ਚਾਸ਼ਨੀ ਵਿਚ ਲਪੇਟ ਕੇ ਪੇਸ਼ ਕਰਦਾ ਹੋਇਆ ਔਰਤ ਦੀ ਸਹਿਣਸ਼ੀਲਤਾ ਦੀ ਗੱਲ ਕਰਦਾ ਹੈ। ਉਹ ਆਪਣੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਨਾਰੀਤਵ ਦੇ ਬਿੰਬ ਨੂੰ ਉਭਾਰਦਾ ਹੈ। ਉਹ ਜਾਣਦਾ ਹੈ ਕਿ ਔਰਤ ਕੇਵਲ ਸਿਰਜਣਹਾਰ ਹੀ ਨਹੀਂ ਸਗੋਂ ਮਨੁੱਖ ਦੀ ਹਮਸਫ਼ਰ ਵੀ ਹੈ।

ਜੀਵਨ ਵਿਚ ਵੱਧਦੇ ਆਰਥਕ ਪਾੜੇ ਬਾਰੇ ਬੁੱਟਰ ਸੁਚੇਤ ਹੈ ਕਿ ਇਸ ਆਰਥਕ ਕਾਣੀ ਵੰਡ ਦਾ ਅਸਲ ਜ਼ਿੰਮੇਵਾਰ ਕੌਣ ਹੈ। ਵਿਸ਼ਵੀਕਰਨ ਦੇ ਦੌਰ ਵਿਚ ਬਾਜ਼ਾਰ ਦੀ ਚਕਾਚੌਂਧ ਵਿਚ ਉਲਝੀ ਮੱਧਵਰਗੀ ਜ਼ਿੰਦਗੀ ਅਤੇ ਧਰਤੀ ਤੇ ਰੀਂਗਦੀ ਜ਼ਿੰਦਗੀ ਦੇ ਅਸਲ ਯਥਾਰਥ ਨੂੰ ਦਰਸ਼ਨ ਬੁੱਟਰ ਇਕ ਅੱਖ ਨਾਲ ਵੇਖਦਾ ਹੈ।ਦਰਸ਼ਨ ਬੁੱਟਰ ਉੱਤਰ ਆਧੁਨਿਕਵਾਦੀ ਦ੍ਰਿਸ਼ਟੀ ਰਾਹੀਂ ਸਭਿਆਚਾਰਕ ਤਨਾਉ ਤੋਂ ਵੀ ਮੁਕਤ ਨਹੀਂ ਕਿਉਂ ਕਿ ਉੱਤਰ ਆਧੁਨਿਕਵਾਦ ਦਾ ਆਪਣੇ ਅਤੀਤ ਨਾਲੋਂ ਟੁੱਟਣਾ ਇਸ ਦੀ ਇਤਿਹਾਸਕ ਸੰਵੇਦਨਹੀਨਤਾ ਨੂੰ ਪ੍ਰਗਟ ਕਰਦਾ ਹੈ ਭਾਵੇਂ ਉਹ ਅਤੀਤ ਨੂੰ ਭੁੱਲ

ਜਾਣਾ ਚਾਹੁੰਦਾ ਹੈ ਪਰ ਉਸ ਦੇ ਚੇਤਿਆਂ ਵਿਚ ਯਾਦਾਂ ਦਾ ਪਰਛਾਵਾਂ ਨਾਲ-ਨਾਲ ਤੁਰਦਾ ਹੈ ਜਿਹੜਾ ਅਚੇਤ ਜਾ ਸੁਚੇਤ ਰੂਪ ਵਿਚ ਬੁੱਟਰ ਦੀਆਂ ਕਵਿਤਾਵਾਂ ਵਿਚ ਨਜ਼ਰ ਆਉਂਦਾ ਹੈ। ਦਰਸ਼ਨ ਬੁੱਟਰ ਨੇ ਪੰਜਾਬ ਸੰਕਟ ਨਾਲ ਸਬੰਧਿਤ ਕਵਿਤਾਵਾਂ ਵੀ ਲਿਖੀਆਂ ਹਨ। ਪੰਜਾਬ ਵਿਚ ਫੈਲੀ ਮੂਲਵਾਦੀ ਖਾਲਸਤਾਨੀ ਲਹਿਰ ਹਾਕਮ ਜਮਾਤਾਂ ਦੀ ਛਤਰ ਛਾਇਆ ਹੇਠ ਵਧੀ ਤੇ ਜਿਸ ਨੇ ਪੰਜਾਬ ਦੀ ਆਰਥਿਕਤਾ, ਸਮਾਜਿਕਤਾ ਨੂੰ ਚੰਗੀ ਤਰ੍ਹਾਂ ਝੰਜੋੜਿਆ ਤੇ ਸੰਪਰਦਾਇਕਤਾ ਵਿਚ ਫਸਾ ਕੇ ਬੇਕਸੂਰ ਲੋਕਾਂ ਨੂੰ ਮਰਵਾ ਦਿੱਤਾ ਸੀ। ਦਰਸ਼ਨ ਬੁੱਟਰ ਨੇ ਪੰਜਾਬ ਸੰਕਟ ਦੇ ਮਨੁੱਖੀ ਮਨ ਉਤੇ ਪਏ ਪ੍ਰਭਾਵਾਂ ਨੂੰ ਅਤੀਤ ਅਤੇ ਵਰਤਮਾਨ ਦੇ ਪ੍ਰਸੰਗ ਵਿਚ ਰੱਖ ਕੇ ਪਰਖਿਆ ਹੈ। ਇਸ ਵਿਚ ਉਸ ਨੇ ਲੋਕਾਂ ਪ੍ਰਤੀ ਭਾਵਨਾ ਨੂੰ ਭਾਵੁਕਤਾ ਨਾਲ ਲੈਣ ਦੀ ਬਜਾਏ ਯਥਾਰਥਵਾਦੀ ਦ੍ਰਿਸ਼ਟੀ ਨਾਲ ਪ੍ਰਗਟਾਇਆ ਹੈ। ਉਹ ਆਪਣੀ ਹਰ ਕਵਿਤਾ ਵਿਚ ਕੁੱਝ ਪ੍ਰਸ਼ਨ ਉਠਾਉਂਦਾ ਹੈ ਅਤੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਆਪਣੇ ਕਾਵਿ ਅਧਿਐਨ ਰਾਹੀਂ ਪਾਠਕਾਂ ਦੇ ਸਨਮੁੱਖ ਕਰਦਾ ਹੈ। ਉਹ ਆਪਣੀਆਂ ਕਵਿਤਾਵਾਂ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਪਰਖਦਾ, ਨਿਰਖਦਾ ਹੋਇਆ ਸ਼ਬਦਾਂ ਦੇ ਜਾਲ ਤੋਂ ਮੁਕਤ ਹੋਇਆ ਕੁੱਝ ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ ਰਾਹੀਂ ਉਹ ਆਪਣੀਆਂ ਪੈੜਾਂ ਸਾਹਿਤ ਦੇ ਖੇਤਰ ਵਿਚ ਪਾਉਂਦਾ ਹੈ। ਉਸ ਦੀਆਂ ਕਵਿਤਾਵਾਂ ਜਿੱਥੇ ਪਾਠਕ ਨੂੰ ਝੰਜੋੜਦੀਆਂ ਹਨ ਉੱਥੇ ਸਮਾਜ ਵਿਚ ਫੈਲੀ ਅਰਾਜਕਤਾ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹੈ।

ਇਸ ਅਧਿਐਨ ਵਿਚ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਸੰਚਾਰ ਪੱਖੋਂ ਕਾਵਿਕ ਜੁਗਤਾਂ ਵਰਤਦਾ ਹੈ ਜਿਸ ਨਾਲ ਭਾਸ਼ਾਈ ਸੁਹਜ ਦੇ ਚਮਤਕਾਰ ਨਾਲ ਉਹ ਅਰੂਪ ਭਾਵਨਾਵਾਂ, ਪ੍ਰਕਿਰਤੀ ਤੇ ਜ਼ਿੰਦਗੀ ਦੇ ਗੁੱਝੇ ਭੇਦਾਂ ਜਾਂ ਮਨੁੱਖੀ ਮਨ ਦੀਆਂ ਤਰੰਗਾਂ ਨੂੰ ਇੰਨੀ ਖ਼ੂਬਸੂਰਤੀ ਨਾਲ ਚਿਤਰਦਾ ਹੈ ਕਿ ਸ਼ਬਦ ਵੀ ਰਾਗ, ਸੰਗੀਤ, ਨ੍ਰਿਤ ਦੇ ਜਾਦੂ ਵਾਂਗ ਪਾਠਕਾਂ ਦੇ ਮਨ ਤੇ ਛਾ ਜਾਂਦੇ ਹਨ।ਬੁੱਟਰ ਸੰਖੇਪ ਸ਼ਬਦਾਂ ਵਿਚ ਬਹੁ-ਅਰਥਾਂ ਵਾਲੀਆਂ ਕਵਿਤਾਵਾਂ ਸਿਰਜਣ ਵਾਲਾ ਸ਼ਾਇਰ ਹੈ। ਉਹ ਸੰਬੋਧਨੀ ਸ਼ੈਲੀ, ਪ੍ਰਸ਼ਨ-ਉੱਤਰ ਸ਼ੈਲੀ, ਸਵੈ ਤੇ ਨਾਇਕ ਸ਼ੈਲੀ ਦੀ ਵਰਤੋਂ ਕਰਦਾ ਹੈ। ਉਹ ਜਿੱਥੇ ਸੰਬੋਧਨੀ ਸ਼ੈਲੀ ਰਾਹੀਂ ਸਿੱਧਾ ਪਾਠਕ ਅਤੇ ਸਰੋਤੇ ਨੂੰ ਸੰਬੋਧਿਤ ਹੁੰਦਾ ਹੈ, ਉੱਥੇ ਪ੍ਰਸ਼ਨ ਮੂਲਕ ਸ਼ੈਲੀ ਰਾਹੀਂ ਪਾਠਕਾਂ ਅੱਗੇ ਪ੍ਰਸ਼ਨ ਖੜੇ ਕਰਦਾ ਹੈ ਤੇ ਉੱਤਰ ਲਈ ਤੱਤਪਰ ਬਣਾਉਂਦਾ ਹੈ। ਦਰਸ਼ਨ ਬੁੱਟਰ ਦੀ ਕਾਵਿਕ ਭਾਸ਼ਾ ਸਰਲ ਤੇ ਆਕਰਸ਼ਿਤ ਹੈ। ਉਸ ਦੀ ਭਾਸ਼ਾ ਸੁਹਜਾਤਮਕ ਪ੍ਰਭਾਵ ਤੇ ਸੁਆਦ ਪੈਦਾ ਕਰਨ ਵਾਲੀ ਹੈ। ਉਸ ਦੀ ਭਾਸ਼ਾ ਅਦਭੁਤ ਰੰਗਣ, ਕੋਮਲਤਾ, ਸੂਖਮਤਾ ਅਤੇ ਅਰਥਯੁਕਤਾ ਹੈ। ਉਸ ਦੀ ਭਾਸ਼ਾ ਕਾਵਿ ਵਸਤੂ ਨੂੰ ਡੂੰਘੀ ਤਹਿ ਤਕ ਲੈ ਜਾਂਦੀ ਹੈ।

ਦਰਸ਼ਨ ਬੁੱਟਰ ਨੂੰ ਛੋਟੀਆਂ ਨਜ਼ਮਾਂ ਦਾ ਵੱਡਾ ਕਵੀ ਕਿਹਾ ਜਾਂਦਾ ਹੈ। ਅਸਲ ਵਿਚ ਛੋਟੀ ਨਜ਼ਮ ਲਿਖਣੀ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਹੁੰਦੀ ਹੈ। ਕਈ ਵਾਰ ਪੂਰੀ ਕਿਤਾਬ ਵਿਚ ਇਕ ਵੀ ਸਤਰ ਕਵਿਤਾ ਨਹੀਂ ਹੁੰਦੀ ਪਰ ਬੁੱਟਰ ਇਕ ਹੀ ਸਤਰ ਵਿਚ ਪੂਰੇ ਜੀਵਨ ਅਨੁਭਵ ਨੂੰ ਪਰੋਣ ਦੀ ਸਮਰੱਥਾ ਰੱਖਦਾ ਹੈ।ਉਸ ਦੀ ਵਿਸ਼ੇਸ਼ ਕਾਵਿਕ ਜੁਗਤ ਹੈ ਕਿ ਉਹ ਸ਼ਬਦਾਂ ਦੇ ਆਡੰਬਰ ਵਿਚ ਨਹੀਂ ਉਲਝਦਾ ਸਗੋਂ ਆਪਣੇ ਅਨੁਭਵ ਨੂੰ ਬਿੰਬਾਂ ਰਾਹੀਂ ਪੇਸ਼ ਕਰਦਾ ਹੈ। ਉਹ ਕਿਤਾਬਾਂ ਲਈ ਕਵਿਤਾ ਨਹੀਂ ਲਿਖਦਾ ਸਗੋਂ ਕਵਿਤਾ ਲਈ ਕਿਤਾਬ ਲਿਖਦਾ ਹੈ। ਉਸ ਨੂੰ ਭਾਸ਼ਾ ਦਾ ਗਿਆਨ ਹੈ ਤੇ ਸੁਚੱਜੀ ਭਾਸ਼ਾ ਵਰਤਣ ਦਾ ਢੰਗ ਸਲੀਕਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਕਲਪਨਾ, ਬਿੰਬ, ਅਲੰਕਾਰ, ਪ੍ਰਤੀਕ,

ਰਸ, ਸੁਚੱਜੀ ਸ਼ਬਦ ਚੋਣ, ਮਿਲਾਪੜੀ ਭਾਸ਼ਾ ਆਦਿ ਕਾਵਿਕ ਜੁਗਤਾਂ ਨੂੰ ਸਹੀ ਤੇ ਢੁੱਕਵੀਂ ਥਾਂ ਦਿੰਦਾ ਹੈ। ਉਸ ਦੀ ਕਵਿਤਾ ਵਿਚ ਸੁਹਜ, ਸਹਿਜ ਅਤੇ ਸੱਚ ਸਮਾਏ ਹੋਏ ਹਨ। 'ਸੁਹਜ' ਤੋਂ ਭਾਵ ਮਨ ਨੂੰ ਭਾਉਣ ਵਾਲੀ ਕਵਿਤਾ ਜਿਹੜੀ ਪ੍ਰਚਾਰ ਕਰਦੀ ਹੋਵੇ ਤੇ ਰਚਨਾ ਸ੍ਰੇਸ਼ਠ ਬਣਾਉਂਦੀ ਹੋਵੇ। ਉਸ ਦੀਆਂ ਕਵਿਤਾਵਾਂ ਵਿਚ ਇਹ ਗੁਣ ਵਿਦਮਾਨ ਹਨ। ਉਸ ਦੀਆਂ ਕਵਿਤਾਵਾਂ ਵਿਚ ਵੱਖ ਵੱਖ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਅਹਿਸਾਸ ਤੇ ਵਿਸ਼ਵਾਸ ਦਾ ਇਕ ਐਸਾ ਪੁੱਲ ਹੈ ਜੋ ਦੋ ਰੂਹਾਂ ਨੂੰ ਇਕ ਮਿਕ ਕਰ ਕੇ ਰੱਖਦਾ ਹੈ। ਉਸ ਦੀ ਕਵਿਤਾ ਵਿਚ ਵਿਰੋਧ ਦੇ ਸਾਰੇ ਗੁਣਾਂ ਨੂੰ ਹਰ ਧਰਾਤਲ ਤੇ ਉਤਰਨ ਦਾ ਸਲੀਕਾ ਹੈ। ਦਰਸ਼ਨ ਬੁੱਟਰ ਦੀ ਕਵਿਤਾ ਦੇ ਅੰਦਰ ਇਕ ਮਨੁੱਖ ਦੇ ਵੱਖ-ਵੱਖ ਸਰੋਕਾਰਾਂ ਦਾ ਉਹ ਰੂਪ ਵਿਦਮਾਨ ਹੈ ਜਿਸ ਨੂੰ ਬਹੁਤੇ ਸ਼ਾਇਰ ਅਣਗੌਲਿਆ ਕਰ ਜਾਂਦੇ ਹਨ। ਬੁੱਟਰ ਦੀ ਵਿਲੱਖਣਤਾ ਇਹ ਵੀ ਹੈ ਕਿ ਉਹ ਸ਼ਬਦਾਂ ਦਾ ਖਿਲਾਰਾ ਨਹੀਂ ਪਾਉਂਦਾ ਸਗੋਂ ਜੀਵਨ ਵਿਚੋਂ ਚੁਣ-ਚੁਣ ਕੇ ਸ਼ਬਦ, ਅਲੰਕਾਰ, ਬਿੰਬ, ਪ੍ਰਤੀਕ, ਢੁੱਕਵੀਂ ਭਾਸ਼ਾ ਸ਼ੈਲੀ ਦੀ ਵਰਤੋਂ ਕਰਦਾ ਹੋਇਆ ਉਸ ਦੀ ਸਾਰਥਕਤਾ ਨੂੰ ਹੋਰ ਵੀ ਪਰਿਪਕ ਕਰਦਾ ਹੈ।

ਉਹ ਸੰਖੇਪ ਵਿਚ ਰਚੀਆਂ ਸਤਰਾਂ ਦੇ ਬਹੁ ਅਰਥਾਂ ਤੇ ਵੱਡੇ ਕੈਨਵਸ ਵਾਲੀਆਂ ਰਚਨਾਵਾਂ ਸਿਰਜਣ ਵਾਲਾ ਪੰਜਾਬੀ ਸ਼ਾਇਰੀ ਵਿਚ ਇਕ ਵੱਖਰੇ ਸ਼ਾਇਰ ਵਜੋਂ ਸਥਾਪਤ ਹੁੰਦਾ ਹੈ। ਉਹ ਸ਼ਬਦ ਚੋਣ, ਵਿਸ਼ੇ ਦਾ ਨਿਭਾਅ, ਸਾਰਥਕਤਾ, ਉਦੇਸ਼ ਤੇ ਕੁੱਝ ਪ੍ਰਸ਼ਨ ਪਾਠਕਾਂ ਦੇ ਮਨ ਵਿਚ ਪੇਸ਼ ਕਰਦਾ ਹੈ ਕਿ ਪਾਠਕ ਉਸ ਦੀਆਂ ਰਚਨਾਵਾਂ ਪੜ੍ਹ ਕੇ ਆਨੰਦਿਤ ਹੋਏ ਬਿਨਾਂ ਨਹੀਂ ਰਹਿ ਸਕਦੇ ਅਤੇ ਉਨ੍ਹਾਂ ਪ੍ਰਸ਼ਨਾਂ ਦੇ ਹੱਲ ਲਈ ਵਿਆਕੁਲ ਹੋ ਉੱਠਦੇ ਹਨ। ਪ੍ਰਸ਼ਨ-ਉੱਤਰ ਵਾਲੀ ਨਿਵੇਕਲੀ ਵਿਧੀ ਉਸ ਨੂੰ ਬਾਕੀ ਸ਼ਾਇਰਾਂ ਨਾਲੋਂ ਨਿਖੇੜਦੀ ਹੈ। ਮਹਾਂਕੰਬਣੀ ਕਾਵਿ ਸੰਗ੍ਰਹਿ ਰਾਹੀਂ ਜਿਗਿਆਸਾ ਤੇ ਗੁਰੂਦੇਵ ਪਾਤਰਾਂ ਦੇ ਸੰਵਾਦ ਵਿਚ ਪਹਿਲਾਂ ਪ੍ਰਸ਼ਨਾਂ ਖੜੇ ਕਰਦਾ ਹੈ ਤੇ ਫਿਰ ਉਨ੍ਹਾਂ ਦੇ ਜਵਾਬ ਵੀ ਦਈ ਜਾਂਦਾ ਹੈ।

ਦਰਸ਼ਨ ਬੁੱਟਰ ਸੇਚੇਤ ਰੂਪ ਵਿਚ ਇਸ ਪੂੰਜੀਵਾਦੀ ਵਰਤਾਰੇ ਦੇ ਕਾਰਨ ਮਨੁੱਖ ਦੀ ਖ਼ਤਮ ਹੋ ਰਹੀ ਹੋਂਦ ਨੂੰ ਵੀ ਕਵਿਤਾਵਾਂ ਰਾਹੀਂ ਰੂਪਮਾਨ ਕਰਦਾ ਹੈ। ਉਹ ਵਿਰਸੇ ਅਤੇ ਵਿਰਾਸਤ, ਮਿੱਥ ਅਤੇ ਇਤਿਹਾਸ ਰਾਹੀਂ ਆਧੁਨਿਕ ਜੀਵਨ ਨੂੰ ਅਤੀਤ ਵਰਤਮਾਨ ਤੇ ਭਵਿੱਖਮਈ ਯੋਜਨਾਵਾਂ ਨੂੰ ਉਲੀਕਦਾ ਹੈ। ਇਹੀ ਉਸ ਦਾ ਨਿਵੇਕਲਾਪਨ ਵਾਰ-ਵਾਰ ਉਸ ਦੀ ਸ਼ਾਇਰੀ ਵਿਚ ਉੱਘੜ ਕੇ ਆਉਂਦਾ ਹੈ। ਦਿਨ-ਬ-ਦਿਨ ਮਨੁੱਖ ਦੀ ਖੰਡਤ ਹੋ ਰਹੀ ਸੋਚ, ਬਿਖ਼ਰਦੀ ਮਾਨਸਿਕਤਾ, ਤਿੜਕਦੇ ਰਿਸ਼ਤੇ, ਪੀੜੀ ਪਾੜੇ ਦਾ ਵੱਧ ਰਿਹਾ ਵਰਤਾਰਾ ਅਤੇ ਵਿਸ਼ਵੀਕਰਨ ਦੇ ਵੱਧ ਰਹੇ ਹਮਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਵਸਤੂ ਬਣਾਉਂਦਾ ਹੈ। ਦਰਸ਼ਨ ਬੁੱਟਰ ਦੇ ਕਾਵਿ ਦਾ ਅਧਿਐਨ ਕਰਦਿਆਂ ਉਸ ਦੀ ਕਾਵਿ-ਸ਼ਾਸਤਰੀ ਚੇਤਨਾ, ਕਾਵਿ-ਰੂਪ, ਛੰਦ, ਅਲੰਕਾਰ, ਰਸ ਵਿਧਾਨ ਪ੍ਰਤੀਕ ਵਿਧਾਨ, ਬਿੰਬ ਵਿਧੀ, ਭਾਸ਼ਾ, ਸ਼ੇਲੀ, ਸੰਚਾਰ ਜੁਗਤਾਂ ਆਦਿ ਰਾਹੀਂ ਉਹ ਆਪਣੇ ਕਾਵਿ ਜਗਤ ਨੂੰ ਪਾਠਕਾਂ ਦੀ ਝੋਲੀ ਪਾਉਂਦਾ ਹੈ। ਜ਼ਿੰਦਗੀ ਦੀਆਂ ਬੇਸ਼ੁਮਾਰ ਰਮਜ਼ਾਂ ਦੇ ਨਕਾਬ ਉਤਾਰ ਕੇ ਸੱਚਾਈ ਨੂੰ ਰੂਪਮਾਨ ਕਰਨ ਦੇ ਆਹਰ ਵਿਚ ਯਥਾਰਥ ਦੀਆਂ ਤੈਹਾਂ ਤੱਕ ਉੱਤਰਨ ਦੀ ਸਮਰੱਥਾ ਉਸ ਦੀ ਸ਼ਾਇਰੀ ਵਿਚੋਂ ਉਜਾਗਰ ਹੁੰਦੀ ਹੈ। ਉਹ ਫਿਲਾਸਫ਼ਰਾਂ ਵਾਂਗ ਵਿਚਰਦਾ ਹੋਇਆ ਜ਼ਿੰਦਗੀ ਦੇ ਹਰ ਪੱਖ ਨੂੰ ਗਹਿਰ-ਗੰਭੀਰ ਦ੍ਰਿਸ਼ਟੀ ਨਾਲ

ਘੋਖਦਾ ਹੈ ਤੇ ਕਲਪਨਾ, ਭਾਵਾਂ ਦੇ ਸੁਮੇਲ ਰਾਹੀਂ ਆਪਣੇ ਵਿਚਾਰਾਂ ਨੂੰ ਅਭਿਵਿਅਕਤ ਕਰਦਾ ਹੋਇਆ ਆਪਣੀ ਕ੍ਰਿਤ ਨੂੰ ਵਧੇਰੇ ਸੁਹਜਾਤਮਕ ਬਣਾਉਂਦਾ ਹੈ।

ਦਰਸ਼ਨ ਬੁੱਟਰ ਆਪਣੀ ਫ਼ਿਲਾਸਫ਼ੀ, ਸੂਝ ਤੇ ਕਾਵਿ ਯੋਗਤਾ ਨੂੰ ਵਿਸਥਾਰਥਾ ਹੋਇਆ ਆਪਣੀ ਕਵਿਤਾ ਦੇ ਰੂਪ ਸੰਚਾਰ ਪ੍ਰਤੀ ਚੇਤੰਨ ਨਜ਼ਰ ਆਉਂਦਾ ਹੈ। ਵਿਸ਼ੇ ਅਤੇ ਤਕਨੀਕ ਦੋਹਾਂ ਵਿਧੀਆਂ ਰਾਹੀਂ ਕਾਵਿ ਵਿਚ ਸੌਂਦਰਯ ਪ੍ਰਾਪਤੀ ਲਈ ਉਹ ਹਰ ਤਰ੍ਹਾਂ ਦੇ ਯਤਨ ਕਰਦਾ ਹੋਇਆ ਇਸ ਨੂੰ ਆਦਰਸ਼ਵਾਦ ਦੇ ਕਾਵਿਕ ਤਰਕ ਰਾਹੀਂ ਨੈਤਿਕ ਕਦਰਾਂ ਕੀਮਤਾਂ ਵਿਚੋਂ ਪਰਿਭਾਸ਼ਿਤ ਕਰਦਾ ਨਜ਼ਰ ਆਉਂਦਾ ਹੈ।

ਆਪਣੇ ਹੱਥਲੇ ਖੋਜ ਕਾਰਜ ਦੌਰਾਨ ਦਰਸ਼ਨ ਬੁੱਟਰ ਦੇ ਕਾਵਿ ਜਗਤ ਵਿਚੋਂ ਜਿਹੜੀਆਂ ਸਥਾਪਨਾਵਾਂ ਮੇਰੇ ਅਧਿਐਨ ਵਿਚ ਉਭਰੀਆਂ ਹਨ ਉਹ ਇਹ ਹਨ ਕਿ ਦਰਸ਼ਨ ਬੁੱਟਰ ਦੇ ਕਾਵਿ ਜਗਤ ਬਾਰੇ ਭਾਵੇਂ ਵੱਖ-ਵੱਖ ਕਾਵਿ ਸੰਗ੍ਰਹਿਆਂ ਤੇ ਖੋਜ ਨਿਬੰਧ ਲਿਖੇ ਗਏ ਹਨ ਪਰ ਮੇਰੇ ਇਸ ਖੋਜ ਨਿਬੰਧ ਦਾ ਹੋਰਾਂ ਨਾਲੋਂ ਨਿਵੇਕਲਾਪਨ ਇਹ ਹੈ ਕਿ ਦਰਸ਼ਨ ਬੁੱਟਰ ਦੇ ਤਿੰਨ ਕਾਵਿ ਸੰਗ੍ਰਹਿ ਖੜਾਵਾਂ, ਦਰਦ ਮਜੀਠੀ, ਮਹਾਂਕੰਬਣੀ ਨੂੰ ਇਕੱਠਿਆਂ ਅਧਿਐਨ ਕਰਨ ਦਾ ਮੇਰਾ ਇਹ ਨਿਗੂਣਾ ਜਿਹਾ ਯਤਨ ਹੈ ਤੇ ਇਨ੍ਹਾਂ ਤਿੰਨ ਕਾਵਿ ਸੰਗ੍ਰਹਿਆਂ ਦੇ ਸਮਾਂਨਾਂਤਰ ਸਰੋਕਾਰਾਂ ਨੂੰ ਅਧਿਐਨ ਦਾ ਹਿੱਸਾ ਬਣਾਇਆ ਹੈ ਤਾਂ ਜੋ ਪੜ੍ਹਨ ਵਾਲੇ ਨੂੰ ਇਕ ਹੀ ਖੋਜ-ਪ੍ਰਬੰਧ ਵਿਚ ਤਿੰਨ ਕਾਵਿ-ਸੰਗ੍ਰਹਿਆਂ ਦਾ ਸੁਮੇਲ ਪ੍ਰਾਪਤ ਹੋ ਜਾਵੇ।

ਦਰਸ਼ਨ ਬੁੱਟਰ ਆਪਣੇ ਵਿਚਾਰਾਂ ਨੂੰ ਸ਼ਬਦ ਜਾਲ ਤੋਂ ਮੁਕਤ ਕਰਵਾਉਂਦਾ ਹੋਇਆ ਬਹੁਤ ਦਲੇਰੀ, ਬੇਬਾਕੀ ਤੇ ਠੋਸਤਾ ਨਾਲ ਪੇਸ਼ ਕਰਨ ਵਿਚ ਸਫ਼ਲ ਹੈ। ਉਹ ਆਪਣੇ ਕਾਵਿ ਸੰਸਾਰ ਰਾਹੀਂ ਨਵੀਂ ਕਵਿਤਾ ਦੇ ਉਨ੍ਹਾਂ ਮੋਹਰਲੇ ਕਵੀਆਂ ਵਿਚੋਂ ਇਕ ਹੈ ਜਿਨ੍ਹਾਂ ਨੇ ਕਵਿਤਾ ਨੂੰ ਜ਼ਿੰਦਗੀ ਦਾ ਹਥਿਆਰ ਬਣਾ ਕੇ ਅਜੋਕੇ ਵਰਤਾਰਿਆਂ ਵਿਰੁੱਧ ਸੰਘਰਸ਼ ਨੂੰ ਅਗਾਂਹ ਤੋਰਿਆ ਹੈ। ਅਸੀਂ ਇਹ ਗੱਲ ਸਪੱਸ਼ਟ ਰੂਪ ਵਿਚ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਪੰਜਾਬੀ ਸ਼ਾਇਰੀ ਦਾ ਅਜਿਹਾ ਨਿਵੇਕਲਾ ਹਸਤਾਖ਼ਰ ਹੈ ਜਿਸ ਤੋਂ ਪੰਜਾਬੀ ਕਾਵਿ ਸਾਹਿਤ ਨੂੰ ਹੋਰ ਬਹੁਤ ਸਾਰੀਆਂ ਉਮੀਦਾਂ ਹਨ।

# ਪੁਸਤਕ ਸੂਚੀ


ਅਰਵਿੰਦਰ ਕੌਰ (ਡਾ.), ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2010

ਇਲੀਅਟ, ਟੀ. ਐਸ., ਆਨ ਪੋਇਟਰੀ ਐਂਡ ਪੋਰਿਟਸ, ਲੰਡਨ, ਫੇਬਰ, 1969

ਸੁਖਦੇਵ ਸਿੰਘ, ਪੰਜਾਬੀ ਕਵਿਤਾ: ਪੁਨਰ ਸੰਵਾਦ, ਚੰਡੀਗੜ, ਲੋਕਗੀਤ ਪ੍ਰਕਾਸ਼ਨ, 1999

ਸੁਰਜੀਤ ਸਿੰਘ, ਦਰਸ਼ਨ ਬੁੱਟਰ ਦਾ ਕਾਵਿ ਸੰਸਾਰ, ਨਾਭਾ, ਅਮਨ ਪਬਲੀਕੇਸ਼ਨਜ਼, 2003

ਸਤਿੰਦਰ ਸਿੰਘ ਤੇ ਦੀਪਕ ਮਨਮੋਹਨ (ਡਾ.), ਆਲੋਚਕ ਆਖਦੇ ਨੇ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2011

ਸਿੰਗਲ, ਧਰਮਪਾਲ (ਡਾ.), ਪੰਜਾਬੀ ਕਵਿਤਾ ਦਾ ਵਿਕਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਜੂਨ 1970

ਸ਼ਰਮਾ, ਜੀ. ਐਲ, ਕਵਿਤਾ ਤਤ ਤੇ ਰੂਪ, ਅੰਮ੍ਰਿਤਸਰ, ਏਕਤਾ ਪ੍ਰਕਾਸ਼ਨ, ਮਿਤੀ ਰਹਿਤ

ਹੁੰਦਲ, ਹਰਪ੍ਰੀਤ ਸਿੰਘ, ਪੰਜਾਬ ਸੰਕਟ ਤੇ ਪੰਜਾਬੀ ਕਵਿਤਾ, ਦਿੱਲੀ, ਮਨਪ੍ਰੀਤ ਪ੍ਰਕਾਸ਼ਨ, ਜਨਵਰੀ 2000

ਹੁੰਦਲ, ਹਰਿਭਜਨ ਸਿੰਘ, ਮੇਰੇ ਸਮਕਾਲੀ ਕਵੀ, ਦਿੱਲੀ, ਮਨਪ੍ਰੀਤ ਪ੍ਰਕਾਸ਼ਨ, ਜਨਵਰੀ 2000

ਹਰਵਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਕਵਿਤਾ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2011

ਹਰਵਿੰਦਰ ਸਿੰਘ (ਡਾ.), ਪ੍ਰਗਤੀਵਾਦੀ ਕਾਵਿ ਚਿੰਤਨ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ, 2011

ਕਾਂਗ, ਮਨਿੰਦਰ ਸਿੰਘ, ਆਧੁਨਿਕ ਪੰਜਾਬੀ ਕਵਿਤਾ ਇਕ ਸੰਵਾਦ, ਅੰਮ੍ਰਿਤਸਰ, ਨਾਨਕ ਸਿੰਘ ਪੁਸਤਕਮਾਲਾ, ਮਈ, 1989

ਕਲਪਨਾ, ਕੁਲਦੀਪ, ਕਵੀ ਤੇ ਕਾਵਿ ਸਿਧਾਂਤ, ਅੰਮ੍ਰਿਤਸਰ, ਰਵੀ ਸਾਹਿਤ ਪ੍ਰਕਾਸ਼ਨ, ਸਤੰਬਰ, 1989

ਕਿਸ਼ਨ ਸਿੰਘ (ਪ੍ਰੋ.), ਸਾਹਿਤ ਸੰਵਾਦ ਤੇ ਸਰੋਕਾਰ, ਸੰਗਰੂਰ, ਔਰਬਿਟ ਪਬਲੀਕੇਸ਼ਨਜ਼, 2013

ਕੋਹਲੀ, ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਦਾ ਇਤਿਹਾਸ, ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਉਰੋ, 1973

ਗੁਰਇਕਬਾਲ ਸਿੰਘ, ਪੰਜਾਬੀ ਕਵਿਤਾ: ਨਵੇਂ ਪਰਿਪੇਖ ਤੇ ਪਾਸਾਰ, ਲੁਧਿਆਣਾ, ਚੇਤਨਾ ਪ੍ਰਕਾਸ਼ਨ, ਜਨਵਰੀ 2000

ਜਗਵੀਰ ਸਿੰਘ (ਡਾ.), ਪਰਵਾਸੀ ਪੰਜਾਬੀ ਕਵਿਤਾ: ਸੰਦਰਭ ਤੇ ਸਰੋਕਾਰ, ਮੁੱਖ ਸੰਪਾਦਕ ਅੰਮ੍ਰਿਤਪਾਲ ਕੌਰ (ਡਾ.), ਪਟਿਆਲਾ, ਪਬਲੀਕੇਸ਼ਨਜ਼ ਬਿਊਰੋ, ਪੰਜਾਬੀ ਯੂਨੀਵਰਸਿਟੀ, 2005

ਜਸਵਿੰਦਰ ਸਿੰਘ ਤੇ ਢੀਂਡਸਾ, ਮਾਨ ਸਿੰਘ, ਨਵੇਂ ਕਾਵਿ ਸਿਤਾਰੇ, ਨਵੀਂ ਦਿੱਲੀ, ਸਾਹਿਤ ਅਕਾਦਮੀ, 2003

ਜਸਵਿੰਦਰ ਸਿੰਘ (ਡਾ.), ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ, ਲੁਧਿਆਣਾ ਚੇਤਨਾ ਪ੍ਰਕਾਸ਼ਨ, 2000

ਤਸਕੀਨ, ਆਧੁਨਿਕ ਸਰੋਕਾਰ ਤੇ ਨਵਤੇਜ ਦੀ ਕਵਿਤਾ, ਸੱਤਾ ਦਾ ਪ੍ਰਵਚਨ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2012

ਦੀਵਾਨਾ, ਮੋਹਨ ਸਿੰਘ, ਆਧੁਨਿਕ ਪੰਜਾਬੀ ਕਵਿਤਾ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1941

ਧੀਰ, ਕੁਲਦੀਪ ਸਿੰਘ (ਡਾ.), ਰੂਸੀ ਰੂਪਵਾਦ, ਖੋਜ ਪੱਤ੍ਰਿਕਾ, ਮੁੱਖ ਸੰਪਾਦਕ ਰਤਨ ਸਿੰਘ ਜੱਗੀ, ਅੰਕ-32, ਪਟਿਆਲਾ, ਪਬਲੀਕੇਸ਼ਨਜ਼ ਬਿਊਰੋ, ਪੰਜਾਬੀ ਯੂਨੀਵਰਸਿਟੀ, ਸਤੰਬਰ 1988

ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਦਿੱਲੀ, ਪੰਜਾਬੀ ਅਕਾਦਮੀ, ਪਹਿਲਾ ਐਡੀਸ਼ਨ 2004

ਧਨਵੰਤ ਕੌਰ (ਡਾ.), ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ: ਸਮਕਾਲ ਅਤੇ ਭਵਿੱਖ ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 2010

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.), ਭਾਰਤੀ ਕਾਵਿ ਸ਼ਾਸਤਰ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1970

ਨਾਭਾ, ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਜਿਲਦ ਤੀਜੀ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 2011

ਨੂਰ, ਸੁਤਿੰਦਰ ਸਿੰਘ, ਕਵਿਤਾ ਦੀ ਭੂਮਿਕਾ, ਦਿੱਲੀ, ਸ਼ਿਲਾਲੇਖ ਬੁਕਸ, 2002

ਨੂਰ, ਸੁਤਿੰਦਰ ਸਿੰਘ, ਆਧੁਨਿਕ ਪੰਜਾਬੀ ਕਾਵਿ: ਸਿਧਾਂਤਕ ਪਰਿਪੇਖ, ਦਿੱਲੀ, ਆਰਸੀ ਪਬਲਿਸ਼ਰਜ਼, 1991

ਨੂਰ, ਸੁਤਿੰਦਰ ਸਿੰਘ ਤੇ ਵਨੀਤਾ, ਪਾਤਰ ਦੀ ਕਵਿਤਾ ਦਾ ਸੰਵਾਦ, ਦਿੱਲੀ, ਪੰਜਾਬੀ ਅਕਾਦਮੀ, 1998

ਪਿਆਰ ਸਿੰਘ (ਡਾ.), ਖੋਜ ਸਿਧਾਂਤ ਤੇ ਵਿਵਹਾਰ ਪਟਿਆਲਾ, ਪਬਲੀਕੇਸ਼ਨਜ਼ ਬਿਊਰੋ, ਪੰਜਾਬੀ ਯੂਨੀਵਰਸਿਟੀ, 1987

ਪੂਰਨ ਸਿੰਘ (ਪ੍ਰੋ.), ਪੂਰਬੀ ਕਵਿਤਾ ਦੀ ਆਤਮਾ, ਪੰਜਾਬ, ਭਾਸ਼ਾ ਵਿਭਾਗ, 1990

ਪਿਆਰ ਸਿੰਘ (ਪ੍ਰੋ.), ਪੰਜਾਬੀ ਕਵਿਤਾ ਪਰੰਪਰਾ ਤੇ ਵਿਕਾਸ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਮਿਤੀ ਰਹਿਤ

ਪ੍ਰੇਮ ਪ੍ਰਕਾਸ਼ ਸਿੰਘ (ਡਾ.), ਕਾਵਿ ਦੇ ਤੱਤ, ਲੁਧਿਆਣਾ, ਲਾਹੌਰ ਬੁੱਕ ਸ਼ਾਪ, 1970

ਪ੍ਰੀਤਮ, ਅੰਮ੍ਰਿਤਾ, ਜਿਊਂਦਾ ਜੀਵਨ, ਲੁਧਿਆਣਾ, ਲਾਹੌਰ ਬੁੱਕ ਸ਼ਾਪ, ਦੂਸਰੀ ਵਾਰ 1941

ਬ੍ਰਹਮਜਗਦੀਸ਼ ਸਿੰਘ (ਪ੍ਰੋ.), ਰਾਜਬੀਰ ਕੌਰ (ਪ੍ਰੋ.), ਪੰਜਾਬੀ ਸਾਹਿਤ ਦਾ ਇਤਿਹਾਸ, ਅੰਮ੍ਰਿਤਸਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, 2011

ਬਲਜੀਤ ਕੌਰ (ਡਾ.), ਵੀਹਵੀਂ ਸਦੀ ਦੀ ਪੰਜਾਬੀ ਕਵਿਤਾ: ਸਰੂਪ ਅਤੇ ਵਿਕਾਸ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2007

ਬਰਾੜ, ਰਾਜਿੰਦਰਪਾਲ ਸਿੰਘ (ਡਾ.), ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਸਰਹਿੰਦ, ਲੋਕਗੀਤ ਪ੍ਰਕਾਸ਼ਨ, 1991

ਬੁੱਟਰ, ਦਰਸ਼ਨ ਸਿੰਘ, ਔੜ ਦੇ ਬੱਦਲ, ਪਟਿਆਲਾ, ਡੈਫੋਡਿਲਜ਼ ਪ੍ਰਿੰਟਰਜ਼, 1984

ਬੁੱਟਰ, ਦਰਸ਼ਨ ਸਿੰਘ, ਸਲ੍ਹਾਬੀ ਹਵਾ, ਨਾਭਾ, ਅਮਨ ਪਬਲੀਕੇਸ਼ਨ, 1994

ਬੁੱਟਰ, ਦਰਸ਼ਨ ਸਿੰਘ, ਸ਼ਬਦ ਸ਼ਹਿਰ ਤੇ ਰੇਤ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 1996

ਬੁੱਟਰ, ਦਰਸ਼ਨ ਸਿੰਘ, ਖੜਾਵਾਂ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2001

ਬੁੱਟਰ, ਦਰਸ਼ਨ ਸਿੰਘ, ਦਰਦ ਮਜੀਠੀ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2006

ਬੁੱਟਰ, ਦਰਸ਼ਨ ਸਿੰਘ, ਮਹਾਂਕੰਬਣੀ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2009

ਭੱਟੀ, ਰਾਜਿੰਦਰ ਸਿੰਘ (ਡਾ.), ਆਧੁਨਿਕ ਪੰਜਾਬੀ ਕਵਿਤਾ ਦੀ ਸੁਰਤ ਸੰਵੇਦਨਾ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 2006

ਯੋਗਰਾਜ (ਡਾ.), ਪੰਜਾਬੀ ਕਵਿਤਾ ਉੱਤਰ ਪੰਜਾਬ ਸੰਕਟ, ਲੁਧਿਆਣਾ, ਚੇਤਨਾ ਪ੍ਰਕਾਸ਼ਨ, 2012

ਰਵੀ, ਰਵਿੰਦਰ ਸਿੰਘ (ਡਾ.), ਰਵੀ ਚੇਤਨਾ, ਪਟਿਆਲਾ, ਯਾਦਗਾਰੀ ਮੰਚ ਰਵੀ ਮੈਮੋਰੀਅਲ ਟਰੱਸਟ, 1991

ਦਿ ਨਿਊ ਇਨਸਾਈਕਲੋਪੀਡੀਆ ਬ੍ਰਿਟੈਨਿਕਾ, ਵੋਲਿਯਮ-1, ਸ਼ਿਕਾਗੋ, ਦਿ ਯੂਨੀਵਰਸਿਟੀ ਆਫ ਸ਼ਿਕਾਗੋ, 1991

## ਪੰਜਾਬੀ ਰਸਾਲੇ

(ਸੰਪਾ.) ਅਮਰਜੀਤ ਸਿੰਘ 'ਅਕਸ', ਦਿੱਲੀ, ਜੁਲਾਈ ਸਤੰਬਰ 2009

(ਸੰਪਾ.) ਦਰਸ਼ਨ ਢਿੱਲੋਂ 'ਚਰਚਾ', ਸਲੋਹ (ਇੰਗਲੈਂਡ), ਜੁਲਾਈ ਸਤੰਬਰ 2009

(ਸੰਪਾ.) ਅਮਰਜੀਤ ਸਿੰਘ ਕੌਂਕੇ 'ਪ੍ਰਤਿਮਾਨ', ਪਟਿਆਲਾ, ਜੁਲਾਈ ਸਤੰਬਰ 2009

(ਸੰਪਾ.) ਹਰਭਜਨ ਸਿੰਘ ਹੁੰਦਲ 'ਚਿਰਾਗ', ਕਪੂਰਥਲਾ, ਜੁਲਾਈ ਸਤੰਬਰ 2009

(ਮੁੱਖ ਸੰਪਾ.) ਅਵਤਾਰ 'ਹੁਣ', ਚੰਡੀਗੜ, ਸਤੰਬਰ ਦਸੰਬਰ 2009

(ਸੰਪਾ.) ਪ੍ਰਮਿੰਦਰਜੀਤ 'ਅੱਖਰ', ਅੰਮ੍ਰਿਤਸਰ, ਦਸੰਬਰ 2009

## ਅਖ਼ਬਾਰਾਂ

ਅਜੀਤ, ਜਲੰਧਰ, 22 ਅਕਤੂਬਰ 2009

ਜਗਬਾਣੀ, ਜਲੰਧਰ, 20 ਸਤੰਬਰ 2009

ਪੰਜਾਬੀ ਟ੍ਰਿਬਿਊਨ, ਚੰਡੀਗੜ, 12 ਜੁਲਾਈ 2009

ਨਵਾਂ ਜ਼ਮਾਨਾ, ਜਲੰਧਰ, 5 ਜੁਲਾਈ 2009

ਪੰਜਾਬੀ ਟਾਈਮਜ਼, ਵੈਨਕੂਵਰ (ਸਰੀ) ਕੈਨੇਡਾ, 25 ਜੁਲਾਈ 2009